Digitized by Arya Samaj Foundation Chennai and eGangotri



ਨਾਰੀ-ਬਿੰਬ ਤੇ ਸ੍ਵੈ-ਜੀਵਨੀ ਸਾਹਿਤ

ਕੁਲਵੰਤ ਕੌਰ ਲਾਂਬਾ

CC-0. In Public D... Kangri Collection, Haridwar

Digitized by Arya Samaj Foundation Chennai and eGangotri

लय, हरिद्वार
निशान आदि

CC-0. In Public Domain. Gurukul Kangri Collection, Haridwar

6637
Digitized by Arya Samaj Foundation Chennai and eGangotri

पुस्तकालय
गुरुकुल कांगड़ी विश्वविद्यालय, हरिद्वार

वर्ग संख्या......... आगत संख्या...............

पुस्तक—वितरण की तिथि नीचे अंकित है। इस तिथि सहित २० वें दिन तक यह पुस्तक पुस्तकालय में वापिस आ जानी चाहिए। अन्यथा १० पैसे के हिसाब से विलम्ब—दण्ड लगेगा।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

6637

ਨਾਰੀ-ਬਿੰਬ
ਤੇ
ਸ੍ਵੈ-ਜੀਵਨੀ ਸਾਹਿਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਸਤਕ ਮਿਲਣ ਦਾ ਪਤਾ :

ਆਰਸੀ ਪਬਲਿਸ਼ਰਜ਼
ਚਾਂਦਨੀ ਚੌਕ, ਦਿੱਲੀ-110006

ਪੰਜਾਬੀ ਪ੍ਰਕਾਸ਼ਕ
ਜੇ-6/85, ਰਾਜੌਰੀ ਗਾਰਡਨ,
ਨਵੀਂ ਦਿੱਲੀ-110027

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

6637

ਨਾਰੀ-ਬਿੰਬ

ਤੇ

ਸ੍ਵੈ-ਜੀਵਨੀ ਸਾਹਿਤ

DONATION

पुस्तकालय
गुरुकुल कांगड़ी विश्वविद्यालय

ਮਿਸਿਜ਼ ਕੁਲਵੰਤ ਕੌਰ ਲਾਂਬਾ

Forwarded free of cost, and with the compliments of the Department of Education, Government of India, New Delhi.

ਪ੍ਰਕਾਸ਼ਕ :

ਪ੍ਰਿੰਸ ਸਾਹਿਤ ਪ੍ਰਕਾਸ਼ਨ, ਦਿੱਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

NARI-BIMB TE SWAE-JEEVANI SAHIT
(A Critical study of Auto-biographies)
by Mrs. Kulwant Kaur Lamba

©
1988

ਪ੍ਰਕਾਸ਼ਕ :
ਪ੍ਰਿੰਸ ਸਾਹਿਤ ਪ੍ਰਕਾਸ਼ਨ,
ਦਿੱਲੀ

ਛਾਪਕ :
ਜਨਤਕ ਪ੍ਰੈਸ,
159, ਲਾਜਪਤ ਰਾਇ ਮਾਰਕੀਟ,
ਚਾਂਦਨੀ ਚੌਕ, ਦਿੱਲੀ-110006

ਰੂਪਾਕਾਰ : ਸ੍ਰ: ਹਰਬੰਸ ਸਿੰਘ

ਮੁੱਲ : 50 ਰੁਪਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਰਪਣ :

ਆਪਣੀ

ਮਾਤਾ

ਸ੍ਵਰਗਵਾਸੀ ਜੀਤ ਕੌਰ ਜੀ

ਦੀ ਯਾਦ

ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਖਬੰਦ : ਪ੍ਰੋ. ਤਰਲੋਕ ਸਿੰਘ ਕੰਵਰ 7

ਭੂਮਿਕਾ 9

1. ਸਵੈ-ਜੀਵਨੀ : ਪ੍ਰਕਿਰਤੀ ਤੇ ਪ੍ਰਯੋਜਨ 13

2. 'ਰਸੀਦੀ ਟਿਕਟ' : ਪਾਠ-ਕੇਂਦਰਿਤ ਵਿਸ਼ਲੇਸ਼ਣ 30

3. 'ਨੰਗੇ ਪੈਰਾਂ ਦਾ ਸਫ਼ਰ' : ਪਾਠ-ਕੇਂਦਰਿਤ ਵਿਸ਼ਲੇਸ਼ਣ 46

4. 'ਖਾਨਾ ਬਦੋਸ਼' : ਪਾਠ ਕੇਂਦਰਿਤ ਵਿਸ਼ਲੇਸ਼ਣ 56

5. ਤਿੰਨ ਸਵੈ-ਜੀਵਨੀਆਂ ਦਾ ਤੁਲਨਾਤਮਕ ਅਧਿਐਨ 73

ਪੁਸਤਕ ਸੂਚੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਖਬੰਦ

ਹੱਥਲੀ ਪੁਸਤਕ 'ਨਾਰੀ-ਬਿੰਬ ਤੇ ਸ੍ਵੈ-ਜੀਵਨੀ ਸਾਹਿਤ' ਮਿਸਿਜ਼ ਕੁਲਵੰਤ ਕੌਰ ਦੀ ਪਹਿਲੀ ਸਮੀਖਿਆ-ਪੁਸਤਕ ਹੈ। ਇਹ ਪੁਸਤਕ ਲੇਖਕਾ ਦੇ ਲਗਭਗ 2 ਸਾਲਾਂ ਦੇ ਨਿੱਠ ਕੇ ਕੀਤੇ ਅਧਿਐਨ ਦਾ ਨਤੀਜਾ ਹੈ। ਪੁਸਤਕ ਦੇ ਪਾਠ ਤੋਂ ਇਸ ਦੇ ਵਿਸ਼ੈ ਸਾਮੱਗਰੀ ਸੰਬੰਧੀ ਜੋ ਸੂਚਨਾ ਮਿਲਦੀ ਹੈ, ਉਹ ਸ੍ਵੈ-ਜੀਵਨੀ ਦੀ ਸਿਧਾਂਤਕ ਪਰਿਭੂਮਿਕਾ ਦੇ ਆਧਾਰ ਉਤੇ ਸਮਕਾਲੀ ਪੰਜਾਬ ਦੀਆਂ ਤਿੰਨ ਪ੍ਰਸਿੱਧ ਅਤੇ ਅਤਿਅੰਤ ਚਰਚਿਤ ਇਸਤ੍ਰੀ ਲੇਖਕਾਵਾਂ ਦੀਆਂ ਰਚੀਆਂ ਸ੍ਵੈ-ਜੀਵਨੀਆਂ ਦਾ ਅਧਿਐਨ ਹੈ। ਇਹ ਜੀਵਨੀਆਂ ਅੰਮ੍ਰਿਤਾ-ਰਚਿਤ 'ਰਸੀਦੀ ਟਿਕਟ', ਅਜੀਤ ਕੌਰ ਰਚਿਤ 'ਖ਼ਾਨਾਬਦੋਸ਼' ਤੇ ਦਲੀਪ ਕੌਰ ਟਿਵਾਣਾ ਰਚਿਤ 'ਨੰਗੇ ਪੈਰਾਂ ਦਾ ਸਫ਼ਰ' ਹਨ। ਮਿਸਿਜ਼ ਕੁਲਵੰਤ ਕੌਰ ਨੇ ਇਨ੍ਹਾਂ ਸ੍ਵੈ-ਜੀਵਨੀਆਂ ਦਾ ਘੋਖਵਾਂ ਅਧਿਐਨ ਕਰਦਿਆਂ ਇਨ੍ਹਾਂ ਵਿਚੋਂ ਜੋ ਸਮਸਿਆਗਤ ਧਾਰਨਾ ਬਣਾਈ ਹੈ, ਉਹ ਮਰਯਾਦਾ ਆਧਾਰੀ ਸਮਾਜ ਤੇ ਮਰਯਾਦਾ ਬਾਹਰੀ ਪ੍ਰਾਹਨ ਦੇ ਅੰਤਰਗਤ ਨਾਰੀ-ਜੀਵਨ ਨੂੰ ਸਥਿਤ ਕਰਨ ਦੀ ਹੈ। ਸ੍ਵੈ-ਜੀਵਨੀ ਦੀਆਂ ਲੇਖਕਾਵਾਂ ਤਾਂ ਆਪੋ ਆਪਣੀ ਕਿਸਮ ਦੀ ਆਜ਼ਾਦੀ ਦੀ ਭਾਵਨਾ ਦੇ ਅਧੀਨ ਪ੍ਰਾਹਿਤ ਜੀਵਨ ਜੀਉਣ ਵਲ ਵੱਧਦੀਆਂ ਹਨ ਅਤੇ ਪ੍ਰਾਹਨ ਨੂੰ ਆਜ਼ਾਦੀ ਸਮਝਦਿਆਂ ਇਸ ਬਿੰਦੂ ਤੋਂ ਸਮਾਜਕ ਮਰਯਾਦਾ ਦੇ ਹਰ ਪ੍ਰਤਿਮਾਨ ਉਪਰ ਕਰੜੀ ਟਿੱਪਣੀ ਦੇਂਦਿਆਂ ਇਸ ਨੂੰ ਦਕੀਆ ਨੂਸੀ ਜੀਵਨ-ਮੁਦਰਾ ਕਰਾਰ ਦੇਂਦੀਆਂ ਹਨ। ਸਮਾਜ-ਸ਼ਾਸਤਰੀ ਦ੍ਰਿਸ਼ਟੀ ਤੋਂ ਲੇਖਕਾਵਾਂ ਦੀ ਇਹ ਦਿਸ਼ਾ ਸੰਦਿਗਦ ਹੈ। ਮਿਸਿਜ਼ ਕੁਲਵੰਤ ਕੌਰ ਵੀ ਆਪਣੀ ਮੈਟਾ-ਟਿੱਪਣੀ ਦੇ ਅਧੀਨ ਇਨ੍ਹਾਂ ਦਾ ਅਧਿਐਨ ਕਰਦੀ ਕਰਦੀ ਇਸੇ ਹੀ ਨਤੀਜੇ ਉਤੇ ਪੁੱਜਦੀ ਹੈ।

ਇਸ ਤੋਂ ਉਪਰੰਤ ਇਸ ਪੁਸਤਕ ਵਿਚ ਸ੍ਵੈ-ਜੀਵਨੀ ਨੂੰ ਇਕ ਖੁਲ੍ਹੇ ਡੁਲ੍ਹੇ ਸਿਧਾਂਤਕ ਆਧਾਰ ਉਤੇ ਗ੍ਰਹਿਣ ਕਰਨ ਦਾ ਯਤਨ ਵੀ ਇਕ ਮੁਲਵਾਨ ਪ੍ਰਾਪਤੀ ਹੈ।

ਇਸ ਤੋਂ ਉਪਰੰਤ ਸਾਰੀ ਪੁਸਤਕ ਵਿਚ ਵਿਦਵਾਨ ਲੇਖਕਾ ਨੇ ਆਪਣਾ ਧਿਆਨ ਉਪਰੋਕਤ ਸ੍ਵੈ-ਜੀਵਨੀਆਂ ਵਿਚੋਂ ਉਭਰਦੇ ਨਾਰੀ-ਬਿੰਬ ਉਪਰ ਟਿਕਾਈ ਰਖਿਆ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਇਸ ਦੇ ਇਰਦ ਗਿਰਦ ਕਈ ਪ੍ਰਕਾਰ ਦੀਆਂ ਖਿਲਰੀਆਂ ਸਮੱਸਿਆਵਾਂ ਨੂੰ ਵਿਚਾਰਿਆ ਹੈ । ਲੇਖਿਕਾ ਦਾ ਇਹ ਯਤਨ ਸਲਾਹੁਣਯੋਗ ਹੈ ਅਤੇ ਮੈਨੂੰ ਇਸ ਪੁਸਤਕ ਦੇ ਪਰਿਚੈ ਵਜੋਂ ਇਹ ਸ਼ਬਦ ਲਿਖ ਕੇ ਦਿਲੋਂ ਖੁਸ਼ੀ ਮਹਿਸੂਸ ਹੋ ਰਹੀ ਹੈ ।

ਮਿਤੀ 24 ਜੂਨ, 1988

—ਤਰਲੋਕ ਸਿੰਘ ਕੰਵਰ (ਡਾ.)
ਪ੍ਰੋਫੈਸਰ ਤੇ ਮੁੱਖੀ
ਪੰਜਾਬੀ ਵਿਭਾਗ
ਦਿੱਲੀ ਯੂਨੀਵਰਸਿਟੀ, ਦਿੱਲੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੂਮਿਕਾ

ਹੱਥਲੇ ਸ਼ੋਧ-ਕਾਰਜ ਵਿਚ ਅਸੀਂ ਪੰਜਾਬੀ ਦੀਆਂ ਤਿੰਨ ਸਵੈ-ਜੀਵਨੀਆਂ ਦਾ ਤੁਲਨਾਤਮਕ ਅਧਿਐਨ ਕਰਨ ਦੀ ਯੋਜਨਾ ਬਣਾਈ ਹੈ । ਇਹ ਸਵੈ-ਜੀਵਨੀਆਂ ਹਨ : 'ਰਸੀਦੀ ਟਿਕਟ', ਨੰਗੇ ਪੈਰਾਂ ਦਾ ਸਫ਼ਰ' ਤੇ 'ਖ਼ਾਨਾਬਦੋਸ਼' । ਇਨ੍ਹਾਂ ਸਵੈ-ਜੀਵਨੀਆਂ ਦੀ ਰਚਨਾ ਕ੍ਰਮਵਾਰ ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ ਤੇ ਅਜੀਤ ਕੌਰ ਆਦਿ ਪੰਜਾਬੀ ਦੀਆਂ ਬਹੁ-ਚਰਚਿਤ ਗਲਪ-ਲੇਖਿਕਾਵਾਂ ਦੁਆਰਾ ਕੀਤੀ ਗਈ ਹੈ । ਸੁਆਲ ਉਠਦਾ ਹੈ ਕਿ ਇਨ੍ਹਾਂ ਤਿੰਨਾਂ ਸਵੈ-ਜੀਵਨੀਆਂ ਦੀ ਚੋਣ ਦਾ ਸਾਡੇ ਕੋਲ ਠੋਸ ਅਧਾਰ ਕੀ ਹੈ ? ਕੀ ਇਹ ਪੰਜਾਬੀ ਦੀਆਂ ਸਰਵੋਤਮ ਜਾਂ ਚੋਣਵੀਆਂ ਸਵੈ-ਜੀਵਨੀਆਂ ਹਨ ? ਇਨ੍ਹਾਂ ਸੁਆਲਾਂ ਦੇ ਜੁਆਬ ਵਿਚ ਸਾਡੀ ਮੂਲ ਧਾਰਨਾ ਇਹ ਹੈ ਕਿ ਇਨ੍ਹਾਂ ਸਵੈ-ਜੀਵਨੀਆਂ ਦੀ ਚੋਣ ਇਹ ਪਰਿਕਲਪਨਾ ਲੈ ਕੇ ਨਹੀਂ ਕੀਤੀ ਗਈ ਕਿ ਇਹ ਪੰਜਾਬੀ ਦੀਆਂ ਸਰਵੋਤਮ ਜਾਂ ਚੋਣਵੀਆਂ ਸਵੈ-ਜੀਵਨੀਆਂ ਹਨ । ਸਗੋਂ, ਇਸ ਆਸ਼ੇ ਨੂੰ ਮੁੱਖ ਰਖ ਕੇ ਕੀਤੀ ਗਈ ਹੈ ਕਿ ਇਹ ਤਿੰਨੋਂ, ਤਿੰਨ ਪੰਜਾਬੀ ਗਲਪ-ਲੇਖਿਕਾਵਾਂ ਦੀਆਂ ਸਵੈ-ਜੀਵਨੀਆਂ ਹਨ । ਇਥੇ ਅਸੀਂ ਵੇਖਣਾ ਇਹ ਹੈ ਕਿ ਇਨ੍ਹਾਂ 'ਚੋਂ ਕਿਹੋ ਜਿਹੇ ਨਾਰੀ-ਬਿੰਬ ਉੱਭਰ ਕੇ ਸਾਹਮਣੇ ਆਉਂਦੇ ਹਨ ! ਪੰਜਾਬੀ ਸਵੈ-ਜੀਵਨੀ ਸਾਹਿਤ ਉਪਰ ਸਰਸਰੀ ਜਿਹੀ ਨਜ਼ਰ ਮਾਰਿਆਂ ਹੀ ਇਸ ਗੱਲ ਦਾ ਗਿਆਨ ਹੋ ਜਾਂਦਾ ਹੈ ਕਿ ਪੰਜਾਬੀ ਸਾਹਿਤ-ਜਗਤ ਵਿਚ ਕੇਵਲ ਇਹ ਹੀ ਤਿੰਨ ਗਲਪ-ਲੇਖਿਕਾਵਾਂ ਹਨ, ਜਿਨ੍ਹਾਂ ਨੇ ਆਪਣੀਆਂ ਸਵੈ-ਜੀਵਨੀਆਂ ਲਿਖਣ ਦੀ ਜੁਰਅੱਤ ਕੀਤੀ ਹੈ । ਵੈਸੇ ਵੀ ਪੰਜਾਬੀ ਵਿਚ ਸਵੈ-ਜੀਵਨੀ ਲਿਖਣ ਦੀ ਪਿਰਤ ਕਾਫ਼ੀ ਪੱਛੜ ਕੇ ਪਈ ਲੱਗਦੀ ਹੈ । ਇਕ ਲੰਬੇ ਅਰਸੇ ਤੱਕ ਪੰਜਾਬੀ ਵਿਚ ਸਵੈ-ਜੀਵਨੀ ਸਾਹਿਤ ਦਾ ਲਗਭਗ ਅਭਾਵ ਹੀ ਰਿਹਾ ਹੈ । ਇਸ ਦਾ ਮੂਲ ਕਾਰਨ ਇਹ ਹੈ ਕਿ ਸਵੈ-ਜੀਵਨੀ ਬੁਨਿਆਦੀ ਤੌਰ 'ਤੇ ਆਤਮ-ਪ੍ਰਦਰਸ਼ਨ ਦੀ ਕਲਾ ਮੰਨੀ ਗਈ ਹੈ ਅਤੇ ਆਤਮ-ਪ੍ਰਦਰਸ਼ਨ ਨੂੰ ਸਾਡੇ ਸਭਿਆਚਾਰ ਦੇ ਅੰਤਰਗਤ ਮਾੜਾ ਹੀ ਸਮਝਿਆ ਜਾਂਦਾ ਰਿਹਾ ਹੈ । ਹੁਣ ਤੱਕ ਸਾਡੇ ਅੰਦਰ ਆਪੇ ਨੂੰ ਲੁਕਾਉਣ ਦੀ ਬਿਰਤੀ ਕਾਫ਼ੀ ਪ੍ਰਬਲ ਰਹੀ ਹੈ । ਇਸ ਸਭ ਕੁਝ ਲਈ ਸਾਡੇ ਧਾਰਮਕ ਤੇ ਅਧਿਆਤਮਕ ਸੰਸਕਾਰ ਕਾਫ਼ੀ ਹੱਦ ਤੱਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜ਼ੁੰਮੇਵਾਰ ਸਾਬਤ ਹੋਏ ਹਨ । ਪਰ, ਪਿਛਲੇ ਕੁਝ ਸਮੇਂ ਤੋਂ ਪੰਜਾਬੀਆਂ ਅੰਦਰ, ਸਵੈ-ਜੀਵਨੀ ਸਾਹਿਤ ਪ੍ਰਤੀ ਚੇਤੰਨਤਾ ਜਾਗੀ ਹੈ । ਉਨ੍ਹਾਂ ਨੇ ਇਸ ਸਾਹਿਤ ਦੀ ਅਹਿਮੀਅਤ ਤੇ ਸਾਰਥਕਤਾ ਨੂੰ ਪਛਾਣਿਆ ਹੈ । ਸਿੱਟੇ ਵਜੋਂ, ਪੰਜਾਬੀ ਵਿਚ ਕੁਝ ਸਵੈ-ਜੀਵਨੀ ਸਾਹਿਤ ਹੋਂਦ ਵਿਚ ਆਇਆ ਹੈ । ਇਸ ਗੱਲ ਉਪਰ ਕੋਈ ਸੰਦੇਹ ਨਹੀਂ ਕਿ ਇਹ ਸਾਹਿਤ ਅੱਜੇ ਆਪਣੇ ਮੁੱਢਲੇ ਪੜਾਅ 'ਤੇ ਹੀ ਹੈ । ਇਸ ਲਈ ਇਸਦੀਆਂ ਆਪਣੀਆਂ ਸੀਮਾਵਾਂ ਤੇ ਸੰਭਾਵਨਾਵਾਂ ਪ੍ਰਤੀ ਸਾਨੂੰ ਸੁਚੇਤ ਰਹਿਣਾ ਚਾਹੀਦਾ ਹੈ ।

ਸਵੈ-ਜੀਵਨੀ ਲਿਖਣਾ ਖ਼ਾਸਾ ਮੁਸ਼ਕਲ ਕਾਰਜ ਹੈ । ਇਸਤਰੀ-ਲੇਖਿਕਾਵਾਂ ਲਈ ਤਾਂ ਇਹ ਹੋਰ ਵੀ ਬਿਖ਼ਮ ਕਾਰਜ ਨਜ਼ਰ ਆਉਂਦਾ ਹੈ । ਕਿਉਂਕਿ, ਇਹ ਪਾਠਕ ਨੂੰ ਆਪਣੇ ਨਿਜੀ ਜੀਵਨ ਵਿਚ ਬਿਨਾਂ ਸੰਗ-ਸੰਕੋਚ ਦੇ ਸਿੱਧਾ ਬੁਲਾਵਾ ਹੁੰਦਾ ਹੈ । ਹੱਥਲੇ ਸ਼ੋਧ-ਕਾਰਜ ਦਾ ਇਕ ਮੰਤਵ ਇਹ ਵੀ ਦੇਖਣਾ ਹੈ ਕਿ ਇਹ ਤਿੰਨੋਂ ਲੇਖਿਕਾਵਾਂ, ਆਪਣੀਆਂ ਸਵੈ-ਜੀਵਨੀਆਂ ਨਾਲ ਕਿਥੋਂ ਤੱਕ ਨਿਆਂ ਕਰ ਸਕਣ ਵਿਚ ਸਫ਼ਲ ਹੋਈਆਂ ਹਨ ? ਇਹ ਜਾਣਨ ਲਈ ਅਸੀਂ ਇਸ ਪੁਸਤਕ ਨੂੰ ਹੇਠ ਲਿਖੇ ਵੱਖ ਵੱਖ ਅਧਿਆਵਾਂ ਵਿਚ ਵੰਡ ਲਿਆ ਹੈ :

1. ਸਵੈ-ਜੀਵਨੀ : ਪ੍ਰਕਿਰਤੀ ਤੇ ਪ੍ਰਯੋਜਨ;
2. 'ਰਸੀਦੀ ਟਿਕਟ' : ਪਾਠ-ਕੇਂਦਿਰਤ ਵਿਸ਼ਲੇਸ਼ਣ
3. 'ਨੰਗੇ ਪੈਰਾਂ ਦਾ ਸਫ਼ਰ' : ਪਾਠ-ਕੇਂਦਰਿਤ ਵਿਸ਼ਲੇਸ਼ਣ
4. 'ਖ਼ਾਨਾਬਦੋਸ਼' : ਪਾਠ-ਕੇਂਦਰਿਤ ਵਿਸ਼ਲੇਸ਼ਣ
5. ਤੁਲਨਾਤਮਕ ਅਧਿਐਨ

ਪਹਿਲੇ ਅਧਿਆਇ ਵਿਚ ਸਵੈ-ਜੀਵਨੀ ਦੀ ਪ੍ਰਕਿਰਤੀ ਤੇ ਪ੍ਰਯੋਜਨ ਨੂੰ ਨਿਸ਼ਚਿਤ ਕਰਨ ਦਾ ਜਤਨ ਕੀਤਾ ਗਿਆ ਹੈ । ਇਸ ਅਧਿਆਇ 'ਚੋਂ ਪ੍ਰਾਪਤ ਹੋਣ ਵਾਲੀਆਂ ਅੰਤਰ-ਦ੍ਰਿਸ਼ਟੀਆਂ ਦੀ ਸਹਾਇਤਾ ਨਾਲ ਅੱਗਲੇ ਤਿੰਨ ਅਧਿਆਵਾਂ ਵਿਚ ਵੱਖੋ ਵੱਖਰੇ ਤੌਰ 'ਤੇ ਤਿੰਨ ਸਵੈ-ਜੀਵਨੀਆਂ ਦਾ ਪਾਠ-ਕੇਂਦਰਿਤ ਵਿਸ਼ਲੇਸ਼ਣ ਕੀਤਾ ਗਿਆ ਹੈ । ਇਸ ਵਿਸ਼ਲੇਸ਼ਣ ਨੂੰ ਪਿੱਠਭੂਮੀ ਵਿਚ ਰਖਦੇ ਹੋਏ, ਪੰਜਵੇਂ ਅਧਿਆਇ ਦੇ ਅੰਤਰਗਤ ਇਨ੍ਹਾਂ ਤਿੰਨੋਂ ਸਵੈ-ਜੀਵਨੀਆਂ ਦਾ ਤੁਲਨਾਤਮਕ ਅਧਿਐਨ ਪ੍ਰਸਤੁਤ ਕੀਤਾ ਗਿਆ ਹੈ ।

ਇਸ ਸਾਰੇ ਕਾਰਜ ਨੂੰ ਸਿਰੇ ਚਾੜ੍ਹਨ ਵਿਚ **ਪ੍ਰੋ: ਤਰਲੋਕ ਸਿੰਘ ਕੰਵਰ** (ਮੁਖੀ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ) ਹੋਰਾਂ ਨੇ ਮੇਰੀ ਯੋਗ ਅਗਵਾਈ ਕੀਤੀ ਹੈ । ਉਨ੍ਹਾਂ ਦੇ ਸਹਿਯੋਗ ਬਿਨਾਂ ਇਹ ਕਾਰਜ, ਇਤਨੀ ਜਲਦੀ ਤੇ ਸੁਚੱਜਤਾ ਨਾਲ ਸੰਪੰਨ ਨਹੀਂ ਸੀ ਹੋ ਸਕਣਾ । ਮੈਨੂੰ ਇਸ ਗੱਲ ਦਾ ਤਿੱਖ਼ਾ ਅਹਿਸਾਸ ਹੈ ।

ਪੰਜਾਬੀ ਵਿਭਾਗ ਦੇ ਦੂਸਰੇ ਅਧਿਆਪਕਾਂ ਪਾਸੋਂ ਮਿਲੇ ਪ੍ਰਤੱਖ ਤੇ ਪਰੋਖ ਸਹਿਯੋਗ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨੂੰ ਵੀ ਸਹਿਜੇ ਕੀਤਿਆਂ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ ।

ਮੇਰੇ ਇਸ ਸ਼ੋਧ-ਕਾਰਜ ਵਿਚ **ਡਾ: ਮਨਜੀਤ ਸਿੰਘ** ਨੇ ਵੀ ਆਪਣੀ ਅਹਿਮ ਭੂਮਿਕਾ ਨਿਭਾਈ ਹੈ । ਉਸ ਵਲੋਂ ਮਿਲੇ ਸਹਿਯੋਗ ਨੂੰ ਵੀ ਸਹਿਜੇ ਕੀਤਿਆਂ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ।

—ਕੁਲਵੰਤ ਕੌਰ ਲਾਂਬਾ
ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ
ਪੋਸਟ ਗ੍ਰੈਜੂਏਟ (ਈਵਨਿੰਗ) ਕਾਲਜ
ਦੇਵ ਨਗਰ, ਨਵੀਂ ਦਿੱਲੀ-110005

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਧਿਆਇ 1

ਸਵੈ-ਜੀਵਨੀ : ਪ੍ਰਕਿਰਤੀ ਤੇ ਪ੍ਰਯੋਜਨ

(ੳ)

ਸਵੈ-ਜੀਵਨੀ, ਬੁਨਿਆਦੀ ਤੌਰ 'ਤੇ ਅੰਗਰੇਜ਼ੀ ਭਾਸ਼ਾ ਵਿਚ ਆਮ ਪ੍ਰਚਲਤ ਸ਼ਬਦ ਆਟੋ-ਬਾਇਓ-ਗਰਾਫ਼ੀ (Auto biography) ਦਾ ਸਮਾਨਾਰਥੀ ਹੈ, ਜਿਸਦੇ ਸ਼ਾਬਦਿਕ ਤੇ ਕੋਸ਼ਕ ਅਰਥ, ਸਵੈ-ਜੀਵਨ-ਚਿਤਰਣ ਮੰਨੇ ਜਾਂਦੇ ਹਨ। ਕਈ ਥਾਈਂ, ਇਸ ਸ਼ਬਦ ਦੀ ਥਾਂ 'ਤੇ 'ਆਤਮ-ਚਰਿਤ' ਤੇ 'ਆਤਮ ਕਥਾ' ਆਦਿ ਸ਼ਬਦਾਂ ਦੀ ਵਰਤੋਂ ਹੋਈ ਵੀ ਮਿਲਦੀ ਹੈ। ਹਿੰਦੀ ਭਾਸ਼ਾ ਵਿਚ ਖ਼ਾਸ ਕਰਕੇ, ਸਵੈ-ਜੀਵਨੀ ਲਈ ਇਹ ਦੋਵੇਂ ਸ਼ਬਦ ਹੀ ਪ੍ਰਚਲਤ ਹਨ। ਇਨ੍ਹਾਂ ਵਿਚੋਂ 'ਆਤਮ-ਕਥਾ' ਸ਼ਬਦ ਦੀ ਤਾਂ ਪੰਜਾਬੀ ਵਿਚ ਵੀ ਕਿਤੇ ਕਿਤੇ ਵਰਤੋਂ ਹੋਈ ਹੈ। ਖ਼ੈਰ ! ਅਸੀਂ ਇਥੇ ਇਸ ਵਾਦ-ਵਿਵਾਦ ਵਿਚ ਉਲਝਣਾ ਮੁਨਾਸਿਬ ਨਹੀਂ ਸਮਝਦੇ। ਇਸ ਸੰਬੰਧੀ ਇਤਨਾ ਹੀ ਕਹਿ ਦੇਣਾ ਕਾਫੀ ਹੈ ਕਿ ਇਹ ਦੋਵੇਂ ਸ਼ਬਦ ('ਆਤਮ-ਚਰਿਤ' ਤੇ 'ਆਤਮ-ਕਥਾ') ਸਵੈ-ਜੀਵਨੀ ਸ਼ਬਦ ਦੇ ਹੀ ਸਮਾਨਾਰਥੀ ਹਨ। ਪਰ, ਇਥੇ ਯਾਦ ਰਖਣ ਵਾਲੀ ਮਹੱਤਵਪੂਰਣ ਗੱਲ ਇਹ ਹੈ ਕਿ ਸਵੈ-ਜੀਵਨੀ ਸ਼ਬਦ ਆਪਣੇ ਸ਼ਾਬਦਿਕ ਤੇ ਕੋਸ਼ਕ ਅਰਥਾਂ ਤੱਕ ਹੀ ਮਹਿਦੂਦ ਨਹੀਂ, ਸਗੋਂ ਆਪਣੇ ਆਪ ਵਿਚ ਇਕ ਸੰਪੂਰਨ ਸਾਹਿਤ-ਵਿਧਾ ਹੈ। ਜਿਥੋਂ ਤੱਕ ਸਵੈ-ਜੀਵਨੀ ਦੇ ਸ਼ਾਬਦਿਕ ਤੇ ਕੋਸ਼ਕ ਅਰਥਾਂ ਦਾ ਸੰਬੰਧ ਹੈ—ਉਸ ਸੰਬੰਧੀ ਵਿਦਵਾਨ ਲਗਭਗ ਇਕਮਤ ਹੀ ਹਨ। ਪਰ, ਭਿੰਨ ਭਿੰਨ ਸ਼ਬਦ ਕੋਸ਼ਾਂ ਤੇ ਵਿਸ਼ਵ ਕੋਸ਼ਾਂ ਦੇ ਅੰਤਰਗਤ, ਇਸ ਪਰਿਭਾਸ਼ਕ ਸ਼ਬਦ ਦੀਆਂ ਇਕ ਤੋਂ ਵੱਧ ਹੋਈਆਂ ਪਰਿਭਾਸ਼ਾਵਾਂ ਨਾਲ ਸਾਡਾ ਅਕਸਰ ਵਾਹ ਪੈਂਦਾ ਹੈ। ਭਾਵੇਂ, ਹੁਣ ਤੱਕ ਸਾਡੇ ਕੋਲ ਸਵੈ-ਜੀਵਨੀ ਸਾਹਿਤ ਨਾਲ ਸੰਬੰਧਿਤ ਕੋਈ ਨਿਵੇਕਲਾ ਕਾਵਿ-ਸ਼ਾਸਤਰ (Poetics) ਉਪਲੱਬਧ ਨਹੀਂ ਹੈ। ਪਰ, ਫਿਰ ਵੀ ਸਮੇਂ-ਸਮੇਂ, ਭਿੰਨ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਿੰਨ ਦ੍ਰਿਸ਼ਟੀਕੋਣਾਂ ਤੋਂ ਪੇਸ਼ ਹੋਈਆਂ ਸਵੈ-ਜੀਵਨੀ ਸਾਹਿਤ-ਵਿਧਾ ਦੀਆਂ ਇਨ੍ਹਾਂ ਪਰਿਭਾਸ਼ਾਵਾਂ 'ਚੋਂ ਅਸੀਂ ਇਸ ਸਾਹਿਤ ਦੇ ਸ਼ਾਸਤਰੀ ਅਧਾਰਾਂ ਦੀ ਤਲਾਸ਼ ਕਰਨ ਦਾ ਜਤਨ ਕਰਾਂਗੇ। ਸਾਡਾ ਵਿਸ਼ਵਾਸ ਹੈ ਕਿ ਅੱਗੇ ਚਲ ਕੇ ਇਹੀ ਸ਼ਾਸਤਰੀ ਅਧਾਰ, ਇਸ ਸਾਹਿਤ-ਵਿਧਾ ਦੀ ਪ੍ਰਕਿਰਤੀ ਤੇ ਪ੍ਰਯੋਜਨ ਨਾਲ ਸਾਡੀ ਨੇੜੇ ਦੀ ਸਾਂਝ ਪਾਉਣ ਵਿਚ ਕਾਫ਼ੀ ਮਦਦਗਾਰ ਸਾਬਤ ਹੋਣਗੇ। ਇਸੇ ਵਿਚਾਰ ਨੂੰ ਮੱਦੇ ਨਜ਼ਰ ਰਖਦੇ ਹੋਏ ਅਸੀਂ ਇਥੇ ਇਨ੍ਹਾਂ ਸ਼ਾਸਤਰੀ ਅਧਾਰਾਂ ਦੀ ਤਲਾਸ਼ ਦੇ ਕਰਤਵ ਨੂੰ ਤਰਜ਼ੀਹ ਦੇਣ ਦੀ ਯੋਜਨਾ ਬਣਾਈ ਹੈ।

ਇਸ ਦ੍ਰਿਸ਼ਟੀ ਤੋਂ ਹੁਣ ਤੱਕ ਹੋਏ ਸਵੈ-ਜੀਵਨੀ-ਚਿੰਤਨ ਉਪਰ ਸਰਸਰੀ ਜਿਹੀ ਨਜ਼ਰ ਮਾਰਨ ਨਾਲ ਹੀ ਇਸ ਤੱਥ ਦੀ ਸੋਝੀ ਹੋ ਜਾਂਦੀ ਹੈ ਕਿ ਹਰ ਸਵੈ-ਜੀਵਨੀ ਰਚਨਾ, ਸਵੈ-ਦੁਆਰਾ 'ਸਵੈ' ਦੇ ਜੀਵਨ-ਚਿੱਤਰ ਨੂੰ ਪੇਸ਼ ਕਰਨ ਦਾ ਇਕ ਉਪਰਾਲਾ ਹੈ।[1] ਸ਼ਾਇਦ ਇਸੇ ਕਰਕੇ ਇਸਨੂੰ ਸਵੈ-ਜੀਵਨੀਕਾਰ ਦਾ ਜੀਵਨ-ਇਤਿਹਾਸ ਜਾਂ ਉਸਦੇ ਜੀਵਨ ਦਾ ਕ੍ਰਮਬੱਧ ਚਲਦਾ ਬਿਰਤਾਂਤ ਅਤੇ ਜਾਂ ਫਿਰ ਵਿਅੱਕਤੀਗਤ ਮਾਨਵੀ-ਇਤਿਹਾਸ ਦਾ ਬਿਉਰਾ ਆਦਿ ਅਰਥਾਂ ਵਿਚ ਪਰਿਭਾਸ਼ਤ ਕਰਨ ਦੇ ਕੁਝ ਜਤਨ ਹੋਏ ਹਨ, ਜਿਨ੍ਹਾਂ ਨੂੰ ਇਥੇ ਚਰਚਾ ਦਾ ਵਿਸ਼ਾ ਬਣਾਉਣਾ ਜ਼ਰੂਰੀ ਬਣਦਾ ਹੈ। ਐਨਸਾਈਕਲੋਪੀਡੀਆ ਬ੍ਰਿਟੇਨਿਕਾ (Encyclopaedia Britannica) ਦੇ ਅੰਤਰਗਤ, ਸਵੈ-ਜੀਵਨੀ ਨੂੰ "ਲੇਖਕ ਦੇ ਆਪਣੇ ਦੁਆਰਾ ਲਿਖੇ ਗਏ ਵਿਅੱਕਤੀਗਤ ਮਾਨਵੀ-ਅਨੁਭਵਾਂ ਦਾ ਬਿਉਰਾ"[2] ਦੇ ਅਰਥਾਂ ਵਿਚ ਪਰਿਭਾਸ਼ਤ ਕੀਤਾ ਗਿਆ ਹੈ। ਇਸੇ ਤਰ੍ਹਾਂ 'ਦ ਆਕਸਫ਼ੋਰਡ ਇੰਗਲਿਸ਼ ਡਿਕਸ਼ਨਰੀ' (The Oxford English Dictionary) ਅਨੁਸਾਰ, ਸਵੈ-ਜੀਵਨੀ ਉਸ ਰਚਨਾ ਨੂੰ ਕਹਿੰਦੇ ਹਨ ਜਿਸ ਵਿਚ ਲੇਖਕ ਦਾ ਆਪਣਾ ਇਤਿਹਾਸ, ਆਪਣੀ ਜੀਵਨ-ਕਹਾਣੀ, ਉਸਦੇ ਆਪਣੇ ਦੁਆਰਾ ਹੀ ਲਿਖੀ ਗਈ ਹੋਵੇ।[3] ਇਉਂ, ਇਸ ਚਰਚਾ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸਵੈ-ਜੀਵਨੀ ਦਾ ਨਾਇਕ, ਲੇਖਕ ਆਪ ਹੁੰਦਾ ਹੈ। ਇਹ 'ਸਵੈ' ਦੁਆਰਾ, 'ਸਵੈ' ਦੇ ਜੀਵਨ ਦਾ ਚਿਤਰਣ ਹੈ। ਪਰ, 'ਡਿਕਸ਼ਨਰੀ ਆਫ਼ ਵਰਲਡ ਲਿਟਰੇਰੀ ਟਰਮਜ਼' (Dictionary of World Literary Terms) ਵਿਚ ਪੇਸ਼ ਸਵੈ-ਜੀਵਨੀ ਦੀ ਪਰਿਭਾਸ਼ਾ, ਇਨ੍ਹਾਂ ਦੋਹਾਂ ਪਰਿਭਾਸ਼ਾਵਾਂ ਨਾਲੋਂ ਰਤਾ ਕੁ ਭਿੰਨ ਹੈ। ਇਸ ਪਰਿਭਾਸ਼ਾ ਅਨੁਸਾਰ ਸਵੈ-ਜੀਵਨੀ ਵਿਚ ਲੇਖਕ ਦੇ ਆਪਣੇ ਜੀਵਨ ਨਾਲ ਸੰਬੰਧਿਤ ਉਹ ਬਿਰਤਾਂਤ ਹੁੰਦਾ ਹੈ, ਜਿਸ ਵਿਚ ਵਿਸਤ੍ਰਿਤ ਪਿਛੋਕੜ ਦੇ ਉਲਟ ਆਤਮ-ਚੀਨਣ (Introspection) ਜਾਂ ਜ਼ਿੰਦਗੀ ਦੀ ਸਾਰਥਕਤਾ ਉਪਰ ਜ਼ੋਰ ਦਿੱਤਾ ਗਿਆ ਹੁੰਦਾ ਹੈ।[4] ਇਸ ਵਿਚ ਅਕਸਰ ਸਵੈ-ਜੀਵਨੀ ਦਾ ਲੇਖਕ, ਆਪਣੀ ਜ਼ਿੰਦਗੀ ਦੀਆਂ ਉਨ੍ਹਾਂ ਘਟਨਾਵਾਂ ਨੂੰ (ਜਿਨ੍ਹਾਂ ਨੂੰ ਉਹ ਬਹੁਤ ਅਹਿਮ ਜਾਂ ਦਿਲਚਸਪ ਸਮਝਦਾ ਹੈ) ਨਿਰੰਤਰ ਬਿਰਤਾਂਤ ਰਾਹੀਂ ਪੇਸ਼ ਕਰਦਾ ਹੈ ਜਾਂ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੈ। ਆਮ ਤੌਰ ਤੇ ਸਵੈ-ਜੀਵਨੀਕਾਰ ਆਪਣੇ ਬਾਰੇ ਉਹ ਕੁਝ ਪੇਸ਼ ਕਰਦਾ ਹੈ ਜਿਸਨੂੰ ਜਾਣਨ ਦਾ ਉਹ ਇੱਛੁਕ ਹੁੰਦਾ ਹੈ ਅਤੇ ਜੋ ਉਸ ਨੂੰ ਯਾਦ ਰਹਿੰਦਾ ਹੈ।[5] ਇਸੇ ਨਿਰੰਤਰ ਬਿਰਤਾਂਤ ਨੂੰ ਮਹਿੰਦਰਪਾਲ ਕੋਹਲੀ ਨੇ ਸਵੈ-ਜੀਵਨੀ ਲੇਖਕ ਦੇ ਜੀਵਨ ਦਾ ਕ੍ਰਮਬੱਧ-ਬਿਰਤਾਂਤ ਕਿਹਾ ਹੈ, ਜਿਸ ਵਿਚ ਉਸਦੇ ਆਤਮ-ਚਿੰਤਨ ਜਾਂ ਜ਼ਿੰਦਗੀ ਦੀ ਵਿਸ਼ਾਲ ਪਿੱਠਭੂਮੀ ਵਿਚ ਉਸਦੀ ਹੋਂਦ ਦੀ ਵਿਸ਼ੇਸ਼ਤਾ ਤੇ ਮਹੱਤਤਾ ਦਿੱਤੀ ਹੁੰਦੀ ਹੈ।[6] ਲੇਖਕ ਦੇ ਜੀਵਨ-ਬਿਰਤਾਂਤ ਦੀ ਕ੍ਰਮਬੱਧਤਾ ਉਪਰ ਡਾ: ਸੀਤਾ ਰਾਮਦੀਨ ਨੇ ਵੀ ਕਾਫ਼ੀ ਬਲ ਦਿੱਤਾ ਹੈ। ਉਸ ਅਨੁਸਾਰ, ਜਦੋਂ ਕੋਈ ਮਹਾਂਪੁਰਸ਼ ਆਪਣੇ ਜੀਵਨ ਦਾ ਕ੍ਰਮਬੱਧ ਰੂਪ ਲਿਪੀਬੱਧ ਕਰਦਾ ਹੈ, ਤਾਂ ਉਸ ਨੂੰ ਸਾਹਿਤਕ ਸ਼ਬਦਾਵਲੀ ਵਿਚ ਆਤਮ-ਕਥਾ (ਸਵੈ-ਜੀਵਨੀ) ਕਹਿੰਦੇ ਹਨ।[7] ਇਉਂ, ਅਸੀਂ ਦੇਖਦੇ ਹਾਂ ਕਿ ਕੁਝ ਵਿਦਵਾਨਾਂ ਨੇ ਘਟਨਾਵਾਂ ਦੀ ਕ੍ਰਮਬੱਧਤਾ ਉਪਰ ਲੋੜ ਤੋਂ ਵਧੇਰੇ ਜ਼ੋਰ ਦਿੱਤਾ ਹੈ। ਇਹ ਵਿਦਵਾਨ ਸਵੈ-ਜੀਵਨੀ ਨੂੰ ਕਾਲ-ਕ੍ਰਮ ਦੀ ਇਕ ਸਰਲ ਰੇਖਾ ਅਨੁਸਾਰ ਵੇਖਣ ਦੇ ਆਦੀ ਹਨ। ਇਹ ਸਵੈ-ਜੀਵਨੀ ਸਾਹਿਤ ਨਾਲ ਸੰਬੰਧਿਤ ਇਕ ਪਰੰਪਰਕ ਧਾਰਨਾ ਹੈ ਜੋ ਅੱਜ ਬਹੁਤੀ ਸਾਰਥਕ ਮਹਿਸੂਸ ਨਹੀਂ ਹੁੰਦੀ। ਹਰ ਸਵੈ-ਜੀਵਨੀ ਲੇਖਕ ਪਾਸੋਂ ਅਜਿਹੇ ਪੂਰਵ ਨਿਸ਼ਚਿਤ ਪੈਟਰਨ ਦੀ ਆਸ ਨਹੀਂ ਕੀਤੀ ਜਾ ਸਕਦੀ ਅਤੇ ਨਾ ਹੀ ਸਾਨੂੰ ਹਰ ਸਵੈ-ਜੀਵਨੀ-ਰਚਨਾ ਕੋਲੋਂ ਇਸ ਘੜੇਘੜਾਏ ਪੈਟਰਨ (ਪਹਿਲਾਂ ਜਨਮ, ਫਿਰ ਬਚਪਨ, ਫਿਰ ਜਵਾਨੀ ਅਤੇ ਫਿਰ ਅੱਗਲੇ ਜੀਵਨ-ਬਿਉਰੇ ਆਦਿ) ਉਪਰ ਪੂਰਾ ਉਤਰਨ ਦੀ ਆਸ ਰਖਣੀ ਚਾਹੀਦੀ ਹੈ।[8] ਕਿਉਂਕਿ, ਅਜਿਹੀ ਪ੍ਰਵਿਰਤੀ ਸਾਹਿਤ-ਸਿਰਜਨਾ ਤੇ ਸਮੀਖਿਆ—ਦੋਹਾਂ ਖੇਤਰਾਂ ਵਿਚ ਖ਼ਾਸੀ ਮਾਰੂ ਅਤੇ ਕਲਾਤਮਕ ਰੁਚੀਆਂ ਲਈ ਦਮਨਕਾਰੀ ਸਾਬਤ ਹੋਈ ਹੈ। ਕਾਲ-ਕ੍ਰਮ ਦੇ ਇਸ ਰੇਖਾਵੀ ਪੈਟਰਨ ਵਿਚ ਬੱਝ ਕੇ ਪੇਸ਼ ਹੋਇਆ ਜੀਵਨ-ਬਿਰਤਾਂਤ, ਅਕਸਰ ਘਟਨਾਵਾਂ ਦੀ ਸੂਚੀ ਜਾਂ ਕਲੰਡਰ ਮਾਤਰ ਬਣ ਕੇ ਰਹਿ ਜਾਂਦਾ ਹੈ।[9] ਅਜਿਹੀ ਸਥਿਤੀ ਵਿਚ ਉਹ ਸਵੈ-ਜੀਵਨੀ, ਸਾਹਿਤਕ ਤੇ ਕਲਾਤਮਕ ਗੁਣਾਂ ਤੋਂ ਊਣੀ ਰਹਿ ਜਾਂਦੀ ਹੈ ਅਤੇ ਪਾਠਕ ਨੂੰ ਪ੍ਰੇਰਿਤ ਤੇ ਪ੍ਰਭਾਵਿਤ ਕਰਨ ਦੇ ਸਮਰੱਥ ਨਹੀਂ ਰਹਿੰਦੀ।

ਸਵੈ-ਜੀਵਨੀ ਸਾਹਿਤ ਉਪਰ ਹੋਏ ਹੁਣ ਤੱਕ ਦੇ ਚਿੰਤਨ ਵਿਚ ਇਹ ਗੱਲ ਬਾਰ ਬਾਰ ਉਭਰ ਕੇ ਸਾਹਮਣੇ ਆਈ ਹੈ ਕਿ ਸਵੈ-ਜੀਵਨੀ ਇਕ ਅਜਿਹੀ ਸਾਹਿਤ-ਵਿਧਾ ਹੈ, ਜਿਸ ਵਿਚ ਲੇਖਕ ਆਪਣੇ ਬਾਰੇ ਅਤੇ ਆਪਣੇ ਨਿਜੀ ਤਜਰੱਬਿਆਂ ਨਾਲ ਸੰਬੰਧਿਤ ਘਟਨਾਵਾਂ ਨੂੰ ਬੜੀ ਸੁਹਿਰਦਤਾ ਤੇ ਨਿਰਸੰਕੋਚ ਪੇਸ਼ ਕਰਦਾ ਹੈ। ਅਜਿਹਾ ਕਰਦਿਆ ਉਸਨੂੰ ਨਿਜ, ਵਸਤੂ ਜਗਤ ਤੇ ਨਿਜੀ ਕਲਾਤਮਕ ਵਿਵੇਕ ਦੀਆਂ ਜ਼ਰੂਰਤਾਂ ਦੀ ਪੂਰਤੀ ਹਿੱਤ, ਕਟੌਤੀ ਦੀ ਪ੍ਰਕਿਰਿਆ ਥਾਣੀਂ ਲੰਘਾਉਣਾ ਪੈਂਦਾ ਹੈ। ਕਿਉਂਕਿ, ਜੀਵਨ ਦੀ ਜਟਿਲਤਾ ਦੇ ਸਾਰੇ ਵੇਰਵਿਆਂ ਨੂੰ ਸਵੈ-ਜੀਵਨੀ ਵਿਚ ਸਮੇਟਣਾ ਨਾ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੁਮਕਿਨ ਹੈ । ਪਰ, ਯਾਦ ਰਹੇ ਕਿ ਇਹ ਕਟੌਤੀ ਦੀ ਪ੍ਰਕਿਰਿਆ ਇਸ ਕਦਰ ਚਲਣੀ ਚਾਹੀਦੀ ਹੈ ਕਿ ਰਚਨਾ ਵਿਚ ਕੇਵਲ ਉਹੀ ਵੇਰਵੇ ਸ਼ਾਮਲ ਹੋਣ, ਜਿਨ੍ਹਾਂ ਵਿਚੋਂ ਲੇਖਕ ਦੇ ਜੀਵਨ ਦਾ ਮਹਾਂ-ਦ੍ਰਿਸ਼ ਉਭਰ ਕੇ ਸਾਹਮਣੇ ਆ ਸਕੇ ।[10] ਇਨ੍ਹਾਂ ਅਹਿਮ ਤੇ ਮਹੱਤਵਪੂਰਨ ਵੇਰਵਿਆਂ ਦੀ ਪੇਸ਼ਕਾਰੀ ਇਸ ਤਰ੍ਹਾਂ ਹੋਣੀ ਚਾਹੀਦੀ ਹੈ ਕਿ ਲੇਖਕ ਦਾ ਅੰਦਰੂਨੀ ਤੇ ਬਾਹਰੀ ਵਿਅੱਕਤਿਤਵ ਸਾਕਾਰ ਹੋ ਸਕੇ । ਸਵੈ-ਜੀਵਨੀ, ਲੇਖਕ ਦੇ ਅਤੀਤ ਦਾ ਲੇਖਾ ਜੋਖਾ ਮਾਤਰ ਹੀ ਨਹੀਂ ਹੁੰਦੀ, ਸਗੋਂ, ਇਸ ਵਿਚ ਲੇਖਕ ਪਿਛਲੀਆਂ ਬੀਤੀਆਂ ਘੜੀਆਂ ਨੂੰ ਮੁੜ ਸਿਰਜਣ ਦੇ ਜਤਨ ਵਿਚ ਹੁੰਦਾ ਹੈ ।[11] ਸਵੈ-ਪਛਾਣ ਲਈ ਉਹ ਵਰਤਮਾਨ ਬਿੰਦੂ 'ਤੇ ਖੜਾ ਹੋ ਕੇ ਆਪਣੀ ਸਿਮਰਤੀ ਦੀ ਸਹਾਇਤਾ ਨਾਲ ਆਪਣੇ ਅਤੀਤ ਤੇ ਵਰਤਮਾਨ ਨੂੰ ਮੁੜ ਸਿਰਜਦਾ ਹੈ । ਇਸ ਸਾਰੀ ਸਿਰਜਣ-ਪ੍ਰਕਿਰਿਆ ਵਿਚ ਲੇਖਕ ਦੀ ਕਲਾ-ਕੌਸ਼ਲਤਾ ਤੇ ਸਿਰਜਣਾਤਮਕ-ਪ੍ਰਤਿਭਾ ਦਾ ਕਾਫੀ ਰੋਲ ਹੁੰਦਾ ਹੈ । ਇਸੇ ਕਰਕੇ ਸਵੈ-ਜੀਵਨੀ ਸਾਹਿਤ ਨੂੰ ਹਮੇਸ਼ਾਂ ਸਿਰਜਣਾ-ਤਮਕ-ਸਾਹਿਤ ਦੀ ਕੋਟੀ ਵਿਚ ਹੀ ਰਖਿਆ ਜਾਂਦਾ ਹੈ ।[12]

ਜਿਥੋਂ ਤੱਕ ਸਵੈ-ਜੀਵਨੀ ਦਾ, ਲੇਖਕ ਦੇ ਨਿਜੀ ਜੀਵਨ ਨਾਲ ਸੰਬੰਧ ਹੈ, ਇਸ ਸੰਬੰਧੀ ਕਿਸੇ ਵਾਦ-ਵਿਵਾਦ ਦੀ ਕੋਈ ਗੁੰਜਾਇਸ਼ ਨਹੀਂ । ਕਿਉਂਕਿ ਸਵੈ-ਜੀਵਨੀ ਹੀ ਇਕੋ ਇਕ ਅਜਿਹਾ ਰੂਪ ਹੈ ਜਿਸ ਵਿਚ ਲੇਖਕ ਆਪਣੇ ਅਤੇ ਨਿਜੀ ਅਨੁਭਵਾਂ ਨਾਲ ਸੰਬੰਧਿਤ ਘਟਨਾਵਾਂ ਬਾਰੇ ਗੱਲ ਕਰਦਾ ਹੈ ।[13] ਇਹ ਗੱਲ ਵੱਖਰੀ ਹੈ ਕਿ ਜਦੋਂ ਸਵੈ-ਜੀਵਨੀਕਾਰ, ਸਹੀ ਅਰਥਾਂ ਵਿਚ ਸਾਹਿਤ-ਸਿਰਜਕ ਹੁੰਦਾ ਹੈ ਤਾਂ ਉਸਦੀਆਂ ਬਹੁਤੀਆਂ ਸਾਹਿਤ-ਕਿਰਤਾਂ ਅਸਿੱਧੇ ਰੂਪ ਵਿਚ, ਉਸਦੀ ਸਵੈ-ਜੀਵਨੀ ਹੀ ਹੋਇਆ ਕਰਦੀਆਂ ਹਨ ।[14] ਦੂਸਰੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਉਸਦੀਆਂ ਭਿੰਨ ਭਿੰਨ ਰਚਨਾਵਾ, ਉਸਦੀ ਸਵੈ-ਜੀਵਨੀ ਦਾ ਹੀ ਵਿਸਥਾਪਤ (deconstructed) ਰੂਪ ਹੁੰਦੀਆਂ ਹਨ । ਇਉਂ ਸਵੈ-ਜੀਵਨੀ ਇਕ ਅਜਿਹੀ ਸਾਹਿਤ-ਰਚਨਾ ਹੋ ਨਿਬੜਦੀ ਹੈ, ਜਿਸ ਵਿਚ ਲੇਖਕ ਆਪਣੇ ਨਿਜੀ-ਜੀਵਨ ਦੇ ਨਿਰਸੰਕੋਚ ਵਿਵੇਚਨ-ਵਿਸ਼ਲੇਸ਼ਣ ਵਲ ਰੁਚਿਤ ਹੁੰਦਾ ਹੈ ।[15] ਇਸਨੂੰ ਯਥਾਰਥ ਤੋਂ ਯਥਾਰਥ ਤੱਕ ਪਹੁੰਚਣ ਦਾ ਅਮਲ ਕਿਹਾ ਜਾ ਸਕਦਾ ਹੈ । ਸਵੈ-ਜੀਵਨੀ ਨਾਲ ਸੰਬੰਧਿਤ ਇਕ ਵਰਣਨਯੋਗ ਤੇ ਅਹਿਮ ਨੁਕਤਾ ਇਹ ਵੀ ਹੈ ਕਿ ਇਸ ਵਿਚ ਲੇਖਕ ਤੇ ਪਾਠਕ ਨੂੰ ਇਕ ਦੂਸਰੇ ਦੇ ਸਨਮੁਖ ਹੋਣ ਦਾ ਮੌਕਾ ਮਿਲਦਾ ਹੈ । ''ਇਹ ਸਵੈ-ਜੀਵਨੀਕਾਰ ਦਾ ਪਾਠਕ ਨੂੰ ਆਪਣੇ ਘਰ ਵਿਚ ਨਿਜੀ ਬੁਲਾਵਾ ਹੁੰਦਾ ਹੈ—ਸੰਗ ਸੰਕੋਚ ਦੀ ਦਹਿਲੀਜ਼ ਤੋਂ ਅੰਦਰਵਾਰ ।''[16] ਇਹ ਇਕ ਖ਼ਾਸਾ ਬਿਖਮ ਕਾਰਜ ਹੈ, ਜੋ ਲੇਖਕ ਪਾਸੋਂ ਇਕ ਖ਼ਾਸ ਕਿਸਮ ਦੀ ਦਲੇਰੀ, ਬੇਬਾਕੀ ਤੇ ਸੁਹਿਰਦਤਾ ਦੀ ਮੰਗ ਕਰਦਾ ਹੈ।'' ਇਹ ਸਿਰਫ਼ ਉਦੋਂ ਹੀ ਸੰਭਵ ਹੁੰਦਾ ਹੈ, ਜਦੋਂ ਲੇਖਕ ਦਾ ਜੇਰਾ ਉਹਦੇ ਕਿਸੇ ਸੱਚ ਨਾਲੋਂ ਊਣਾ ਨਾ ਹੋਵੇ । ਇਹਦੇ ਵਿਚ ਕੋਈ ਝੂਠ, ਮਹਿਮਾਨ ਦੀ ਨਹੀਂ, ਮੇਜ਼ਬਾਨ ਦੀ ਆਪਣੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੱਤਕ ਹੁੰਦਾ ਹੈ।"[17] ਸੋ ! ਸਵੈ-ਜੀਵਨੀ ਰਚਨਾ ਲਈ ਇਕ ਅਜਿਹੇ (ਵਿਸ਼ੇਸ਼ ਪ੍ਰਕਾਰ ਦੇ) ਸੁਹਿਰਦ ਤੇ ਚੇਤੰਨ ਮਨ ਦੀ ਲੋੜ ਹੁੰਦੀ ਹੈ, ਜੋ ਨਿਰਸੰਕੋਚ ਹੋ ਕੇ ਜੀਵਨਗਤ ਵੇਰਵਿਆਂ ਤੇ ਘਟਨਾਵਾਂ ਨੂੰ ਬਿਆਨ ਕਰ ਸਕਣ ਦੇ ਸਮਰੱਥ ਹੋਵੇ। ਅਜਿਹੀ ਸਥਿਤੀ ਵਿਚ ਕਿਸੇ ਪ੍ਰਕਾਰ ਦਾ ਸੰਕੋਚ ਵਰਤਣਾ, ਸਵੈ-ਜੀਵਨੀ ਰਚਨਾ ਲਈ ਖ਼ਾਸਾ ਮਾਰੂ ਤੇ ਘਾਤਕ ਸਾਬਤ ਹੁੰਦਾ ਹੈ। ਇਸ ਦੇ ਸਿੱਟੇ ਵਜੋਂ, ਸਵੈ-ਜੀਵਨੀ ਕੇਵਲ ਸਵੈ-ਸ਼ਲਾਘਾ ਤੇ ਸਵੈ-ਪ੍ਰਸ਼ੰਸਾ ਦਾ ਹੁਨਰੀ ਮਾਧਿਅਮ ਬਣ ਕੇ ਰਹਿ ਜਾਂਦੀ ਹੈ। ਇਹ ਅਕਸਰ ਉਦੋਂ ਵਾਪਰਦਾ ਹੈ ਜਦੋਂ ਲੇਖਕ ਦੀ ਆਪਾ-ਲੁਕਾਊ ਬਿਰਤੀ ਰਚਨਾ ਉਪਰ ਭਾਰੂ ਹੋ ਜਾਂਦੀ ਹੈ।

ਇਸ ਸਾਰੀ ਵਿਚਾਰ-ਚਰਚਾ 'ਚੋਂ ਸਵੈ-ਜੀਵਨੀ ਸਾਹਿਤ ਦੀ ਪ੍ਰਕਿਰਤੀ ਨੂੰ ਸਮਝਣ ਵਿਚ ਸਾਨੂੰ ਚੋਖੀ ਸੇਧ ਮਿਲ ਜਾਂਦੀ ਹੈ। ਸਵੈ-ਜੀਵਨੀ ਦੀ ਪ੍ਰਕਿਰਤੀ ਸੰਬੰਧੀ ਹੁਣ ਤੱਕ ਜੋ ਸੋਚਿਆ-ਵਿਚਾਰਿਆ ਗਿਆ ਹੈ, ਉਸ ਸੰਬੰਧੀ ਸਭ ਤੋਂ ਮਹੱਤਵ-ਪੂਰਨ ਨੁਕਤਾ ਇਹ ਹੈ ਕਿ ਸਵੈ-ਜੀਵਨੀ ਦਾ ਨਾਇਕ, ਸਵੈ-ਜੀਵਨੀਕਾਰ ਆਪ ਹੁੰਦਾ ਹੈ। ਅਰਥਾਤ, ਇਹ 'ਸਵੈ' ਦੁਆਰਾ 'ਸਵੈ' ਦੇ ਜੀਵਨ ਦੀ ਤਸਵੀਰਕਸ਼ੀ ਹੁੰਦੀ ਹੈ। ਇਸ ਤਸਵੀਰਕਸ਼ੀ ਰਾਹੀਂ ਉਹ ਆਪਣੇ ਬੀਤ ਚੁੱਕੇ ਜੀਵਨ ਨੂੰ ਮੁੜ ਸਿਰਜਣ ਦਾ ਜਤਨ ਕਰਦਾ ਹੈ। ਇਸ ਕਾਰਜ ਵਿਚ ਉਹ ਕਿਥੋਂ ਤੱਕ ਸਫ਼ਲ ਹੁੰਦਾ ਹੈ—ਇਹ ਉਸਦੀ ਆਪਣੀ ਸਮਰਣ-ਸ਼ਕਤੀ ਤੇ ਯੋਗਤਾ ਉਪਰ ਨਿਰਭਰ ਕਰਦਾ ਹੈ। ਉਹ ਆਪਣੇ ਜੀਵਨ ਦੀਆਂ ਔਕੜਾਂ, ਮਜਬੂਰੀਆਂ, ਪ੍ਰਾਪਤੀਆਂ-ਅਪ੍ਰਾਪਤੀਆਂ, ਹਾਦਸਿਆਂ ਤੇ ਹੋਰ ਜੀਵਨਗਤ ਵੇਰਵਿਆਂ ਦਾ ਬਿਆਨ ਇਉਂ ਕਰਦਾ ਹੈ ਕਿ ਉਸਦੇ ਜੀਵਨ ਦਾ ਇਕ ਭੱਰਵਾਂ ਚਿਤਰ (ਮਹਾਂ-ਦ੍ਰਿਸ਼) ਹੋਂਦ ਵਿਚ ਆ ਜਾਂਦਾ ਹੈ। ਪਰ, ਯਾਦ ਰਹੇ ਕਿ ਸਵੈ-ਜੀਵਨੀ, ਲੇਖਕ ਦੇ ਹਰ ਜੀਵਨਗਤ ਵੇਰਵੇ ਦਾ ਭਾਰ ਨਹੀਂ ਝੱਲ ਸਕਦੀ। ਸੋ ! ਅਕਸਰ ਉਸਨੂੰ ਆਪਣੇ ਜੀਵਨ-ਅਨੁਭਵਾਂ ਨੂੰ ਕਟੌਤੀ ਦੀ ਪ੍ਰਕਿਰਿਆ ਥਾਣੀ ਲੰਘਾਉਣਾ ਹੀ ਪੈਂਦਾ ਹੈ। ਸਵੈ-ਜੀਵਨੀ ਦੀ ਕਲਾ-ਕੌਸ਼ਲਤਾ ਇਨ੍ਹਾਂ ਵੇਰਵਿਆਂ, ਘਟਨਾਵਾਂ ਤੇ ਹਾਦਸਿਆਂ ਦੀ 'ਚੋਣ' (selection) ਤੇ 'ਸੰਯੋਜਨ' (combination) ਉਪਰ ਨਿਰਭਰ ਕਰਦੀ ਹੈ। ਇਹ ਕਾਰਜ ਲੇਖਕ/ਲੇਖਿਕਾ ਪਾਸੋਂ, ਇਕ ਵਿਸ਼ੇਸ਼ ਪ੍ਰਕਾਰ ਦੀ ਸੁਹਿਰਦਤਾ ਚੇਤੰਨਤਾ ਤੇ ਨਿਰਸੰਕੋਚਤਾ ਦੀ ਮੰਗ ਕਰਦਾ ਹੈ। ਯਾਦ ਰਹੇ, ਸਵੈ-ਜੀਵਨੀ ਸਾਹਿਤ-ਵਿਧਾ, ਸਵੈ-ਸ਼ਲਾਘਾ ਤੇ ਸਵੈ-ਪ੍ਰਸੰਸਾ ਦਾ ਕੇਵਲ ਹੁਨਰੀ ਮਾਧਿਅਮ ਮਾਤਰ ਨਹੀਂ। ਸਗੋਂ, ਇਹ ਸੱਚ ਦਾ ਨਿਸ਼ੰਗ ਤੇ ਕੋਰਾ ਬਿਆਨ ਹੈ। ਹਾਂ ! ਇਸਨੂੰ 'ਸਵੈ-ਪਛਾਣ' ਦਾ ਹੁਨਰੀ ਮਾਧਿਅਮ ਜ਼ਰੂਰ ਕਿਹਾ ਜਾ ਸਕਦਾ ਹੈ। ਇਹ ਸਭ ਕੁਝ ਤਾਂ ਹੀ ਸੰਭਵ ਹੁੰਦਾ ਹੈ ਜਦੋਂ ਸਵੈ-ਜੀਵਨੀ ਦਾ ਲੇਖਕ, "ਆਪਾ-ਲੁਕਾਊ ਬਿਰਤੀ" ਤੇ 'ਸਵੈ-ਸ਼ਲਾਘਾ ਦੀ ਭਾਵਨਾ' ਦਾ ਸ਼ਿਕਾਰ ਹੋਣੋਂ ਬਚਿਆ ਰਹਿੰਦਾ ਹੈ। ਸਵੈ-ਜੀਵਨੀ ਸਾਹਿਤ-ਵਿਧਾ, ਲੇਖਕ ਪਾਸੋਂ ਇਕ ਵਿਸ਼ੇਸ਼ ਪ੍ਰਕਾਰ ਦੇ ਬੇਬਾਕ-ਬਿਆਨ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੰਗ ਕਰਦੀ ਹੈ। ਪਰ, ਇਹ ਬੇਬਾਕ ਜੀਵਨ-ਬਿਆਨ, ਪਾਠਕ ਲਈ ਦਿਲਚਸਪੀ ਦਾ ਵਿਸ਼ਾ ਤੇ ਪ੍ਰੇਰਨਾਦਾਇਕ ਹੋਣਾ ਬਹੁਤ ਜ਼ਰੂਰੀ ਹੈ। ਇਸ ਦੀ ਅਣਹੋਂਦ ਵਿਚ ਸੰਬੰਧਿਤ ਸ੍ਵੈ-ਜੀਵਨੀ ਰਚਨਾ, ਆਪਣੇ ਬੁਨਿਆਦੀ ਮੰਤਵ ਤੋਂ ਮੁਨਕਰ ਹੋਈ ਨਜ਼ਰ ਆਏਗੀ।

ਸਵੈ-ਜੀਵਨੀ ਸਾਹਿਤ-ਵਿਧਾ, ਲੇਖਕ ਪਾਸੋਂ ਇਸ ਗੱਲ ਦੀ ਵੀ ਮੰਗ ਕਰਦੀ ਹੈ ਕਿ ਉਹ ਆਪਣੇ ਜੀਵਨਗਤ ਵੇਰਵਿਆਂ, ਘਟਨਾਵਾਂ ਤੇ ਹਾਦਸਿਆਂ ਦੀ ਪੇਸ਼ਕਾਰੀ ਸਮੇਂ ਆਪਣੇ "ਸਵੈ" ਤੇ 'ਸਿਰਜਕ-ਆਪੇ' ਵਿਚਕਾਰ, ਯੋਗ ਵਿੱਥ (distance) ਸਥਾਪਿਤ ਕਰੇ। ਇਸ ਦੀ ਅਣਹੋਂਦ ਕਾਰਨ ਸਾਰਾ ਬਿਆਨ ਉਲਾਰ ਹੋ ਕੇ ਰਹਿ ਜਾਂਦਾ ਹੈ ਅਤੇ ਲੇਖਕ ਤੇ 'ਸਵੈ' ਵਿਚਲਾ ਸੰਤੁਲਨ ਬਰਕਰਾਰ ਨਹੀਂ ਰਹਿੰਦਾ। ਇਸ ਸਥਿਤੀ ਵਿਚ ਸਵੈ-ਜੀਵਨੀ ਉਪਰ ਸਵੈ-ਸ਼ਲਾਘਾ, ਸਵੈ-ਪ੍ਰਸੰਸਾ ਦੀ ਭਾਵਨਾ ਅਤੇ ਆਪਾ ਲੁਕਾਉ ਬਿਰਤੀ ਦੇ ਭਾਰੂ ਹੋ ਜਾਣ ਦਾ ਖ਼ਦਸ਼ਾ ਬਣਿਆ ਰਹਿੰਦਾ ਹੈ। ਸੋ ! ਸੁਹਿਰਦਤਾ, ਬੇਬਾਕੀ, ਸਵੈ-ਵਿਸ਼ਲੇਸ਼ਣ, ਨਿਰਸੰਕੋਚਤਾ ਆਦਿ ਸਵੈ-ਜੀਵਨੀ ਦੇ ਲੋੜੀਂਦੇ ਤੱਤਾਂ ਦੀ ਤਰ੍ਹਾਂ, ਸਿਰਜਣਾਤਮਕ-ਵਿੱਥ ਦਾ ਹੋਣਾ ਵੀ ਬਹੁਤ ਲਾਜ਼ਮੀ ਹੈ। ਇਨ੍ਹਾਂ ਤੱਤਾਂ ਦੀ ਅਣਹੋਂਦ ਵਿਚ ਸਵੈ-ਜੀਵਨੀ 'ਚੋਂ ਉਭਰਣ ਵਾਲਾ ਲੇਖਕ ਦਾ ਜੀਵਨ-ਬਿੰਬ ਉਲਾਰ, ਅਯਥਾਰਥਕ, ਅਸੰਤੁਲਿਤ, ਸਤਹੀ ਤੇ ਪੇਤਲਾ ਸਾਬਤ ਹੋਵੇਗਾ।

ਹਰ ਸਵੈ-ਜੀਵਨੀ ਲਈ ਇਹ ਵੀ ਜ਼ਰੂਰੀ ਹੁੰਦਾ ਹੈ ਕਿ ਉਸ ਵਿਚ ਪੇਸ਼ ਹੋਣ ਵਾਲੇ ਜੀਵਨਗਤ ਵੇਰਵੇ, ਘਟਨਾਵਾਂ ਤੇ ਹਾਦਸੇ, ਆਪਣੇ ਸਮਾਜਕ ਤੇ ਭਾਈਚਾਰਕ ਪ੍ਰਸੰਗ ਤੋਂ ਟੁੱਟੇ ਨਹੀਂ ਹੋਣੇ ਚਾਹੀਦੇ। ਸਗੋਂ, ਸਾਪੇਖ ਰੂਪ ਵਿਚ ਕਿਸੇ ਸੁਨਿਸ਼ਚਿਤ ਵਾਰਤਕ ਜਾਂ ਬਿਰਤਾਂਤਕ-ਪ੍ਰਬੰਧ ਵਿਚ ਬੱਝ ਕੇ ਪੇਸ਼ ਹੋਣੇ ਚਾਹੀਦੇ ਹਨ। ਸਮਾਜਕ ਤੇ ਭਾਈਚਾਰਕ ਪ੍ਰਸੰਗ ਤੋਂ ਨਿਰਪੇਖ ਜੀਵਨ-ਬਿਆਨ, ਨਾ ਤਾਂ ਕਿਸੇ ਬੱਝਵੇਂ ਪ੍ਰਭਾਵ ਨੂੰ ਸਿਰਜਣ ਦੇ ਸਮਰੱਥ ਹੁੰਦਾ ਹੈ ਅਤੇ ਨਾ ਹੀ ਇਸ ਨਾਲ ਸੰਬੰਧਿਤ ਲੇਖਕ ਦੇ ਜੀਵਨ ਦਾ ਮਹਾਂ-ਦ੍ਰਿਸ਼ ਉਭਰ ਸਕਦਾ ਹੈ। ਇਸ ਦੇ ਨਾਲ ਨਾਲ ਸਵੈ-ਜੀਵਨੀ ਵਿਚ ਪੇਸ਼ ਜੀਵਨ-ਬਿਆਨ, ਵੱਧ ਤੋਂ ਵੱਧ ਯਥਾਰਥਕ ਹੋਣਾ ਵੀ ਬਹੁਤ ਜ਼ਰੂਰੀ ਹੈ। ਜਿਵੇਂ ਕਿ ਪਹਿਲਾਂ ਵੀ ਸੰਕੇਤ ਕੀਤਾ ਜਾ ਚੁੱਕਿਆ ਹੈ ਕਿ ਸਵੈ-ਜੀਵਨੀ, ਸਹਿਜੇ ਕੀਤਿਆਂ ਜੀਵਨ ਦੇ ਅਯਥਾਰਥਕ ਬਿਆਨ ਦਾ ਭਾਰ ਨਹੀਂ ਝੱਲ ਸਕਦੀ। ਸੋ ! ਇਸ ਜੀਵਨ-ਬਿਆਨ ਦਾ ਵੱਧ ਤੋਂ ਵੱਧ ਪ੍ਰਮਾਣਿਕ ਤੇ ਸਚਾਈ ਉਪਰ ਅਧਾਰਤ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ।

ਸਮਕਾਲੀ ਜੀਵਨ-ਇਤਿਹਾਸ ਦੀ ਪੇਸ਼ਕਾਰੀ ਵੀ ਸਵੈ-ਜੀਵਨੀ ਨਾਲ ਸੰਬੰਧਿਤ ਇਕ ਮਹੱਤਵਪੂਰਨ ਨੁਕਤਾ ਹੈ। ਇਸ ਜੀਵਨ-ਇਤਿਹਾਸ ਦੀ ਪੇਸ਼ਕਾਰੀ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਘਟਨਾਵਾਂ ਦੀ ਤਰਤੀਬ ਸਮੇਂ, ਸਵੈ-ਜੀਵਨੀਕਾਰ ਅਕਸਰ ਕਲਪਨਾ ਦਾ ਸਹਾਰਾ ਲੈਂਦਾ ਨਜ਼ਰ ਆਉਂਦਾ ਹੈ। ਆਪਣੇ ਜੀਵਨ-ਬਿਆਨ ਨੂੰ ਰੋਚਕ ਤੇ ਕਲਾਤਮਕ ਬਣਾਉਣ ਲਈ ਉਹ ਕਈ ਪ੍ਰਕਾਰ ਦੇ ਪ੍ਰਤੀਕਾਂ, ਰੂਪਕਾਂ ਤੇ ਚਿਨ੍ਹਾਂ ਆਦਿ ਦੀ ਵਰਤੋਂ ਵੀ ਕਰਦਾ ਹੈ। ਇਉਂ, ਸਵੈ-ਜੀਵਨੀ ਬੁਨਿਆਦੀ ਤੌਰ 'ਤੇ ਸਾਹਿਤਕਤਾ ਤੇ ਇਤਿਹਾਸਕਤਾ ਦਾ ਸੁਮੇਲ ਹੋ ਨਿਬੜਦੀ ਹੈ। ਇਸੇ ਵਿਚ ਹੀ ਸਵੈ-ਜੀਵਨੀ ਸਾਹਿਤ ਦੀ ਆਪਣੀ ਵਿਲੱਖਣ ਮਹੱਤਤਾ ਦਾ ਰਾਜ਼ ਨਿਹਿਤ ਹੈ।

(ਅ)

ਇਹ ਸਭ ਕੁਝ ਜਾਣ ਲੈਣ ਮਗਰੋਂ ਵੀ ਸਵੈ-ਜੀਵਨੀ ਦੇ ਪ੍ਰਯੋਜਨ ਸੰਬੰਧੀ ਮੂਲ ਪ੍ਰਸ਼ਨ ਬਣਿਆ ਹੀ ਰਹਿੰਦਾ ਹੈ। ਸਵੈ-ਜੀਵਨੀ ਕਿਸ ਪ੍ਰਯੋਜਨ ਨੂੰ ਮੁੱਖ ਰਖ ਕੇ ਲਿਖੀ ਜਾਂਦੀ ਹੈ ?—ਇਹ ਇਕ ਅਜਿਹਾ ਜਟਿਲ ਸੁਆਲ ਹੈ, ਜਿਸ ਦੇ ਹੱਲ ਲਈ ਸਾਡੇ ਕੋਲ ਕੋਈ ਨਿਸ਼ਚਿਤ ਸਿਧਾਂਤ ਮੌਜੂਦ ਨਹੀਂ। ਪਰ, ਫਿਰ ਵੀ ਅਸੀਂ ਇਸ ਮਸਲੇ ਨੂੰ ਆਪਣੀ ਵਿੱਤ ਮੁਤਾਬਕ ਨਜਿੱਠਣ ਦਾ ਜਤਨ ਕਰਾਂਗੇ।

ਭਿੰਨ ਭਿੰਨ ਸਵੈ-ਜੀਵਨੀਆਂ ਦਾ ਅਧਿਐਨ ਕਰਨ ਨਾਲ ਇਸ ਤੱਥ ਦੀ ਜਾਣਕਾਰੀ ਹੁੰਦੀ ਹੈ ਕਿ ਹਰ ਸਵੈ-ਜੀਵਨੀ ਕਿਸੇ ਨਾ ਕਿਸੇ ਮੰਤਵ ਦੀ ਪੂਰਤੀ ਹਿੱਤ ਹੋਂਦ ਵਿਚ ਆਉਂਦੀ ਹੈ। ਹੋਂਦ ਵਿਚ ਆਉਣ ਮਗਰੋਂ, ਉਸ ਪੂਰਵ ਨਿਸ਼ਚਿਤ ਮੰਤਵ ਦੀ ਪੂਰਤੀ ਹੁੰਦੀ ਹੈ ਜਾਂ ਨਹੀਂ—ਇਹ ਇਕ ਵੱਖਰਾ ਮਸਲਾ ਹੈ, ਜੋ ਹਰ ਸਵੈ-ਜੀਵਨੀ ਦੇ ਵੱਖਰੇ ਵਿਸ਼ਲੇਸ਼ਣ ਨਾਲ ਹੀ ਨਜਿੱਠਿਆ ਜਾ ਸਕਦਾ ਹੈ। ਪਰ, ਇਸ ਤੱਥ ਤੋਂ ਸਹਿਜੇ ਕੀਤਿਆਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਹਰ ਸਵੈ-ਜੀਵਨੀ ਦੇ ਪਿਛੋਕੜ ਵਿਚ ਕੋਈ ਨਾ ਕੋਈ ਮੰਤਵ ਜਾਂ ਪ੍ਰਯੋਜਨ ਜ਼ਰੂਰ ਕਾਰਜਸ਼ੀਲ ਹੁੰਦਾ ਹੈ। ਆਮ ਤੌਰ ਤੇ ਵੇਖਿਆ ਜਾਂਦਾ ਹੈ ਕਿ ਆਪਣੇ ਜੀਵਨ ਅਨੁਭਵਾਂ ਨੂੰ ਦੂਜਿਆਂ ਨਾਲ ਸਾਂਝਿਆਂ ਕਰਨ ਦੀ ਹਰ ਮਨੁੱਖ ਵਿਚ ਤੀਬਰ ਇੱਛਾ ਹੁੰਦੀ ਹੈ। ਬੁਨਿਆਦੀ ਤੌਰ 'ਤੇ ਇਹ ਇੱਛਾ ਹੀ ਕਿਸੇ ਲੇਖਕ ਨੂੰ 'ਸਵੈ-ਜੀਵਨੀ' ਲਿਖਣ ਵਲ ਪ੍ਰੇਰਿਤ ਕਰਦੀ ਹੈ।[18] ਅਕਸਰ ਵੇਖਣ ਵਿਚ ਆਉਂਦਾ ਹੈ ਕਿ ਸਵੈ-ਜੀਵਨੀ ਦਾ ਲੇਖਕ, ਸਾਹਿਤ, ਰਾਜਨੀਤੀ, ਵਿਗਿਆਨ, ਸਮਾਜ ਜਾਂ ਅਜਿਹੇ ਕੁਝ ਹੋਰ ਖੇਤਰਾਂ ਵਿਚ ਮਾਨਤਾ-ਪ੍ਰਾਪਤ ਵਿਅੱਕਤੀ ਹੁੰਦਾ ਹੈ। ਉਹ ਆਪਣੇ 'ਸਵੈ' ਪ੍ਰਤੀ ਚੇਤੰਨ ਹੁੰਦਾ ਹੈ ਅਤੇ ਜੀਵਨ-ਸਫ਼ਰ ਦੌਰਾਨ ਗ੍ਰਹਿਣ ਕੀਤੇ ਵਿਲੱਖਣ ਤੇ ਵਚਿੱਤਰ ਅਨੁਭਵਾਂ ਨੂੰ ਗਤੀਸ਼ੀਲ ਤੇ ਵਿਕਾਸਸ਼ੀਲ ਰੂਪ ਵਿਚ ਬਿਆਨ ਕਰਨ ਦੇ ਸਮਰੱਥ ਹੁੰਦਾ ਹੈ।[19] ਸੋ ! ਸਵੈ-ਜੀਵਨੀ ਦਾ ਸਿਰਜਕ ਅਜਿਹਾ ਵਿਅੱਕਤੀ ਵਿਸ਼ੇਸ਼ ਹੀ ਹੋ ਸਕਦਾ ਹੈ ਜੋ ਪਾਠਕਾਂ ਲਈ ਪ੍ਰੇਰਨਾਦਾਇਕ ਸਾਬਤ ਹੋ ਸਕੇ। ਉਸ ਕੋਲ ਆਪਣੇ ਜੀਵਨ-ਅਨੁਭਵ ਨਾਲ ਸੰਬੰਧਿਤ ਕੁਝ ਅਜਿਹੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰੌਚਕ ਵੇਰਵੇ, ਹਾਦਸੇ ਜਾਂ ਘਟਨਾਵਾਂ ਹੁੰਦੀਆਂ ਹਨ, ਜੋ ਪਾਠਕਾਂ ਲਈ ਦਿਲਚਸਪੀ ਦਾ ਵਿਸ਼ਾ ਵੀ ਹੁੰਦੀਆਂ ਹਨ ਅਤੇ ਪ੍ਰੇਰਣਾ ਦਾ ਸੋਮਾ ਵੀ। ਸਵੈ-ਜੀਵਨੀ ਦੇ ਸਿਰਜਕ ਦੀ ਆਪਣੀ ਵਿਸ਼ੇਸ਼ ਜੀਵਨੀ ਹੋਣੀ ਵੀ ਲਾਜ਼ਮੀ ਹੈ--ਜਿਸ ਨੂੰ ਕਿਸੇ ਹੋਰ ਪਾਠਕ ਜਾਂ ਪ੍ਰਭਾਵਿਤ ਵਿਅੱਕਤੀ ਨੇ ਲਿਖਣ ਦਾ ਜਤਨ ਕੀਤਾ ਹੁੰਦਾ ਹੈ। ਜਦੋਂ ਕੋਈ ਅਜਿਹਾ ਸਮਰੱਥਾਵਾਨ ਵਿਅੱਕਤੀ ਸਵੈ-ਜੀਵਨੀ ਲਿਖਦਾ ਹੈ ਤਾਂ ਉਹ (ਸਵੈ-ਜੀਵਨੀ) ਦੂਸਰਿਆਂ ਨੂੰ ਪ੍ਰਭਾਵਿਤ ਕੀਤੇ ਬਿਨਾਂ ਨਹੀਂ ਰਹਿ ਸਕਦੀ। ਸਵੈ-ਜੀਵਨੀ ਦਾ ਲੇਖਕ 'ਵਿਅੱਕਤੀ' ਹੋਣ ਕਰਕੇ ਦੂਸਰਿਆਂ ਤੋਂ ਵੱਖਰਾ ਤੇ ਆਪਣੇ 'ਸਵੈ' ਦੀ ਵਿਲੱਖਣਤਾ ਪ੍ਰਤੀ ਚੇਤੰਨ ਹੁੰਦਾ ਹੈ ਅਤੇ 'ਮਾਨਵ' ਹੋਣ ਸਦਕਾ ਦੂਸਰੇ ਵਿਅੱਕਤੀਆਂ ਨਾਲ ਸਾਂਝ ਵੀ ਰਖਦਾ ਹੈ। ਉਸਦੇ ਜੀਵਨ-ਸੰਘਰਸ਼ ਤੇ ਜੀਵਨ-ਅਨੁਭਵ ਤੋਂ, ਪਾਠਕ ਨੂੰ ਕੇਵਲ ਪ੍ਰੇਰਣਾ ਹੀ ਨਹੀਂ, ਸਗੋਂ ਅਨੁਭਵ ਦੀ ਗਹਿਰਾਈ ਵੀ ਮਿਲਦੀ ਹੈ। ਇਥੇ ਹੀ ਬਸ ਨਹੀਂ, ਪਾਠਕ ਨੂੰ ਸਵੈ-ਜੀਵਨੀ ਰਚਨਾ ਵਿਚੋਂ ਸਵੈ-ਮੰਥਨ ਜਾਂ ਸਵੈ-ਵਿਸ਼ਲੇਸ਼ਣ ਦੀ ਸ਼ਕਤੀ ਵੀ ਪ੍ਰਾਪਤ ਹੁੰਦੀ ਹੈ।[20] ਇਉਂ, ਸਵੈ-ਜੀਵਨੀ ਲਿਖਣ ਦਾ ਸਭ ਤੋਂ ਮਹੱਤਵਪੂਰਣ ਪ੍ਰਯੋਜਨ ਇਹ ਹੁੰਦਾ ਹੈ ਕਿ ਪਾਠਕ, ਲੇਖਕ ਦੇ ਜੀਵਨ ਅਨੁਭਵਾਂ ਤੋਂ ਯੋਗ ਫ਼ਾਇਦਾ ਉਠਾ ਸਕਣਾ।

ਪਰ, ਕਦੀ ਕਦੀ ਇਸ ਤਰ੍ਹਾਂ ਵੀ ਹੋਇਆ ਹੈ ਕਿ ਲੇਖਕ ਨੇ ਸਵੈ-ਜੀਵਨੀ ਦੀ ਰਚਨਾ, ਜੀਵਨ ਵਿਚ ਕੀਤੇ ਬੁਰੇ ਕੰਮਾਂ ਦਾ ਪਛਤਾਵਾ ਕਰਨ ਦੇ ਪ੍ਰਯੋਜਨ ਹਿੱਤ ਕੀਤੀ ਹੋਵੇ। ਸੰਸਾਰ ਪ੍ਰਸਿੱਧ ਚਿੰਤਕ ਰੂਸੋ ਦੀ ਸਵੈ-ਜੀਵਨੀ 'ਕਨਫ਼ੈਸ਼ਨ' ਵਿਚ ਪੇਸ਼ ਇਹ ਸ਼ਬਦ, ਇਸ ਵਿਚਾਰ ਦੀ ਪੁਸ਼ਟੀ ਲਈ ਪੇਸ਼ ਕੀਤੇ ਜਾ ਸਕਦੇ ਹਨ :

> "ਜਦ ਰੱਬ ਵਲੋਂ ਮੈਨੂੰ ਬੁਲਾਵਾ ਆਵੇਗਾ ਤਾਂ ਮੈਂ ਆਪਣੀ ਸਵੈ-ਜੀਵਨੀ ਉਸ ਅਗੇ ਪੇਸ਼ ਕਰਾਂਗਾ। ਅਤੇ ਕਹਾਂਗਾ ਕਿ, ਹੇ ਈਸ਼ਵਰ ! ਮੈਂ ਇਸੀ ਤਰ੍ਹਾਂ ਸੰਸਾਰ ਵਿਚ ਵਿਚਰਿਆ ਹਾਂ। ਮੈਂ ਆਪਣੇ ਪੁੰਨ ਤੇ ਪਾਪ (ਇਸ ਸਵੈ-ਜੀਵਨੀ ਰਾਹੀਂ) ਤੇਰੇ ਸਾਹਮਣੇ ਪੇਸ਼ ਕਰਦਾ ਹਾਂ।"[21]

ਇਉਂ, ਕਿਸੇ ਸਵੈ-ਜੀਵਨੀ ਦੇ ਦੂਜੈਲੇ ਪ੍ਰਯੋਜਨ ਕੁਝ ਵੀ ਹੋਣ, ਇਸਦੇ ਲਿਖਣ ਦਾ ਪਹਿਲਾ ਤੇ ਮਹੱਤਵਪੂਰਨ ਪ੍ਰਯੋਜਨ ਪਾਠਕ ਨਾਲ ਉਨ੍ਹਾਂ ਕੁਝ ਅਹਿਮ ਤੇ ਵਿਸ਼ੇਸ਼ ਜੀਵਨ-ਅਨੁਭਵਾਂ ਨੂੰ ਸਾਂਝਿਆਂ ਕਰਨਾ ਹੈ, ਜੋ ਉਸ ਨੂੰ (ਪਾਠਕ) ਪ੍ਰੇਰਿਤ ਕਰ ਸਕਣ।

ਇਥੇ ਇਹ ਸਪੱਸ਼ਟ ਕਰ ਦੇਣਾ ਵੀ ਜ਼ਰੂਰੀ ਬਣਦਾ ਹੈ ਕਿ ਸਵੈ-ਜੀਵਨੀ, ਇਕ ਅਜਿਹੀ ਸਾਹਿਤ-ਵਿਧਾ ਹੈ, ਜੋ ਜੀਵਨੀ, ਡਾਇਰੀ, ਪੱਤਰਾਵਲੀ, ਸੰਸਮਰਣ (ਯਾਦਾਂ) ਆਦਿ ਭਿੰਨ ਭਿੰਨ ਸਾਹਿਤ-ਰੂਪਾਂ ਨਾਲ ਮੇਲ ਖਾਂਦੀ ਹੈ। ਜਦਕਿ ਇਨ੍ਹਾਂ ਸਾਰੇ ਸਾਹਿਤ-ਰੂਪਾਂ ਦੇ ਆਪੋ-ਆਪਣੇ ਨਿਵੇਕਲੇ ਚਰਿੱਤਰ ਹਨ। ਇਨ੍ਹਾਂ ਵਿਚਕਾਰ ਨਿਖੇੜਾ ਸਥਾਪਤ ਕਰਨ ਨਾਲ, ਸਵੈ-ਜੀਵਨੀ ਦੀ ਪ੍ਰਕਿਰਤੀ ਤੇ ਪ੍ਰਯੋਜਨ ਨੂੰ ਸਮਝਣ ਵਿਚ ਹੋਰ ਵੀ

CC-0. In Public Domain. Gurukul Kangri Collection, Haridwar

6637
Digitized by Arya Samaj Foundation Chennai and eGangotri

ਸਹਾਇਤਾ ਮਿਲ ਸਕਦੀ ਹੈ। ਇਸ ਨਿਖੇੜੇ ਪ੍ਰਤੀ ਸੁਚੇਤ ਹੋਣਾ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਡਾਇਰੀ ਪੱਤਰਾਵਲੀ ਤੇ ਸੰਸਮਰਣ ਆਦਿ ਵਿਧਾਵਾਂ ਦੇ ਕੁਝ ਤੱਤਾਂ ਦੀ ਹੋਂਦ, ਅਕਸਰ ਸਵੈ-ਜੀਵਨੀਆਂ ਵਿਚ ਵੇਖਣ ਨੂੰ ਮਿਲਦੀ ਹੈ। ਕਈ ਵਾਰ ਇਨ੍ਹਾਂ ਵਿਚੋਂ ਕੋਈ ਵਿਧਾ, ਸਵੈ-ਜੀਵਨੀ ਰਚਨਾ ਉਪਰ ਇਤਨੀ ਭਾਰੂ ਹੋ ਜਾਂਦੀ ਹੈ ਕਿ ਸੰਬੰਧਿਤ ਰਚਨਾ ਨੂੰ ਸਵੈ-ਜੀਵਨੀ ਸਾਹਿਤ ਦੀ ਕੋਟੀ ਵਿਚ ਰਖਣਾ ਹੀ ਮੁਸ਼ਕਲ ਹੋ ਜਾਂਦਾ ਹੈ। ਇਹ ਭਿੰਨ ਭਿੰਨ ਸਾਹਿਤ-ਵਿਧਾਵਾਂ, ਸਵੈ-ਜੀਵਨੀ ਨਾਲ ਇਸ ਹੱਦ ਤੱਕ ਮੇਲ ਖਾਂਦੀਆਂ ਨਜ਼ਰ ਆਉਂਦੀਆਂ ਹਨ ਕਿ ਕਈ ਵਾਰ ਇਨ੍ਹਾਂ ਨੂੰ ਹੀ ਸਵੈ-ਜੀਵਨੀ ਦਾ ਨਾਮ ਦੇ ਦਿੱਤਾ ਜਾਂਦਾ ਹੈ। ਸੋ ! ਇਨ੍ਹਾਂ ਸਾਰੇ ਭਰਮਾਂ ਤੇ ਭੁਲੇਖਿਆਂ ਤੋਂ ਬਚਣ ਅਤੇ ਸਵੈ-ਜੀਵਨੀ ਦੀ ਪ੍ਰਕਿਰਤੀ ਤੇ ਪ੍ਰਯੋਜਨ ਨੂੰ ਹੋਰ ਗਹਿਰਾਈ ਨਾਲ ਸਮਝਣ ਲਈ ਅਸੀਂ ਇਥੇ ਇਨ੍ਹਾਂ ਸਾਹਿਤ-ਵਿਧਾਵਾਂ ਵਿਚਕਾਰ ਨਿਖੇੜਾ ਸਥਾਪਤ ਕਰਨ ਦੀ ਯੋਜਨਾ ਬਣਾਈ ਹੈ।

गुरुकुल कांगड़ी विश्वविद्यालय

(ੳ) ਸਵੈ-ਜੀਵਨੀ ਤੇ ਜੀਵਨੀ :

ਸਵੈ-ਜੀਵਨੀ, ਭਾਵੇਂ ਸੰਬੰਧਿਤ ਲੇਖਕ ਦੀ ਜੀਵਨੀ ਹੀ ਹੁੰਦੀ ਹੈ। ਪਰ, ਫਿਰ ਵੀ ਇਨ੍ਹਾਂ ਦੋਹਾਂ ਸਾਹਿਤ-ਵਿਧਾਵਾਂ ਵਿਚ ਕਾਫੀ ਅੰਤਰ ਹਨ, ਜਿਨ੍ਹਾਂ ਦੇ ਆਧਾਰ 'ਤੇ ਅਸੀਂ ਇਕ ਨੂੰ ਦੂਜੀ ਤੋਂ ਸਹਿਜੇ ਹੀ ਨਿਖੇੜ ਸਕਦੇ ਹਾਂ। ਇਨ੍ਹਾਂ ਦੋਹਾਂ ਸਾਹਿਤ-ਵਿਧਾਵਾਂ-ਵਿਚਕਾਰ ਪਹਿਲਾਂ ਤੇ ਬੁਨਿਆਦੀ ਅੰਤਰ ਇਹ ਹੈ ਕਿ ਜਿਥੇ ਸਵੈ-ਜੀਵਨੀ ਰਚਨਾ ਵਿਚ ਸੰਬੰਧਿਤ ਲੇਖਕ, ਆਪਣੀ ਜੀਵਨੀ ਆਪ ਪੇਸ਼ ਕਰਦਾ ਹੈ, ਉਥੇ 'ਜੀਵਨੀ' ਕਿਸੇ ਦੂਜੇ ਵਿਅੱਕਤੀ ਦੁਆਰਾ ਲਿਖੀ ਜਾਂਦੀ ਹੈ। ਇਹ ਤਾਂ ਸਪੱਸ਼ਟ ਹੈ ਕਿ ਕੋਈ ਵਿਅੱਕਤੀ (ਲੇਖਕ) ਆਪਣੇ ਬਾਰੇ ਜਿਤਨਾ ਆਪ ਜਾਣਦਾ ਹੁੰਦਾ ਹੈ, ਉਤਨਾ ਉਸ ਬਾਰੇ ਕੋਈ ਹੋਰ ਨਹੀਂ ਜਾਣ ਸਕਦਾ। ਇਹੀ ਵਜ੍ਹਾ ਹੈ ਕਿ ਜਦੋਂ ਉਹ ਆਪਣੀ ਜੀਵੀ ਜਾਂ ਹੰਢਾਈ ਜ਼ਿੰਦਗੀ ਆਪ ਬਿਆਨ ਕਰਦਾ ਹੈ ਤਾਂ ਉਸ ਕੋਲ ਵਧੇਰੇ ਆਤਮ-ਵਿਸ਼ਵਾਸ ਤੇ ਭਰੋਸਾ ਹੁੰਦਾ ਹੈ। ਇਸ ਦੇ ਮੁਕਾਬਲੇ ਜਦੋਂ ਕੋਈ ਜੀਵਨੀ-ਲੇਖਕ ਕਿਸੇ ਬਾਰੇ ਕੁਝ ਲਿਖਦਾ ਹੈ ਤਾਂ ਉਹ ਉਸਦੇ ਆਂਤਰਿਕ ਚਰਿੱਤਰ ਨੂੰ ਪੂਰੀ ਤਰ੍ਹਾਂ ਉਘਾੜਣ ਦੇ ਅਸਮੱਰਥ ਹੁੰਦਾ ਹੈ। ਉਸਦਾ ਬਹੁਤਾ ਜ਼ੋਰ, ਸੰਬੰਧਿਤ ਵਿਅੱਕਤੀ ਦੇ ਬਾਹਰੀ ਜੀਵਨਗਤ ਵੇਰਵਿਆਂ ਦੀ ਪੇਸ਼ਕਾਰੀ ਉਪਰ ਹੁੰਦਾ ਹੈ। ਜੀਵਨੀ-ਰਚਨਾ ਵਿਚ, ਜੀਵਨ-ਸਚਾਈ ਉਸ ਸ਼ਿੱਦਤ ਨਾਲ ਨਹੀਂ ਪੇਸ਼ ਹੋ ਸਕਦੀ, ਜਿਸ ਨਾਲ ਕਿ ਸਵੈ-ਜੀਵਨੀ ਵਿਚ ਪੇਸ਼ ਹੋਣ ਦੀ ਸੰਭਾਵਨਾ ਹੁੰਦੀ ਹੈ। ਹੋਰਨਾਂ ਕਾਰਨਾਂ ਵਿਚੋਂ ਇਕ ਇਹ ਵੀ ਮਹੱਤਵਪੂਰਨ ਕਾਰਨ ਹੈ ਜੋ ਕਿਸੇ ਨੂੰ ਸਵੈ-ਜੀਵਨੀ ਲਿਖਣ ਲਈ ਪ੍ਰੇਰਿਤ ਕਰਦਾ ਹੈ। ਸਵੈ-ਜੀਵਨੀ ਦੀ ਪ੍ਰਕਿਰਤੀ ਤੇ ਪ੍ਰਯੋਜਨ ਨਾਲ ਸੰਬੰਧਿਤ, ਇਹ ਇਕ ਵਰਣਨ-ਯੋਗ ਨੁਕਤਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਵੈ-ਜੀਵਨੀ ਤੇ ਜੀਵਨੀ ਵਿਚ ਇਕ ਅੰਤਰ ਇਹ ਵੀ ਹੈ ਕਿ ਜੀਵਨੀ ਵਿਚ ਜਿਥੇ ਕਿਸੇ ਹੋਰ ਦਾ ਜੀਵਨ ਸੱਚ ਪੇਸ਼ ਕੀਤਾ ਜਾਂਦਾ ਹੈ, ਉਥੇ ਸਵੈ-ਜੀਵਨੀ ਵਿਚ ਸਵੈ-ਜੀਵਨੀਕਾਰ ਆਪਣੇ ਜੀਵਨ-ਸੱਚ ਨੂੰ ਬਿਆਨ ਕਰਨ ਦੇ ਜਤਨ ਵਿਚ ਰੁਝਿਆ ਹੁੰਦਾ ਹੈ। ਸ਼ਾਇਦ ਇਹੀ ਵਜ੍ਹਾ ਹੈ ਕਿ ਜੀਵਨੀ ਵਿਚ ਲੇਖਕ, ਬਾਹਰੀ ਜਗਤ ਤੋਂ ਅੰਤਰੀਵ ਜਗਤ ਵਲ ਪਰਤਦਾ ਹੈ, ਉਥੇ ਸਵੈ-ਜੀਵਨੀ ਵਿਚ ਲੇਖਕ, ਆਪਣੇ ਅੰਤਰੀਵ-ਸੱਚ ਨੂੰ ਬਾਹਰੀ-ਜਗਤ ਨਾਲ ਜੋੜਣ ਦੀ ਕੋਸ਼ਿਸ਼ ਕਰਦਾ ਨਜ਼ਰ ਆਉਂਦਾ ਹੈ।[22] ਸ਼ਾਇਦ ਇਸੇ ਕਰਕੇ ਸਵੈ-ਜੀਵਨੀ ਹਮੇਸ਼ਾਂ ਉਤਮ-ਪੁਰਖ ਵਿਚ ਹੀ ਲਿਖੀ ਜਾਂਦੀ ਰਹੀ ਹੈ।

ਜੀਵਨੀ ਦਾ ਨਾਇਕ ਭਾਵੇਂ ਸਵੈ-ਜੀਵਨੀ ਦੇ ਨਾਇਕ ਦੀ ਤਰ੍ਹਾਂ ਕੋਈ ਅਸਾਧਾਰਣ ਵਿਅੱਕਤਿਤਵ ਵਾਲਾ ਮਾਨਤਾ-ਪ੍ਰਾਪਤ ਵਿਅੱਕਤੀ ਹੀ ਹੁੰਦਾ ਹੈ—ਜੋ ਪਾਠਕ ਨੂੰ ਪ੍ਰੇਰਣਾ ਦੇਣ ਅਤੇ ਉਸ ਅੰਦਰ ਲੋਕ-ਮੰਗਲਾਚਾਰੀ ਰੁਚੀਆਂ ਪੈਦਾ ਕਰਨ ਦੇ ਸਮਰੱਥ ਹੁੰਦਾ ਹੈ। ਦੋਹਾਂ ਹਾਲਤਾਂ ਵਿਚ ਨਾਇਕ ਦੇ ਵਿਅੱਕਤਿਤਵ ਦਾ ਪੂਰਨ-ਨਿਰਮਾਣ ਹੁੰਦਾ ਹੈ।[23] ਪਰ, ਦੋਹਾਂ ਵਿਚ ਜ਼ਮੀਨ ਅਸਮਾਨ ਦਾ ਅੰਤਰ ਹੁੰਦਾ ਹੈ। ਜੀਵਨੀ ਵਿਚ ਜਿਥੇ ਬਹੁਤੀਆਂ ਗੱਲਾਂ ਅੰਦਾਜ਼ੇ ਨਾਲ ਹੀ ਲਿਖੀਆਂ ਗਈਆਂ ਹੁੰਦੀਆਂ ਹਨ, ਜੋ ਸੰਪੂਰਨ ਸੱਚ ਨੂੰ ਪ੍ਰਗਟ ਕਰਨ ਦੇ ਸਮੱਰਥ ਨਹੀਂ ਹੁੰਦੀਆਂ।[24] ਸਵੈ-ਜੀਵਨੀ ਵਿਚ, ਨਾਇਕ ਤੇ ਲੇਖਕ, ਵੱਖ ਵੱਖ ਵਿਅੱਕਤੀ ਨਾ ਹੋ ਕੇ ਇਕੋ ਵਿਅੱਕਤੀ ਹੁੰਦਾ ਹੈ। ਲੇਖਕ ਖ਼ੁਦ ਆਪਣਾ ਜੀਵਨ ਬਿਆਨ ਪ੍ਰਗਟ ਕਰਦਾ ਹੈ। ਇਸ ਸਥਿਤੀ ਵਿਚ ਜੀਵਨ-ਬਿਆਨ ਵਧੇਰੇ ਸੱਚਾਈ ਦੇ ਨੇੜੇ ਹੁੰਦਾ ਹੈ।[25] ਇਉਂ, ਅਸੀਂ ਦੇਖਦੇ ਹਾਂ ਕਿ ਸਵੈ-ਜੀਵਨੀ ਭਾਵੇਂ ਜੀਵਨੀ ਦਾ ਹੀ ਇਕ ਭੇਦ ਹੈ, ਪਰ, ਫਿਰ ਵੀ ਅਸੀਂ ਇਸ ਦੇ ਆਪਣੇ ਨਵੇਕਲੇ ਚਰਿੱਤਰ ਤੋਂ ਸਹਿਜੇ ਕੀਤਿਆਂ ਮੁਨਕਰ ਨਹੀਂ ਹੋ ਸਕਦੇ।

(ਅ) ਸਵੈ-ਜੀਵਨੀ ਤੇ ਡਾਇਰੀ :

ਸਵੈ-ਜੀਵਨੀ ਦੀ ਤਰ੍ਹਾਂ ਡਾਇਰੀ ਵੀ ਨਿਜੀ ਜੀਵਨ ਦੇ ਵੇਰਵਿਆਂ ਨੂੰ ਚਿਤਰਣ ਦੀ ਕਲਾ ਹੈ। ਸਵੈ-ਜੀਵਨੀ ਦੀ ਤਰ੍ਹਾਂ ਡਾਇਰੀ ਦਾ ਨਾਇਕ, ਲੇਖਕ ਆਪ ਹੀ ਹੁੰਦਾ ਹੈ। ਡਾਇਰੀ ਦਾ ਲੇਖਕ ਆਪਣੀ ਰੋਜ਼ਮਰਾ ਜ਼ਿੰਦਗੀ ਦੇ ਕੁਝ ਮਹੱਤਵਪੂਰਨ ਵੇਰਵਿਆਂ ਨੂੰ ਕਲਮਬੱਧ ਕਰਦਾ ਹੈ। ਦੋਹਾਂ ਤਰ੍ਹਾਂ ਦੀਆਂ ਰਚਨਾਵਾਂ ਵਿਚ ਲੇਖਕ 'ਸਿਰਫ਼ ਸੱਚ ਤੇ ਸੱਚ ਤੋਂ ਇਲਾਵਾ ਕੁਝ ਨਹੀਂ' ਦਾ ਸੰਕਲਪ ਲੈ ਕੇ ਤੁਰਦਾ ਹੈ।[26] ਪਰ, ਇਨ੍ਹਾਂ ਕੁਝ ਸਮਾਨਤਾਵਾਂ ਦੇ ਬਾਵਜੂਦ ਵੀ ਦੋਹਾਂ ਸਾਹਿਤ-ਵਿਧਾਵਾਂ ਵਿਚ ਕਾਫੀ ਅੰਤਰ ਹੈ, ਜਿਨ੍ਹਾਂ ਤੋਂ ਦੋਹਾਂ ਦੀ ਆਪੋ ਆਪਣੀ ਵੱਖਰੀ ਹੋਂਦ ਨੂੰ ਪਛਾਣਿਆ ਜਾ ਸਕਦਾ ਹੈ।

ਸਵੈ-ਜੀਵਨੀ ਤੇ ਡਾਇਰੀ-ਰਚਨਾ ਵਿਚਲਾ ਪਹਿਲਾ ਅੰਤਰ ਇਹ ਹੈ ਕਿ ਡਾਇਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਲੇਖਕ ਦੇ ਜੀਵਨਗਤ ਵੇਰਵੇ ਲੜੀਵਾਰ ਤੇ ਤਾਰੀਖ਼ਾਂ ਮੁਤਾਬਕ ਪੇਸ਼ ਕੀਤੇ ਜਾਂਦੇ ਹਨ, ਉਥੇ ਸਵੈ-ਜੀਵਨੀ ਵਿਚ ਤਾਰੀਖ਼ੀ-ਸ਼ੈਲੀ ਦੇ ਪ੍ਰਯੋਗ ਤੋਂ ਗੁਰੇਜ਼ ਹੀ ਕੀਤਾ ਗਿਆ ਹੁੰਦਾ ਹੈ ।[27] ਨਾਲੇ ਡਾਇਰੀ ਵਿਚ ਪੇਸ਼ ਰੋਜ਼ਾਨਾ ਜੀਵਨ ਦਾ ਸੰਦਰਭ, ਉਸਨੂੰ ਸਵੈ-ਜੀਵਨੀ ਦੇ ਸਮੁੱਚੇ ਸੰਦਰਭ ਨਾਲੋਂ ਨਿਖੇੜਣ ਵਿਚ ਕਾਫੀ ਸਹਾਇਕ ਸਾਬਤ ਹੁੰਦਾ ਹੈ ।

ਆਮ ਤੌਰ 'ਤੇ ਡਾਇਰੀ ਦੀ ਰਚਨਾ, ਆਪਣੇ ਵਰਤਮਾਨ ਜੀਵਨ ਨੂੰ ਸੁਧਾਰਨ ਅਤੇ ਆਪਣੇ ਮਨ ਦੇ ਤੂਫਾਨ ਨੂੰ ਪੇਸ਼ ਕਰਨ ਦੇ ਪ੍ਰਯੋਜਨ ਹਿੱਤ ਹੁੰਦੀ ਹੈ । ਜਦਕਿ ਸਵੈ-ਜੀਵਨੀ ਦੇ ਪ੍ਰਯੋਜਨ ਆਪਣੇ ਜੀਵਨ-ਅਨੁਭਵਾਂ ਨੂੰ ਪਾਠਕਾਂ ਨਾਲ ਸਾਂਝਿਆਂ ਕਰਨਾ, ਜੀਵਨ-ਸਫ਼ਰ ਦੌਰਾਨ ਹੋਈਆਂ ਭੁੱਲਾਂ ਨੂੰ ਸਵੀਕਾਰ ਕਰਨਾ, ਸਵੈ-ਪਛਾਣ ਕਰਨਾ ਆਦਿ ਹੁੰਦੇ ਹਨ । ਇਸ ਸੰਬੰਧੀ ਇਹ ਨੁਕਤਾ ਵੀ ਸਪੱਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਡਾਇਰੀ ਵਿਚ ਦਰਜ ਲੇਖ ਜ਼ਿਆਦਾਤਰ ਸੱਜਰੇ ਹੀ ਹੁੰਦੇ ਹਨ, ਜਦਕਿ ਸਵੈ-ਜੀਵਨੀ ਵਿਚ ਤਾਜ਼ੇ ਅਨੁਭਵਾਂ ਦੇ ਨਾਲ ਨਾਲ, ਰਚਨਾ-ਕਾਲ ਤੱਕ ਦੇ ਚੋਣਵੇਂ ਅਨੁਭਵਾਂ ਤੇ ਜੀਵਨਗਤ ਵੇਰਵਿਆਂ ਨੂੰ ਵੀ ਕਿਸੇ ਸੁਨਿਚਿਤ ਪ੍ਰਬੰਧ ਵਿਚ ਬੰਨ੍ਹ ਕੇ ਪੇਸ਼ ਕੀਤਾ ਗਿਆ ਹੁੰਦਾ ਹੈ ।[29] ਇਉਂ ਡਾਇਰੀ, ਬੁਨਿਆਦੀ ਤੌਰ 'ਤੇ 'ਰੋਜ਼ਨਾਮਚੇ' ਦੇ ਨੇੜ੍ਹੇ ਦੀ ਰਚਨਾ ਹੋ ਨਿਬੜਦੀ ਹੈ । ਪਰ, ਇਸ ਵਿਚ (ਡਾਇਰੀ) ਅਪੱਣਤ, ਰੋਜ਼ਨਾਮਚੇ ਨਾਲੋਂ ਵਧੇਰੇ ਹੁੰਦੀ ਹੈ ਅਤੇ ਸਵੈ-ਜੀਵਨੀ ਦੇ ਮੁਕਾਬਲੇ ਵਿਚ ਇਹ ਵਧੇਰੇ ਕ੍ਰਮਬੱਧ ਰਚਨਾ ਹੁੰਦੀ ਹੈ·।[30]

ਇਸ ਸੰਬੰਧ ਵਿਚ ਇਕ ਵਿਚਾਰਣਯੋਗ ਨੁਕਤਾ ਇਹ ਵੀ ਹੈ ਕਿ ਡਾਇਰੀ ਵਿਚ ਪੇਸ਼ ਜੀਵਨਗਤ ਵੇਰਵੇ ਤੇ ਘਟਨਾਵਾਂ, ਵਿਕੋਲਿਤਰੇ ਰੂਪ ਵਿਚ ਹੀ ਪ੍ਰਗਟ ਹੁੰਦੀਆਂ ਹਨ । ਪਰ, ਇਸਦੇ ਮੁਕਾਬਲੇ ਵਿਚ ਸਵੈ-ਜੀਵਨੀ ਵਿਚ ਇਹ ਜੀਵਨਗਤ ਵੇਰਵੇ ਤੇ ਘਟਨਾਵਾਂ, ਕਾਰਜ-ਕਾਰਨ ਦੀ ਸੰਘਲੀ ਰਾਹੀਂ, ਕਿਸੇ ਸੁਨਿਸ਼ਚਿਤ ਪ੍ਰਬੰਧ ਵਿਚ ਬੱਝ ਕੇ ਪੇਸ਼ ਹੁੰਦੀਆਂ ਹਨ । ਇਉਂ, ਲੇਖਕ ਦੇ ਜੀਵਨ ਦਾ ਜਿਹੋ ਜਿਹਾ ਮਹਾਂ-ਦ੍ਰਿਸ਼, ਸਵੈ-ਜੀਵਨੀ 'ਚੋਂ ਉਭਰ ਕੇ ਸਾਹਮਣੇ ਆ ਸਕਦਾ ਹੈ, ਉਹ ਸਹਿਜੇ ਕੀਤਿਆਂ ਡਾਇਰੀ ਰਚਨਾ 'ਚੋਂ ਨਹੀਂ ਆ ਸਕਦਾ ।

(ੲ) ਸਵੈ-ਜੀਵਨੀ ਤੇ ਪੱਤਰਾਵਲੀ :

ਸਵੈ-ਜੀਵਨੀ ਦੀ ਤਰ੍ਹਾਂ ਚਿੱਠੀ-ਪੱਤਰ ਵੀ ਨਿਜੀ-ਜੀਵਨ ਦੇ ਅਨੁਭਵਾਂ ਨੂੰ ਦੂਜਿਆਂ ਨਾਲ ਸਾਂਝਿਆਂ ਕਰਨ ਦਾ ਇਕ ਜਾਣਿਆ-ਪਛਾਣਿਆ ਵਸੀਲਾ ਹੈ । ਸੋ ! ਪੱਤਰਾਵਲੀ ਵਿਚ ਵੀ ਚਿੱਠੀਆਂ ਰਾਹੀਂ ਇਕ ਵਿਸ਼ੇਸ਼ ਪ੍ਰਕਾਰ ਦੇ ਸੰਦਰਭ ਦਾ ਪ੍ਰਭਾਵ ਉਸਾਰਿਆ ਜਾਂਦਾ ਹੈ । ਪਰ, ਇਹ ਸਵੈ-ਜੀਵਨੀ ਦੇ ਪ੍ਰਭਾਵ ਤੋਂ ਬਿਲਕੁਲ ਭਿੰਨ ਹੁੰਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੈ ।[31] ਇਥੇ ਯਾਦ ਰਖਣ ਵਾਲੀ ਵਿਸ਼ੇਸ਼ ਗੱਲ ਇਹ ਹੈ ਕਿ ਬਿਰਤਾਂਤ, ਵਰਣਨ, ਡਾਇਰੀ ਦੀ ਤਰ੍ਹਾਂ ਪੱਤਰਾਵਲੀ (ਚਿੱਠੀ-ਪੱਤਰ) ਵੀ ਸਵੈ-ਜੀਵਨੀ ਦਾ ਮਾਧਿਅਮ ਹੋ ਸਕਦੀ ਹੈ। ਪਰ, ਪੱਤਰਾਵਲੀ ਆਪਣੇ ਆਪ ਵਿਚ ਸਵੈ-ਜੀਵਨੀ ਨਹੀਂ ਅਖਵਾ ਸਕਦੀ। ਪੱਤਰਾਵਲੀ ਦੇ ਮਾਧਿਅਮ ਰਾਹੀਂ ਦੋਸਤਾਂ ਜਾਂ ਲੇਖਕਾਂ ਵਿਚਕਾਰ ਕੁਝ ਵਿਚਾਰ, ਕੁਝ ਜੀਵਨ-ਅਨੁਭਵ ਸਾਂਝੇ ਕੀਤੇ ਜਾ ਸਕਦੇ ਹਨ। ਇਸ ਦੇ ਮਾਧਿਅਮ ਰਾਹੀਂ ਪੱਤਰ-ਲੇਖਕ ਦੇ ਜੀਵਨ ਦਾ ਕੋਈ ਨਾ ਕੋਈ ਪੱਖ ਵੀ ਉਭਰ ਕੇ ਸਾਹਮਣੇ ਆ ਸਕਦਾ ਹੈ। ਇਸ ਸਭ ਕੁਝ ਦੇ ਬਾਵਜੂਦ ਵੀ ਪੱਤਰਾਵਲੀ, ਸਵੈ-ਜੀਵਨੀ ਦੀ ਥਾਂ ਨਹੀਂ ਲੈ ਸਕਦੀ। ਇਸ ਦਾ ਮਤਲਬ ਹਰਗਿਜ਼ ਇਹ ਨਹੀਂ ਕਿ ਇਥੇ ਇਸ ਦੀ ਕਲਾਤਮਕ ਜਾਂ ਸਾਹਿਤਕ ਸਾਰਥਕਤਾ ਉਪਰ ਸੰਦੇਹ ਕੀਤਾ ਜਾ ਰਿਹੈ। ਇਸ ਸੰਬੰਧੀ ਸਾਡੀ ਧਾਰਣਾ ਕੇਵਲ ਇਹ ਹੈ ਕਿ ਪੱਤਰਾਵਲੀ, ਸਵੈ-ਜੀਵਨੀ ਦੀ ਤਰ੍ਹਾਂ ਲੇਖਕ ਦੇ ਜੀਵਨ ਦਾ ਭੱਰਵਾਂ ਚਿੱਤਰ ਉਲੀਕਣ ਦੇ ਸਮੱਰਥ ਨਹੀਂ।

(ਸ) ਸਵੈ-ਜੀਵਨੀ ਤੇ ਸੰਸਮਰਣ :

ਸਾਹਿਤ ਦੇ ਇਤਿਹਾਸ ਉਪਰ ਸਰਸਰੀ ਜਿਹੀ ਨਜ਼ਰ ਮਾਰਿਆਂ ਪਤਾ ਚਲਦਾ ਹੈ ਕਿ ਅਠਾਰਵੀਂ ਸਦੀ ਦੇ ਅੰਤ ਤੱਕ 'ਸਵੈ-ਜੀਵਨੀ' ਪਰਿਭਾਸ਼ਕ ਸ਼ਬਦ, ਹੋਂਦ ਵਿਚ ਨਹੀਂ ਸੀ ਆ ਸਕਿਆ। ਇਸ ਤੋਂ ਪਹਿਲਾਂ ਸਵੈ-ਜੀਵਨੀ ਲਈ 'ਸੰਸਮਰਣ' ਸ਼ਬਦ ਹੀ ਪ੍ਰਚਲਤ ਸੀ। ਇਹ ਦੋਵੇਂ ਸਾਹਿਤ-ਵਿਧਾਵਾਂ ਇਸ ਹੱਦ ਤੱਕ ਅੰਤਰ-ਸੰਬੰਧਿਤ ਤੇ ਸਮਾਨਤਾ ਰਖਣ ਵਾਲੀਆਂ ਹਨ ਕਿ ਦੋਹਾਂ ਵਿਚਕਾਰ ਅੰਤਰ ਕੇਵਲ 'ਡਿਗਰੀ' ਦਾ ਮੰਨਿਆ ਗਿਆ ਹੈ, 'ਪ੍ਰਕਾਰ' ਦਾ ਨਹੀਂ। ਇਹ ਅੰਤਰ ਵੀ ਕੇਵਲ ਇਸ ਗੱਲ ਉਪਰ ਹੀ ਆਧਾਰਿਤ ਹੁੰਦਾ ਹੈ ਕਿ ਸੰਸਮਰਣ ਵਿਚ 'ਸਵੈ' ਨੂੰ ਕਿਤਨਾ ਉਜਾਗਰ ਕੀਤਾ ਗਿਆ ਹੈ।[32] ਅਸਲ ਵਿਚ ਦੋਵੇਂ (ਸਵੈ-ਜੀਵਨੀ ਤੇ ਸੰਸਮਰਣ) ਲੰਮੇ ਤੇ ਸੁਨਿਸ਼ਚਿਤ ਬਿਰਤਾਂਤ-ਪ੍ਰਬੰਧ ਹੁੰਦੇ ਹਨ, ਜੋ ਦੂਸਰਿਆਂ ਦੇ ਪੜ੍ਹਣ ਲਈ ਤਿਆਰ ਕੀਤੇ ਜਾਂਦੇ ਹਨ। ਪਰ, ਸੰਸਮਰਣ ਵਿਚ ਵਿਅੱਕਤੀ-ਜੀਵਨ ਦੇ ਕੇਵਲ ਇਕ ਪੱਖ ਉਪਰ ਹੀ ਧਿਆਨ ਕੇਂਦਰਿਤ ਕੀਤਾ ਗਿਆ ਹੁੰਦਾ ਹੈ, ਉਸ ਦੇ ਸਮੁੱਚੇ ਜੀਵਨ ਉਪਰ ਨਹੀਂ।[33]

ਸਵੈ-ਜੀਵਨੀ ਤੇ ਸੰਸਮਰਣ ਵਿਚਲਾ ਇਕ ਬੁਨਿਆਦੀ ਅੰਤਰ ਇਹ ਵੀ ਹੈ ਕਿ 'ਸਵੈ-ਜੀਵਨੀ' ਵਿਚ ਲੇਖਕ ਆਪਣੇ ਜੀਵਨ ਨੂੰ ਉਘਾੜਣ ਉਪਰ ਜ਼ੋਰ ਲਾਉਂਦਾ ਹੈ, ਉਥੇ 'ਸੰਸਮਰਣ' (ਯਾਦਾਂ) ਵਿਚ ਲੇਖਕ ਆਪਣੇ ਆਪ ਨੂੰ ਨਹੀਂ, ਸਗੋਂ, ਕਿਸੇ ਹੋਰ ਨੂੰ ਕੇਂਦਰੀ ਰੂਪ ਵਿਚ ਪੇਸ਼ ਕਰਨ ਦਾ ਜਤਨ ਕਰਦਾ ਹੈ।[34] ਇਉ ਸਪੱਸ਼ਟ ਹੋ ਜਾਂਦਾ ਹੈ ਕਿ ਸੰਸਮਰਣ, ਸਵੈ-ਜੀਵਨੀ ਸਾਹਿਤ-ਵਿਧਾ ਨਾਲ ਕਈ ਸਮਾਨਤਾਵਾਂ ਰਖਦੇ ਹੋਏ ਵੀ, ਬੁਨਿਆਦੀ ਤੌਰ 'ਤੇ ਉਸ ਤੋਂ ਭਿੰਨ ਹੈ। ਇਸ ਭਿੰਨਤਾ ਦਾ ਮੂਲ ਆਧਾਰ ਇਹੀ ਹੈ ਕਿ ਸੰਸਮਰਣ, ਜੀਵਨ-ਸਫ਼ਰ ਦੇ ਕਿਸੇ ਇਕ ਮੋੜ ਨੂੰ ਜਾਂ ਚਰਿੱਤਰ ਦੇ ਕਿਸੇ ਇਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੱਖ ਨੂੰ ਹੀ ਰੂਪਮਾਨ ਕਰਨ ਵਾਲੀ ਸਾਹਿਤ ਵਿਧਾ ਹੈ, ਉਥੇ ਸਵੈ-ਜੀਵਨੀ ਲੇਖਕ ਦੇ ਜੀਵਨ ਦੇ ਕਈ ਮਹੱਤਵਪੂਰਣ ਪਹਿਲੂਆਂ ਨੂੰ ਉਜਾਗਰ ਕਰਨ ਅਤੇ ਉਸ ਦੇ ਚਰਿੱਤਰ ਦੇ ਵੱਖ ਵੱਖ ਪੱਖਾਂ ਨੂੰ ਉਭਾਰਣ ਵਲ ਰੁਚਿਤ ਹੁੰਦੀ ਹੈ ।[35]

ਇਨ੍ਹਾਂ ਸਾਹਿਤ-ਵਿਧਾਵਾਂ ਤੋਂ ਛੁੱਟ ਕੁਝ ਨਾਵਲਾਂ ਨੂੰ ਵੀ ਸਵੈ-ਜੀਵਨੀ ਸਾਹਿਤ-ਵਿਧਾ ਨਾਲ ਅਕਸਰ ਸੰਬੰਧਿਤ ਕੀਤਾ ਜਾਂਦਾ ਹੈ । ਅਜਿਹੇ ਨਾਵਲਾਂ ਨੂੰ ਸਾਹਿਤਕ ਸ਼ਬਦਾਵਲੀ ਵਿਚ ਸਵੈ-ਜੀਵਨੀ ਮੂਲਕ ਨਾਵਲ (Autobiographical Novel) ਕਿਹਾ ਜਾਂਦਾ ਹੈ । ਭਾਵੇਂ ਅਜਿਹੇ ਨਾਵਲ ਬੁਨਿਆਦੀ ਤੌਰ 'ਤੇ ਲੇਖਕ ਦੇ ਆਪਣੇ ਨਿਜੀ ਜੀਵਨ ਉਪਰ ਹੀ ਅਧਾਰਿਤ ਹੁੰਦੇ ਹਨ, ਪਰ, ਫਿਰ ਵੀ ਇਨ੍ਹਾਂ ਨੂੰ ਸਵੈ-ਜੀਵਨੀ ਨਾਲੋਂ ਸਹਿਜੇ ਹੀ ਨਿਖੇੜਿਆ ਜਾ ਸਕਦਾ ਹੈ । ਜਿਥੇ ਨਾਵਲ ਦਾ ਅਧਾਰ ਕੁਝ ਗਲਪ-ਘਟਨਾਵਾਂ ਹੁੰਦੀਆਂ ਹਨ, ਉਥੇ ਸਵੈ-ਜੀਵਨੀ ਮੂਲ ਰੂਪ ਵਿਚ, ਲੇਖਕ ਦੇ ਆਪਣੇ ਜੀਵਨ ਵਿਚ ਵਾਪਰੀਆਂ ਘਟਨਾਵਾਂ ਦਾ ਤੱਥਮੂਲਕ ਬਿਆਨ ਹੁੰਦਾ ਹੈ । ਨਾਲੇ ਸਵੈ-ਜੀਵਨੀ ਦੇ ਪੈਰ ਲੇਖਕ ਦੇ ਜੀਵਨ-ਇਤਿਹਾਸ ਵਿਚ ਹੁੰਦੇ ਹਨ, ਨਾਵਲ ਦੀ ਤਰ੍ਹਾਂ ਕਿਸੇ ਮਨੋਕਲਪਿਤ ਸੰਸਾਰ ਵਿਚ ਨਹੀਂ ।[36] ਸਵੈ-ਜੀਵਨੀਮੂਲਕ ਨਾਵਲਾਂ ਦੀ ਤਰ੍ਹਾਂ ਬਹੁਤ ਸਾਰੇ ਲੇਖ, ਕਵਿਤਾਵਾਂ, ਤੇ ਕਹਾਣੀਆਂ ਆਦਿ ਵੀ ਸਵੈ-ਜੀਵਨੀਮੂਲਕ ਸਾਮੱਗਰੀ ਦੀ ਸਹਾਇਤਾ ਨਾਲ ਰਚੀਆਂ, ਪੜ੍ਹਣ ਨੂੰ ਮਿਲਦੀਆਂ ਹਨ । ਸਾਹਿਤ-ਰਚਨਾਵਾਂ ਦਾ ਸਿਰਜਕ ਦੇ ਨਿਜੀ-ਜੀਵਨ ਨਾਲ ਸੰਬੰਧਿਤ ਹੋਣਾ ਕੋਈ ਅਲੋਕਾਰ ਗੱਲ ਨਹੀਂ । ਕਿਉਂਕਿ, ਸਾਹਿਤ ਦਾ ਸਾਰਾ ਦਾਰੋਮਦਾਰ ਸਿਰਜਕ ਦੇ ਵਿਚਾਰਾਂ, ਸੋਚ-ਉਡਾਰੀਆਂ ਤੇ ਅਨੁਭਵਾਂ ਉਪਰ ਹੀ ਨਿਰਭਰ ਕਰਦਾ ਹੈ ।[37] ਇਉਂ, ਹਰ ਸਾਹਿਤ-ਰਚਨਾ, ਸੰਬੰਧਿਤ ਲੇਖਕ ਦੇ ਜੀਵਨ-ਨਜ਼ਰੀਏ ਦੀ ਪਹਿਚਾਣ ਹੋ ਨਿਬੜਦੀ ਹੈ । ਸਵੈ-ਜੀਵਨੀਕਾਰ ਨੂੰ ਇਸ ਸੰਬੰਧ ਵਿਚ ਵਿਸ਼ੇਸ਼ ਧਿਆਨ ਰਖਣਾ ਪੈਂਦਾ ਹੈ । ਸਵੈ-ਜੀਵਨੀ ਲਿਖਣ ਦਾ ਇਕ ਉਦੇਸ਼ ਇਹ ਵੀ ਹੁੰਦਾ ਹੈ ਕਿ ਲੇਖਕ ਇਸ ਦੇ ਮਾਧਿਅਮ ਰਾਹੀਂ ਪ੍ਰਚਲਤ ਜੀਵਨ-ਕੀਮਤਾਂ ਦੇ ਸੰਬੰਧ ਵਿਚ ਆਪਣਾ ਦ੍ਰਿਸ਼ਟੀਕੋਣ ਪੇਸ਼ ਕਰਨਾ ਲੋਚਦਾ ਹੈ । ਇਉਂ, ਹਰ ਸਵੈ-ਜੀਵਨੀ, ਸਥਾਪਤ ਜੀਵਨ-ਕੀਮਤਾਂ ਦੀ ਕੋਈ ਨਾ ਕੋਈ ਵੱਖਰੀ ਵਿਆਖਿਆ ਕਰਨ ਵਲ ਰੁਚਿਤ ਵੀ ਹੁੰਦੀ ਹੈ । ਇਸੇ ਵੱਖਰੀ ਵਿਆਖਿਆ ਰਾਹੀਂ, ਸਵੈ-ਜੀਵਨੀਕਾਰ ਦੀ ਸ਼ਖ਼ਸੀਅਤ ਦੇ ਕਈ ਪੱਖ ਉਭਰ ਕੇ ਸਾਹਮਣੇ ਆ ਜਾਂਦੇ ਹਨ ।[38] ਪਰ, ਅਜਿਹਾ ਕਰਦਿਆਂ ਸਵੈ-ਜੀਵਨੀਕਾਰ ਨੂੰ ਸੰਜਮ ਤੇ ਪੂਰੀ ਇਮਾਨਦਾਰੀ ਤੋਂ ਕੰਮ ਲੈਣਾ ਪੈਂਦਾ ਹੈ ।

ਸੋ ! ਸਪੱਸ਼ਟ ਹੈ ਕਿ ਸਵੈ-ਜੀਵਨੀ ਦਾ ਕੇਂਦਰ-ਬਿੰਦੂ, ਸੰਬੰਧਿਤ ਲੇਖਕ ਦਾ ਆਪਣਾ ਆਂਤਰਿਕ-ਆਤਮ ਚਰਿੱਤਰ ਹੁੰਦਾ ਹੈ । ਦੂਸਰੇ ਸਾਹਿਤ-ਰੂਪਾਂ ਵਿਚ ਜਿਥੇ ਲੇਖਕ, ਵਸਤੂ-ਮੂਲਕ (objective) ਜਗਤ ਦੇ ਅਨੁਭਵ ਨੂੰ ਰੂਪ ਪ੍ਰਦਾਨ ਕਰਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਲ ਰੁਚਿਤ ਹੁੰਦਾ ਹੈ, ਉਥੇ ਸਵੈ-ਜੀਵਨੀ ਵਿਚ ਲੇਖਕ ਆਤਮ-ਮੂਲਕ ਜੀਵਨ ਦੇ ਆਂਤਰਿਕ ਅਨੁਭਵ ਨੂੰ ਰੂਪ ਪ੍ਰਦਾਨ ਕਰਨ ਦੀ ਚੇਸ਼ਟਾ ਰਖਦਾ ਹੈ। ਇਥੇ ਰਚਨਾ-ਪ੍ਰਕਿਰਿਆ ਬਾਹਰੀ ਜੀਵਨ ਤੋਂ ਹੱਟ ਕੇ, ਲੇਖਕ ਦੇ ਆਪਣੇ ਆਪੇ ਉਪਰ ਕੇਂਦਰਿਤ ਹੋਣ ਦੀ ਹੁੰਦੀ ਹੈ। ਭਾਵ, ਲੇਖਕ ਦੇ ਆਪਣੇ ਜੀਵਨ ਵਿਚ ਵਾਪਰੀਆਂ ਘਟਨਾਵਾਂ ਦਾ ਸੱਚ ਤੇ ਤੱਥ ਮੂਲਕ ਬਿਆਨ ਹੀ ਸਵੈ-ਜੀਵਨੀ ਵਿਚ ਪ੍ਰਗਟ ਹੁੰਦਾ ਹੈ।[39] ਪਰ, ਇਹ ਸਭ ਕੁਝ ਆਪਣੇ ਸਮਕਾਲੀ ਸਮਾਜਕ ਤੇ ਭਾਈਚਾਰਕ ਸੰਦਰਭ ਤੋਂ ਟੁੱਟਾ ਨਹੀਂ ਹੋਣਾ ਚਾਹੀਦਾ। ਇਥੇ ਲੇਖਕ, ਸਵੈ-ਪਛਾਣ ਦੇ ਦ੍ਰਿਸ਼ਟੀ-ਬਿੰਦੂ ਤੋਂ ਆਪਣੇ ਜੀਵਨ ਵਿਚ ਵਾਪਰੀਆਂ ਕੁਝ ਅਹਿਮ ਘਟਨਾਵਾਂ ਤੇ ਹਾਦਸਿਆਂ ਦਾ ਪੁਨਰ-ਸਿਰਜਣ ਕਰਨ ਦੀ ਰੁਚੀ ਰਖਦਾ ਹੈ। ਭਾਵੇਂ, ਇਸ ਸਿਰਜਣ-ਪ੍ਰਕਿਰਿਆ ਵਿਚ ਲੇਖਕ, ਵੱਧ ਤੋਂ ਵੱਧ ਸੱਚਾਈ ਦੇ ਨੇੜੇ ਪਹੁੰਚਣ ਦੀ ਕੋਸ਼ਿਸ਼ ਕਰਦਾ ਹੈ। ਪਰ, ਫਿਰ ਵੀ ਆਪਣੇ ਸੁਭਾਅ, ਯਾਦ-ਸ਼ਕਤੀ ਜਾਂ ਕਿਸੇ ਹੋਰ ਮਜਬੂਰੀ ਕਾਰਨ ਉਹ ਸੰਪੂਰਨ ਸੱਚ ਨੂੰ ਆਪਣੀ ਸਵੈ-ਜੀਵਨੀ ਵਿਚ ਪ੍ਰਗਟ ਕਰਨ ਦੇ ਸਮਰੱਥ ਨਹੀਂ ਹੁੰਦਾ। ਪਰ, ਇਸ ਸਭ ਕੁਝ ਦੇ ਬਾਵਜੂਦ ਵੀ ਦੁਨੀਆਂ ਭਰ ਦੇ ਸਾਹਿਤ ਵਿਚ ਕੁਝ ਅਜਿਹੀਆਂ ਸਵੈ-ਜੀਵਨੀਆਂ ਮੌਜੂਦ ਹਨ, ਜੋ ਕਿ ਨਾਵਲ ਜਾਂ ਕਿਸੇ ਕਥਾ-ਕਹਾਣੀ ਦੀ ਤਰ੍ਹਾਂ ਰੋਚਕ ਅਤੇ ਇਤਿਹਾਸ ਦੀ ਤਰ੍ਹਾਂ ਪ੍ਰਮਾਣਿਕ ਮੰਨੀਆਂ ਗਈਆਂ ਹਨ। ਗੋਇਟੇ, ਟਾਲਸਟਾਇ ਤੇ ਰੂਸੋ ਜਿਹੇ ਵਿਦਵਾਨ-ਲੇਖਕਾਂ ਦੀਆਂ ਸਵੈ-ਜੀਵਨੀਆਂ ਨੂੰ ਇਸੇ ਕੋਟੀ ਦੀਆਂ ਸਵੈ-ਜੀਵਨੀਆਂ ਵਿਚ ਅਕਸਰ ਰਖਿਆ ਜਾਂਦਾ ਹੈ।[40]

ਜਿਥੋਂ ਤੱਕ ਸਵੈ-ਜੀਵਨੀ ਦੇ ਮਾਧਿਅਮ ਦਾ ਸੰਬੰਧ ਹੈ, ਉਹ ਬਿਰਤਾਂਤ, ਵਰਣਨ, ਡਾਇਰੀ ਤੇ ਚਿੱਠੀਆਂ ਵਿਚੋਂ ਕੋਈ ਵੀ ਹੋ ਸਕਦਾ ਹੈ। ਪਰ, ਇਥੇ ਚੇਤੇ ਰਖਣ ਵਾਲੀ ਵਿਸ਼ੇਸ਼ ਗੱਲ ਇਹ ਹੈ ਕਿ ਕਿਸੇ ਡਾਇਰੀ, ਚਿੱਠੀ, ਬਿਰਤਾਂਤ ਜਾਂ ਵਰਣਨ ਨੂੰ ਸਵੈ-ਜੀਵਨੀ ਸਾਹਿਤ ਦੀ ਕੋਟੀ ਵਿਚ ਉਦੋਂ ਹੀ ਰਖਿਆ ਜਾ ਸਕਦਾ ਹੈ, ਜਦੋਂ ਕਿ ਉਹ ਸਵੈ-ਜੀਵਨੀ ਦੀਆਂ ਮੂਲ ਸ਼ਰਤਾਂ ਉਪਰ ਪੂਰੀ ਉਤਰਦੀ ਹੈ। ਇਥੇ ਵਿਸ਼ੇਸ਼ ਅਹਿਮੀਅਤ 'ਮਾਧਿਅਮ' ਦੀ ਨਹੀਂ, ਸਗੋਂ 'ਵੱਥ' (content) ਦੀ ਪੇਸ਼ਕਾਰੀ ਹੀ ਵਿਸ਼ੇਸ਼ ਮਹੱਤਵ ਰੱਖਦੀ ਹੈ। ਉਹ ਕਿਤਨੀ ਪ੍ਰਮਾਣਿਕ, ਯਥਾਰਥਕ ਤੇ ਸਚਿਆਰ ਹੈ ?—ਇਸੇ ਨਿਰਣੇ ਉਪਰ ਹੀ ਸਵੈ-ਜੀਵਨੀ ਦੀ ਸਾਰਥਕਤਾ ਤੇ ਇਤਿਹਾਸਕ ਮਹੱਤਤਾ ਨਿਰਭਰ ਕਰਦੀ ਹੈ।

ਸਵੈ-ਜੀਵਨੀ ਦੀ ਪ੍ਰਕਿਰਤੀ ਤੇ ਪ੍ਰਯੋਜਨ ਨਾਲ ਸੰਬੰਧਿਤ ਇਸ ਸਾਰੀ ਚਰਚਾ 'ਚੋਂ ਪ੍ਰਾਪਤ ਹੋਣ ਵਾਲੀਆਂ ਅੰਤਰ-ਦ੍ਰਿਸ਼ਟੀਆਂ ਦੀ ਮਦਦ ਨਾਲ ਹੀ ਅੱਗਲੇ ਅਧਿਆਵਾਂ ਵਿਚ ਤਿੰਨ ਪੰਜਾਬੀ ਲੇਖਿਕਾਵਾਂ ਦੀਆਂ ਸਵੈ-ਜੀਵਨੀਆਂ ਦਾ ਵੱਖੋ ਵੱਖਰੇ ਤੌਰ 'ਤੇ ਵਿਸ਼ਲੇਸ਼ਣ ਪੇਸ਼ ਕੀਤਾ ਜਾਏਗਾ। ਇਹ ਸਵੈ-ਜੀਵਨੀਆਂ ਹਨ—ਅੰਮ੍ਰਿਤਾ ਪ੍ਰੀਤਮ ਦੀ 'ਰਸੀਦੀ ਟਿਕਟ', ਦਲੀਪ ਕੌਰ ਟਿਵਾਣਾ ਦੀ 'ਨੰਗੇ ਪੈਰਾਂ ਦਾ ਸਫ਼ਰ', ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਜੀਤ ਕੋਰ ਦੀ 'ਖ਼ਾਨਾਬਦੋਸ਼' । ਇਸ ਵਿਸ਼ਲੇਸ਼ਣ ਦੀ ਪਿੱਠਭੂਮੀ ਵਿਚ ਹੀ ਅੱਗੇ ਚਲ ਕੇ ਇਨ੍ਹਾਂ ਤਿੰਨੋਂ ਸਵੈ-ਜੀਵਨੀ ਰਚਨਾਵਾਂ ਦਾ ਤੁਲਨਾਤਮਕ ਅਧਿਐਨ ਵੀ ਕੀਤਾ ਜਾਏਗਾ । ਇਸ ਸਾਰੇ ਸਮੀਖਿਆਤਮਕ-ਕਾਰਜ ਰਾਹੀਂ ਅਸੀਂ ਇਨ੍ਹਾਂ ਸਵੈ-ਜੀਵਨੀ ਰਚਨਾਵਾਂ ਦੀ ਸਾਰਥਕਤਾ, ਪ੍ਰਮਾਣਿਕਤਾ ਤੇ ਇਤਿਹਾਸਕ ਮਹੱਤਾ ਨੂੰ ਜਾਣਨ ਅਤੇ ਇਨ੍ਹਾਂ 'ਚੋਂ ਉਭਰਣ ਵਾਲੇ ਨਾਰੀ-ਬਿੰਬ ਨਾਲ ਸਾਂਝ ਪਾਉਣ ਦਾ ਜਤਨ ਕਰਾਂਗੇ ।

ਹਵਾਲੇ ਅਤੇ ਟਿੱਪਣੀਆਂ

1. ਅਜੀਤ ਕੋਰ; 'ਗੁਲਬਾਨੋ ਤੋਂ ਮੌਤ ਅਲੀ ਬਾਬੇ ਦੀ ਤੱਕ'; ਪੰਨਾ-65.
2. 'The account of an individual human life, written by the subject himself......in which the focus is primarily on the self rather than outward events.' pp. 845-5.
3. "Autobiography, the writing of one's history; thc story of one's life written by himself." p. 573.
4. "......The autobiography proper is a connected narrative of the author's life with stress laid on introspection or, on the significance of his life against a wider background." p. 23.
5. "This type of writing is an account of oneself written by oneself. The author of an autobiopraphy presents (or tries to present) a continuons narrative of what he considers the major most interesting event of his life."
   Hary Shaw; 'Dictionary of Literary Terms'; p. 39.
6. ਪੰਜਾਬੀ ਸਾਹਿਤ-ਕੋਸ਼ (ਭਾਗ ਪਹਿਲਾ); ਪੰਨਾ 88.
7. 'ਸਾਹਿਤਯਾਲੋਚਨ : ਸਿਧਾਂਤ ਔਰ ਅਧਿਅਨ'; ਪੰਨਾ 147.
8. ਪੰਜਾਬੀ ਦੁਨੀਆਂ (ਜੁਲਾਈ-ਅਗਸਤ) 1985; ਪੰਨਾ 149.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

9. "A chronological biography runs the risk of flatters-ing out a life and giving it the effect of a calender or a data;"
Leon Adil; 'Literary Biography' p. 43.
10. ਖੋਜ ਦਰਪਣ; ਪੰਨਾ 175.
11. ਡਾ: ਓਮ ਪ੍ਰਕਾਸ਼ ਸਿੰਗਲ; 'ਸਾਹਿਤ ਦੇ ਨਵੇਂ ਰੂਪ'; ਪੰਨਾ 27.
12. ਉਹੀ; ਪੰਨਾ 27.
13. "Autobiography is only one form among many in which a writer speakes of himself and the incidents of his personal experiences."
Roy Pascal; 'Design and Truth in Autobiography' p. 2.
14. ਪੰਜਾਬੀ ਦੁਨੀਆਂ; ਅਗਸਤ-ਨਵੰਬਰ 1982; ਪੰਨਾ 391.
15. ਆਧੁਨਿਕ ਹਿੰਦੀ ਕਾ ਜੀਵਨੀਪਰਕ ਸਾਹਿਤਯ; ਪੰਨਾ 131.
16. ਰਸੀਦੀ ਟਿਕਟ; ਪੰਨਾ 151.
17. ਉਹੀ; ਪੰਨਾ 150.
18. ਸਾਹਿਤ ਦੇ ਨਵੇਂ ਰੂਪ; ਪੰਨਾ 28.
19. ਅਜੀਤ ਕੌਰ : ਗੁਲਬਾਨੋ ਤੋਂ ਮੌਤ ਅਲੀ ਬਾਬੇ ਦੀ ਤੱਕ; ਪੰਨਾ 68.
20. ਉਹੀ; ਪੰਨਾ 68.
21. ਸਾਹਿਤ ਦੇ ਨਵੇਂ ਰੂਪ; ਪੰਨਾ 28.
22. ਉਹੀ; ਪੰਨਾ 29.
23. ਪੰਜਾਬੀ ਸਵੈ-ਜੀਵਨੀ ਸਾਹਿੱਤ : ਇਕ ਮੁਲਾਂਕਣ : ਪੰਨਾ 1.
24. ਸਾਹਿਤ ਦੇ ਨਵੇਂ ਰੂਪ; ਪੰਨਾ 29.
25. ਪੰਜਾਬੀ ਸਵੈ-ਜੀਵਨੀ ਸਾਹਿੱਤ : ਇਕ ਮੁਲਾਂਕਣ : ਪੰਨਾ 1.
26. ਸਾਹਿਤ ਦੇ ਨਵੇਂ ਰੂਪ; ਪੰਨਾ 30.
27. ਉਹੀ; ਪੰਨਾ 30.
28. ਸਮੀਖਿਆ ਸਭਿਆਚਾਰ; ਪੰਨਾ 32.
29. ਸਾਹਿਤ ਦੇ ਨਵੇਂ ਰੂਪ; ਪੰਨਾ 30.
30. Dictionary of Literary Terms; p. 39.
31. ਸਮੀਖਿਆ ਸਭਿਆਚਾਰ; ਪੰਨਾ 32.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

32. Encyclopaedia Britannica : Vol. 2, p, 855.
33. Dictionary of Literary Terms'; p. 39.
34. ਸਾਹਿਤ ਦੇ ਨਵੇਂ ਰੂਪ; ਪੰਨਾ 29.
35. ਉਹੀ; ਪੰਨਾ 29.
36. ਸਮੀਖਿਆ ਸਭਿਆਚਾਰ; ਪੰਨਾ 32.
37. Dictionary of Literary Terms'; p. 39.
38. ਸਾਹਿਤ ਦੇ ਨਵੇਂ ਰੂਪ; ਪੰਨਾ 33.
39. ਸਮੀਖਿਆ ਸਭਿਆਚਾਰ; ਪੰਨਾ 31.
40. ਉਹੀ; ਪੰਨਾ 33.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਧਿਆਇ 2

'ਰਸੀਦੀ ਟਿਕਟ' : ਪਾਠ ਕੇਂਦਰਿਤ ਵਿਸ਼ਲੇਸ਼ਣ

ਅੰਮ੍ਰਿਤਾ ਪ੍ਰੀਤਮ ਦੀ ਬਹੁ-ਚਰਚਿਤ ਰਚਨਾ 'ਰਸੀਦੀ ਟਿਕਟ' ਪਹਿਲੀ ਵੇਰਾਂ ਸੰਨ 1976 ਵਿਚ ਪ੍ਰਕਾਸ਼ਤ ਹੋਈ। ਹੁਣ ਤੱਕ ਇਸ ਰਚਨਾ ਦੇ ਦੋ ਹੋਰ ਸੰਸਕਰਣ (editions) ਵੀ ਪ੍ਰਕਾਸ਼ਤ ਹੋ ਚੁੱਕੇ ਹਨ। ਕੁਝ ਕੁ ਮਾਮੂਲੀ ਤਬਦੀਲੀਆਂ ਹੋਈਆਂ ਹੋਣ ਦੇ ਬਾਵਜੂਦ ਵੀ ਇਹ ਦੋਵੇਂ ਸੰਸਕਰਣ, ਰਚਨਾ ਦੇ ਪਹਿਲੇ ਸੰਸਕਰਣ ਨੂੰ ਹੀ ਦੁਹਰਾਉਂਦੇ ਪ੍ਰਤੀਤ ਹੁੰਦੇ ਹਨ। ਸੋ ! ਇਥੇ 'ਰਸੀਦੀ ਟਿਕਟ' ਦੇ ਪਹਿਲੇ ਸੰਸਕਰਣ ਨੂੰ ਹੀ ਚਰਚਾ ਦਾ ਆਧਾਰ ਬਣਾਉਣਾ ਠੀਕ ਸਮਝਿਆ ਗਿਆ ਹੈ।

ਲੇਖਿਕਾ ਨੇ ਸੁਚੇਤ ਪੱਧਰ 'ਤੇ ਇਸ ਰਚਨਾ ਨੂੰ ਆਪਣੀ ਸਵੈ-ਜੀਵਨੀ ਹੋਣ ਦਾ ਕਰਾਰ ਦਿੱਤਾ ਹੈ। ਜਿਥੋਂ ਤੱਕ ਇਸ ਰਚਨਾ ਦੇ 'ਸਵੈ-ਜੀਵਨੀ' (Autobiography) ਹੋਣ ਦਾ ਸੁਆਲ ਹੈ—ਇਸ ਸੰਬੰਧੀ ਵਿਦਵਾਨ ਸੱਜਣਾਂ ਦੀਆਂ ਮੁਖ਼ਤਿਲਿਫ਼ ਰਾਵਾਂ ਹੋ ਸਕਦੀਆਂ ਹਨ। ਪਰ, ਇਸ ਤੱਥ ਤੋਂ ਸਜਿਜੇ ਕੀਤਿਆਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਪੰਜਾਬੀ ਸਾਹਿਤ ਜਗਤ ਵਿਚ ਕਿਸੇ ਲੇਖਿਕਾ ਵਲੋਂ ਕੀਤਾ ਗਿਆ ਇਹ ਪਹਿਲਾ ਯਤਨ ਹੈ। ਭਾਵੇਂ, ਪੰਜਾਬੀ ਸਾਹਿਤ ਵਿਚ, ਇਸ ਤੋਂ ਪਹਿਲਾਂ ਸਵੈ-ਜੀਵਨੀ ਲਿਖਣ ਦੀ ਪਰੰਪਰਾ ਮੌਜੂਦ ਸੀ। ਪਰ, ਇਸ ਭਾਸ਼ਾ ਦੇ ਸਾਹਿਤ ਨਾਲ ਸੰਬੰਧਿਤ ਕਿਸੇ ਇਸਤਰੀ ਲੇਖਕ ਨੇ ਆਪਣੀ ਸਵੈ-ਜੀਵਨੀ ਲਿਖਣ ਦੀ ਜੁਰਅੱਤ, ਇਸ ਤੋਂ ਪਹਿਲਾਂ ਨਹੀਂ ਸੀ ਕੀਤੀ। ਇਸਦੇ ਕਾਰਨ ਕੁਝ ਵੀ ਹੋ ਸਕਦੇ ਹਨ। ਪਰ, ਰਚਨਾ ਦੇ ਅਧਿਐਨ-ਵਿਸ਼ਲੇਸ਼ਣ ਸਮੇਂ, ਇਸ ਤੱਥ ਨੂੰ ਨਜ਼ਰ ਅੰਦਾਜ਼ ਕਰਨਾ—ਰਚਨਾ ਨਾਲ ਨਿਆਂ ਵਾਲੀ ਗੱਲ ਨਹੀਂ ਹੋਵੇਗੀ। ਇਥੇ ਇਹ ਸਪੱਸ਼ਟ ਕਰ ਦੇਣਾ ਵੀ ਜ਼ਰੂਰੀ ਬਣਦਾ ਹੈ ਕਿ ਹੱਥਲੀ ਰਚਨਾ ਦੇ ਅਧਿਐਨ-ਵਿਸ਼ਲੇਸ਼ਣ ਵਿਚ, ਇਹ ਤੱਥ ਕੋਈ ਬਹੁਤਾ ਮਦਦਗਾਰ ਸਾਬਤ ਨਹੀਂ ਹੁੰਦਾ, ਪਰ, ਫਿਰ ਵੀ ਇਸਦੀ ਆਪਣੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਸ਼ੇਸ਼ ਸਾਰਥਕਤਾ ਹੈ। ਖ਼ਾਸ ਕਰਕੇ, ਵੱਖ-ਵੱਖ ਸਵੈ-ਜੀਵਨੀਆਂ ਦੇ ਤੁਲਨਾਤਮਕ ਅਧਿਐਨ ਸਮੇਂ ਇਸ ਤੱਥ ਦੀ ਸਾਰਥਕਤਾ ਵਧੇਰੇ ਉਘੜ ਕੇ ਸਾਹਮਣੇ ਆਉਂਦੀ ਹੈ।

ਇਹ ਰਚਨਾ ਸਵੈ-ਜੀਵਨੀ ਬਣਨ ਵਿਚ ਕਿਥੋਂ ਤੱਕ ਸਫ਼ਲ ਹੋਈ ਹੈ—ਇਹ ਇਕ ਵਿਚਾਰਣਯੋਗ ਮਸਲਾ ਹੈ। ਰਚਨਾ ਦੇ ਨਿਕਟ-ਵਿਸ਼ਲੇਸ਼ਣ ਰਾਹੀਂ ਹੀ ਇਸ ਮਸਲੇ ਨੂੰ ਸਹੀ ਤਰ੍ਹਾਂ ਨਜਿੱਠਿਆ ਜਾ ਸਕਦਾ ਹੈ। ਇਸ ਸੰਬੰਧੀ ਕੋਈ ਪੂਰਵ ਧਾਰਣਾ ਬਣਾ ਕੇ ਚਲਣਾ ਵਾਜ਼ਬ ਨਹੀਂ।

ਇਸ ਦ੍ਰਿਸ਼ਟੀ ਤੋਂ ਜਦੋਂ ਅਸੀਂ ਰਚਨਾ ਅੰਦਰ ਪ੍ਰਵੇਸ਼ ਕਰਦੇ ਹਾਂ ਤਾਂ ਸਭ ਤੋਂ ਪਹਿਲਾਂ ਸਾਡਾ ਵਾਹ ਲੇਖਿਕਾ ਦੇ ਉਨ੍ਹਾਂ ਸਵੈ-ਕਥਨਾਂ ਨਾਲ ਪੈਂਦਾ ਹੈ, ਜਿਨ੍ਹਾਂ ਦਾ ਸਿੱਧਾ ਸੰਬੰਧ ਰਚਨਾ ਦੇ ਨਾਮਕਰਣ-ਪ੍ਰਸੰਗ ਨਾਲ ਹੈ। 'ਰਸੀਦੀ ਟਿਕਟ' ਸਿਰਲੇਖ ਹੇਠਾਂ ਦਰਜ ਲੇਖਿਕਾ (ਅੰਮ੍ਰਿਤਾ ਪ੍ਰੀਤਮ) ਦੇ ਭੂਮਿਕਾ ਨੁਮਾ ਅਰੰਭਕ ਸ਼ਬਦ ਇਉਂ ਹਨ :—

> "ਇਕ ਦਿਨ ਖੁਸ਼ਵੰਤ ਸਿੰਘ ਨੇ ਗੱਲਾਂ ਕਰਦਿਆਂ ਕਿਹਾ 'ਤੇਰੀ ਜੀਵਨੀ ਦਾ ਕੀ ਹੈ, ਬਸ ਇਕ ਅੱਧ ਹਾਦਸਾ। ਲਿਖਣ ਲੱਗੋ ਤਾਂ 'ਰਸੀਦੀ ਟਿਕਟ' ਦੀ ਪਿੱਠ ਉਤੇ ਲਿਖੀ ਜਾਏ।
>
> ਰਸੀਦੀ ਟਿਕਟ ਸ਼ਾਇਦ ਇਸ ਲਈ ਆਖਿਆ ਕਿ ਬਾਕੀ ਟਿਕਟਾਂ ਦਾ ਸਾਈਜ਼ ਬਦਲਦਾ ਰਹਿੰਦਾ ਹੈ, ਪਰ ਰਸੀਦੀ ਟਿਕਟ ਦਾ ਉਹੀ ਨਿੱਕਾ ਜਿਹਾ ਰਹਿੰਦਾ ਹੈ।" (ਭੂਮਿਕਾ)

ਇਥੇ ਲੇਖਿਕਾ, ਇਕ ਜਾਣੇ-ਪਛਾਣੇ ਪੱਤਰਕਾਰ ਖੁਸ਼ਵੰਤ ਸਿੰਘ ਦੀ ਆਪਣੀ ਜੀਵਨੀ ਬਾਰੇ ਰਾਇ ਨਾਲ ਸਾਡੀ ਸਾਂਝ ਪਾਉਣ ਦੇ ਯਤਨ ਵਿਚ ਹੈ। ਖੁਸ਼ਵੰਤ ਸਿੰਘ ਦੀ ਰਾਇ ਆਪਣੇ ਆਪ ਵਿਚ ਅੰਮ੍ਰਿਤਾ ਪ੍ਰੀਤਮ ਦੀ ਜੀਵਨੀ ਬਾਰੇ ਇਕ ਆਲੋ-ਚਨਾਤਮਕ ਟਿਪਣੀ ਕਹੀ ਜਾ ਸਕਦੀ ਹੈ। ਪਰ, ਅੰਮ੍ਰਿਤਾ ਨੇ ਇਸੇ ਰਾਇ ਤੋਂ ਪ੍ਰੇਰਿਤ ਹੋ ਕੇ, ਆਪਣੀ ਹੱਥਲੀ ਰਚਨਾ ਦਾ ਨਾਂ ਹੀ 'ਰਸੀਦੀ ਟਿਕਟ' ਰਖ ਲਿਆ। ਇਥੇ ਹੀ ਬਸ ਨਹੀਂ ਉਹ 'ਰਸੀਦੀ ਟਿਕਟ ਦੀ ਪਿੱਠ' ਦੇ ਪਿਛੋਕੜ ਵਿਚ ਕੰਮ ਕਰ ਰਹੇ ਵਿਚਾਰ ਨੂੰ ਆਪਣੇ ਸੰਭਾਵਿਤ ਅਰਥਾਂ ਵਿਚ ਉਲਥਾਉਣ ਦਾ ਯਤਨ ਵੀ ਕਰਦੀ ਹੈ। ਉਹ ਇਸ ਰਾਇ ਦੇ ਸਹੀ ਪ੍ਰਤੀਕਾਤਮਕ ਅਰਥਾਂ ਤੱਕ ਅਪੜ ਸਕੀ ਹੈ ਜਾਂ ਨਹੀਂ—ਇਹ ਇਕ ਵੱਖਰਾ ਮਸਲਾ ਹੈ। ਪਰ, ਇਥੇ ਇਤਨਾ ਜ਼ਰੂਰ ਸਪੱਸ਼ਟ ਹੈ ਕਿ ਉਹ, ਖੁਸ਼ਵੰਤ ਸਿੰਘ ਦੀ ਆਪਣੀ ਜੀਵਨੀ ਬਾਰੇ ਪ੍ਰਗਟ ਕੀਤੀ ਇਸ ਰਾਇ ਨਾਲ ਪੂਰੀ ਤਰ੍ਹਾਂ ਸਹਿਮਤ ਹੈ। ਸਹਿਮਤ ਵੀ ਇਥੋਂ ਤੱਕ ਕਿ ਉਹ ਇਸਨੂੰ ਜਾਇਜ਼ ਠਹਿਰਾਉਣ ਦੇ ਨਾਲ ਨਾਲ ਆਪਣੇ ਹੀ ਅੰਦਾਜ਼ ਵਿਚ ਇਸਦੀ ਵਿਆਖਿਆ ਕਰਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਯਤਨ ਵੀ ਕਰਦੀ ਹੈ :—

> ''ਠੀਕ ਹੀ ਆਖਿਆ ਸੀ—ਜੋ ਕੁਝ ਵਾਪਰਿਆ, ਮਨ ਦੀਆਂ ਤੈਹਾਂ ਵਿਚ ਵਾਪਰਿਆ ਤੇ ਉਹ ਸਾਰਾ ਕੁਝ ਨਜ਼ਮਾਂ ਤੇ ਨਾਵਲਾਂ ਦੇ ਹਵਾਲੇ ਹੋ ਗਿਆ, ਫੇਰ ਬਾਕੀ ਕੀ ਰਿਹਾ ?
>
> ਫੇਰ ਵੀ ਕੁਝ ਸੱਤਰਾਂ ਲਿਖ ਰਹੀ ਹਾਂ—ਕੁਝ ਇੰਜ, ਜਿਵੇਂ ਜ਼ਿੰਦਗੀ ਦੇ ਲੇਖੇ ਜੋਖੇ ਦੇ ਕਾਗਜ਼ਾਂ ਉਤੇ ਇਕ ਨਿੱਕੀ ਜਿਹੀ ਰਸੀਦੀ ਟਿਕਟ ਲਾ ਰਹੀ ਹੋਵਾਂ। ਨਜ਼ਮਾਂ ਤੇ ਨਾਵਲਾਂ ਦੇ ਲੇਖੇ ਜੋਖੇ ਦੀ ਕੱਚੀ ਰਸੀਦ ਨੂੰ ਪੱਕੀ ਰਸੀਦ ਕਰਨ ਲਈ।'' (ਭੂਮਿਕਾ)

ਇਥੇ ਅੰਮ੍ਰਿਤਾ ਪ੍ਰੀਤਮ, ਖੁਸ਼ਵੰਤ ਸਿੰਘ ਦੁਆਰਾ ਪ੍ਰਗਟਾਈ ਗਈ ਰਾਇ ਨੂੰ ਹੀ ਆਪਣੇ ਤਰਕ ਦਾ ਮੂਲ ਆਧਾਰ ਬਣਾਉਂਦੀ ਪ੍ਰਤੀਤ ਹੁੰਦੀ ਹੈ। ਸਧਾਰਣ ਕਾਰ-ਵਿਹਾਰ ਵਿਚ 'ਰਸੀਦੀ ਟਿਕਟ' ਦੀ ਅਹਿਮੀਅਤ ਸਚਾਈ ਤੇ ਪਕਿਆਈ ਦੀ ਤਸਦੀਕ ਕਰਨ ਵਿਚ ਹੈ। ਭਾਵ, ਰਸੀਦੀ ਟਿਕਟ ਲੱਗਣ ਨਾਲ ਸੰਬੰਧਿਤ ਲਿਖਤ ਮੰਨਣਯੋਗ ਤੇ ਵਿਸ਼ਵਾਸਯੋਗ ਬਣ ਜਾਂਦੀ ਹੈ। ਜਾਂ ਇਉਂ ਕਹਿ ਲਉ ਕਿ ਰਸੀਦੀ ਟਿਕਟ ਦੀ ਆੜ ਵਿਚ ਜੋ ਵੀ ਲਿਖਿਆ ਜਾਂਦਾ ਹੈ, ਉਹ 'ਸੱਚਾ' ਤੇ 'ਪੱਕਾ' ਮੰਨਿਆ ਜਾਂਦਾ ਹੈ। ਇਹ ਅਜੋਕੇ ਸਮਾਜਕ-ਜੀਵਨ ਨਾਲ ਸੰਬੰਧਿਤ ਇਕ ਜਾਣੀ-ਪਛਾਣੀ ਮਿਥ ਹੈ—ਇਕ ਸਰਬ ਸਵੀਕ੍ਰਿਤ ਮਿਥ। ਇਸ ਮਿਥ ਦਾ ਜ਼ੋਰ ਮੰਨਣ ਉਤੇ ਹੁੰਦਾ ਹੈ 'ਹੋਣ' ਉਤੇ ਨਹੀਂ। ਕਿਉਂਕਿ ਸਾਡੇ ਸਮਾਜਕ ਭਾਈਚਾਰੇ ਨੇ ਸਮੂਹਕ ਰੂਪ ਵਿਚ 'ਰਸੀਦੀ ਟਿਕਟ' ਨੂੰ ਇਹ ਅਹਿਮੀਅਤ ਤੇ ਸਾਰਥਕਤਾ ਪ੍ਰਦਾਨ ਕੀਤੀ ਹੋਈ ਹੈ, ਇਸੇ ਲਈ ਅਸੀਂ ਇਸਨੂੰ 'ਮਿਥ' (Myth) ਦੇ ਅਰਥਾਂ ਵਿਚ ਸਮਝਣ ਦਾ ਯਤਨ ਕੀਤਾ ਹੈ। ਅੰਮ੍ਰਿਤਾ ਪ੍ਰੀਤਮ ਇਥੇ, ਰਸੀਦੀ ਟਿਕਟ ਦੀ ਇਸ 'ਮਿਥ' ਪ੍ਰਤੀ ਸੁਚੇਤ ਹੈ ਜਾਂ ਨਹੀਂ—ਪਰ, ਅਚੇਤ ਪੱਧਰ 'ਤੇ ਇਸ ਤੋਂ ਪ੍ਰਭਾਵਿਤ ਜ਼ਰੂਰ ਹੈ। ਹੱਥਲੀ ਰਚਨਾ ਰਾਹੀਂ ਉਹ ਆਪਣੀ 'ਜ਼ਿੰਦਗੀ ਦੇ ਲੇਖੇ ਜੋਖੇ ਦੇ ਕਾਗਜ਼ਾਂ ਉਤੇ ਇਕ ਨਿੱਕੀ ਜਿਹੀ ਰਸੀਦੀ ਟਿਕਟ' ਲਾਉਣ ਦੇ ਯਤਨ ਵਿਚ ਹੈ, ਤਾਂ ਜੋ 'ਰਸੀਦੀ ਟਿਕਟ' ਰਚਨਾ ਵਿਚ ਜੋ ਵੀ ਲਿਖਿਆ ਗਿਆ ਹੈ ਉਸਨੂੰ ਸੱਚ ਕਰਕੇ ਜਾਣਿਆ ਤੇ ਮੰਨਿਆ ਜਾਵੇ।

ਸੁਆਲ ਉਠਦਾ ਹੈ ਕਿ ਆਖ਼ਰ ਜ਼ਿੰਦਗੀ ਦਾ ਇਹ ਲੇਖਾ ਜੋਖਾ ਕੀ ਹੈ ਅਤੇ ਕਿਥੋਂ ਤੱਕ ਸਾਰਥਕ ਹੈ ?—ਜਿਸਦੇ ਸਚਿਆਰ ਹੋਣ ਉਪਰ ਲੇਖਿਕਾ ਨੇ ਇਤਨਾ ਜ਼ੋਰ ਦਿੱਤਾ ਹੈ। ਹੱਥਲੀ ਰਚਨਾ ਨਾਲ ਸੰਬੰਧਿਤ ਇਹ ਇਕ ਬੁਨਿਆਦੀ ਮੁੱਦਾ ਹੈ, ਜਿਸ ਉਪਰ ਰਤਾ ਠਹਿਰ ਕੇ ਚਰਚਾ ਕੀਤੀ ਜਾਏਗੀ। ਹਾਲ ਦੀ ਘੜੀ ਇਥੇ ਇਨ੍ਹਾਂ ਸਵੈ-ਕਥਨਾਂ ਦੇ ਪਿਛੋਕੜ ਵਿਚ ਕਾਰਜਸ਼ੀਲ ਲੇਖਿਕਾ ਦੀ ਭਾਵਨਾ ਨੂੰ ਸਮਝਣ ਦਾ ਯਤਨ ਕੀਤਾ ਜਾਏਗਾ। ਗਹੁ ਨਾਲ ਦੇਖਿਆਂ ਪਤਾ ਚਲਦਾ ਹੈ ਕਿ 'ਸੱਚ' ਤੇ 'ਪੱਕਾ'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਪਰ ਜ਼ੋਰ ਦੇਣ ਦੀ ਇਹ ਭਾਵਨਾ, ਲੇਖਿਕਾ ਦੇ ਦਿਲ-ਓ-ਦਿਮਾਗ ਉਪਰ ਛਾਏ ਕੁਝ 'ਕੰਪਲੈਕਸਾਂ' ਵਿਚੋਂ ਜਨਮ ਲੈਂਦੀ ਹੈ। ਇਹ 'ਕੰਪਲੈਕਸ' ਕੀ ਹਨ ? ਇਨ੍ਹਾਂ ਦਾ ਬੁਨਿਆਦੀ ਅਧਾਰ ਕੀ ਹੈ ?...ਇਹ ਕੁਝ ਕੁ ਸੁਆਲ ਹਨ ਜਿਨ੍ਹਾਂ ਦਾ ਉੱਤਰ ਰਚਨਾ ਦੇ ਸਿਰਜਤ-ਪਾਠ ਵਿਚੋਂ ਢੂੰਡਣ ਦਾ ਯਤਨ ਕੀਤਾ ਜਾਏਗਾ।

ਇਹ 'ਕੰਪਲੈਕਸ' ਕੁਝ ਵੀ ਹੋਣ। ਇਨ੍ਹਾਂ ਦਾ ਬੁਨਿਆਦੀ ਅਧਾਰ ਕੁਝ ਵੀ ਹੋਵੇ। ਪਰ, ਹੱਥਲੀ ਰਚਨਾ ਵਿਚ ਇਨ੍ਹਾਂ ਦੀ ਹੋਂਦ ਤੇ ਕਾਰਜਸ਼ੀਲਤਾ ਤੋਂ ਸਹਿਜੇ ਕੀਤਿਆਂ ਮੁਨਕਰ ਨਹੀਂ ਹੋਇਆ ਜਾ ਸਕਦਾ। ਰਚਨਾ ਦੇ ਅਖ਼ੀਰ 'ਤੇ (ਅੰਤਕਾ ਤੋਂ ਪਹਿਲਾਂ) 'ਯਥਾਰਥ ਤੋਂ ਯਥਾਰਥ ਤੱਕ' ਸਿਰਲੇਖ ਹੇਠ ਦਰਜ ਲੇਖਿਕਾ ਦੇ ਇਹ ਸਵੈ-ਕਥਨ ਸਾਡੀ ਇਸ ਧਾਰਣਾ ਨੂੰ ਹੋਰ ਵੀ ਦ੍ਰਿੜ ਕਰਦੇ ਹਨ। ਰਚਨਾ ਦੇ ਮੂਲ-ਪਾਠ ਵਿਚ ਆਪਣੀ ਗਾਥਾ ਦਾ ਬਿਆਨ ਕਰਨ ਮਗਰੋਂ ਲੇਖਿਕਾ ਨੂੰ ਮੁੜ ਇਹ ਕਹਿਣਾ ਪੈਂਦਾ ਹੈ :

> "ਸਵੈ-ਜੀਵਨੀ ਨੂੰ ਅਕਸਰ ਚਿਲਕਦੀ ਚਮਕਦੀ ਇਕਵਾਸੀ ਸਚਾਈ ਸਮਝਿਆ ਜਾਂਦਾ ਹੈ—ਸਵੈ-ਸ਼ਲਾਘਾ ਦਾ ਹੁਨਰੀ ਮਾਧਿਅਮ। ਪਰ, ਬੁਨਿਆਦੀ ਸਚਾਈ ਨੂੰ ਲੇਖਕ ਦੀ ਆਪਣੀ ਲੋੜ ਮੰਨ ਕੇ ਮੈਂ ਆਖਣਾ ਚਾਹਵਾਂਗੀ—**ਇਹ ਯਥਾਰਥ ਤੋਂ ਯਥਾਰਥ ਤੱਕ ਪਹੁੰਚਣ ਦਾ ਅਮਲ ਹੈ।**
>
> ...ਇਹ ਲੇਖਕ ਦਾ ਆਪਣੇ ਘਰ ਵਿਚ ਪਾਠਕ ਨੂੰ ਨਿਜੀ ਬੁਲਾਵਾ ਹੁੰਦਾ ਹੈ...ਸੰਗ ਸੰਕੋਚ ਦੀ ਦਹਿਲੀਜ਼ ਤੋਂ ਅੰਦਰਵਾਰ। ਤੇ ਇਹ ਸਿਰਫ਼ ਉਦੋਂ ਸੰਭਵ ਹੁੰਦਾ ਹੈ—ਜਦੋਂ ਲੇਖਕ ਦਾ ਜੇਰਾ ਉਹਦੇ ਕਿਸੇ ਸੱਚ ਨਾਲੋਂ ਊਣਾ ਨਾ ਹੋਵੇ। **ਇਹਦੇ ਵਿਚ ਕੋਈ ਝੂਠ, ਮਹਿਮਾਨ ਦੀ ਨਹੀਂ, ਮੇਜ਼ਬਾਨ ਦੀ ਆਪਣੀ ਹੱਤਕ ਹੁੰਦੀ ਹੈ।** ਸਿਰਫ਼ ਉਰਾਰਲੇ ਕੰਢੇ ਦਾ ਯਥਾਰਥ, ਜਿਵੇਂ ਕਲਾ ਦੀ ਨਦੀ ਚੀਰ ਕੇ, ਪਾਰਲੇ ਕੰਢੇ ਦਾ ਯਥਾਰਥ ਬਣਦਾ ਹੈ, **ਉਹ ਅਮਲ ਇਸ ਸਵੈ-ਜੀਵਨੀ ਵਿਚ ਵੀ ਹੈ। ਇਹ ਰਚਨਾ ਦਾ ਆਪਣਾ ਅਮਲ ਹੈ। ਮੈਂ ਇਸ ਨੂੰ ਯਥਾਰਥ ਤੋਂ ਯਥਾਰਥ ਤੱਕ ਆਖਣਾ ਚਾਹਵਾਂਗੀ।"**
>
> (ਪੰਨਾ 150-1)

ਲੇਖਿਕਾ ਦੇ ਇਨ੍ਹਾਂ ਸਵੈ-ਕਥਨਾਂ ਨਾਲ ਸਾਡੇ ਪਹਿਲੇ ਵਿਚਾਰ ਦੀ ਸਪੱਸ਼ਟ ਪੁਸ਼ਟੀ ਹੋ ਜਾਂਦੀ ਹੈ। ਸਾਡੀ ਧਾਰਣਾ ਹੈ ਕਿ 'ਸੱਚ' 'ਪੱਕ' ਤੇ 'ਯਥਾਰਥ' ਦਾ ਇਹ ਬਾਰ ਬਾਰ ਦੁਹਰਾਉ, ਬਿਨਾਂ ਕਿਸੇ ਕੰਪਲੈਕਸ ਦੇ ਹੋਂਦ ਵਿਚ ਨਹੀਂ ਆ ਸਕਦਾ। ਇਹ ਦੁਹਰਾਉ ਮੂਲ-ਪਾਠ ਦੇ ਕਿਰਦਾਰ ਪ੍ਰਤੀ ਪਾਠਕ ਅੰਦਰ ਸੰਦੇਹ ਦੀ ਭਾਵਨਾ ਨੂੰ ਜਨਮ ਦਿੰਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ। ਇਸ ਤੋਂ ਇਹ ਹੀ ਪ੍ਰਤੀਤ ਹੁੰਦਾ ਹੈ ਜਿਵੇਂ ਲੇਖਿਕਾ ਸਵੈ-ਅਵਿਸ਼ਵਾਸ 'ਚੋਂ ਬੋਲ ਰਹੀ ਹੋਵੇ। ਇਥੇ ਸਮੱਸਿਆ, ਰਚਨਾ ਦੇ ਯਥਾਰਥਕ ਤੇ ਸਚਿਆਰ 'ਹੋਣ' ਤੇ 'ਮੰਨਣ' ਨਾਲ ਸੰਬੰਧਿਤ ਹੈ। ਸਾਡਾ ਸਰੋਕਾਰ (ਲੇਖਿਕਾ ਆਪਣੇ ਸਵੈ-ਕਥਨਾਂ ਵਿਚ ਜਿਸ ਗੱਲ ਉਪਰ ਲੋੜ ਤੋਂ ਵੱਧ ਜ਼ੋਰ ਦੇ ਰਹੀ ਹੈ, ਉਸ ਨੂੰ ਜਿਉਂ ਦਾ ਤਿਉਂ) ਮੰਨਣ ਜਾਂ ਸਿਮਰਨ ਨਾਲ ਨਹੀਂ, ਸਗੋਂ 'ਜੋ ਹੈ' (ਹੋਣ) ਦਾ ਵਿਸ਼ਲੇਸ਼ਣ ਕਰਕੇ, ਉਸ ਵਿੱਚਲੇ ਸੱਚ ਤੱਕ ਅਪੜਣ ਨਾਲ ਹੈ।

ਇਸ ਨੁਕਤਾ-ਏ-ਨਿਗਾਹ ਤੋਂ ਜਦੋਂ ਅਸੀਂ 'ਰਸੀਦੀ ਟਿਕਟ' ਰਚਨਾ ਦੇ ਮੂਲ ਪਾਠ ਨਾਲ ਆਪਣੀ ਨੇੜ੍ਹੇ ਦੀ ਸਾਂਝ ਪਾਉਂਦੇ ਹਾਂ, ਤਾਂ ਕਈ ਮਹੱਤਵਪੂਰਣ ਨੁਕਤੇ ਸਾਡੇ ਧਿਆਨ ਦਾ ਕੇਂਦਰ ਬਣਦੇ ਹਨ—ਜਿਨ੍ਹਾਂ ਨੂੰ ਇਥੇ ਵਿਸਥਾਰ ਸਹਿਤ ਚਰਚਾ ਦਾ ਵਿਸ਼ਾ ਬਣਾਇਆ ਜਾਵੇਗਾ। ਆਪਣੇ ਜੀਵਨਗਤ ਵੇਰਵਿਆਂ ਦਾ ਲੇਖਾ ਜੋਖਾ ਕਰਨ ਲੱਗਿਆਂ ਅੰਮ੍ਰਿਤਾ ਨੂੰ ਇਉਂ ਪ੍ਰਤੀਤ ਹੁੰਦਾ ਹੈ, ਜਿਵੇਂ ਕਿਆਮਤ ਦੇ ਰੋਜ਼ ਉਹ ਆਪਣੀ ਜ਼ਿੰਦਗੀ ਦਾ ਲੇਖਾ ਦੇ ਰਹੀ ਹੋਵੇ। ਆਪਣੇ ਇਸ ਅਹਿਸਾਸ ਦਾ ਵਰਣਨ ਉਹ ਇਉਂ ਕਰਦੀ ਹੈ :

> ''ਕੀ ਇਹ ਕਿਆਮਤ ਦਾ ਦਿਨ ਹੈ ?
>
> ਜ਼ਿੰਦਗੀ ਦੇ ਕਈ ਉਹ ਪਲ, ਜੋ ਵਕਤ ਦੀ ਕੁੱਖ ਵਿਚੋਂ ਜੰਮੇ, ਜੀਵੇ ਤੇ ਵਕਤ ਦੀ ਕਬਰ ਵਿਚ ਪੈ ਗਏ, ਅੱਜ ਮੇਰੇ ਸਾਹਮਣੇ ਖਲੋਤੇ ਹਨ... ਇਹ ਸਭ ਕਬਰਾਂ ਕਿਵੇਂ ਖੁੱਲ੍ਹ ਗਈਆਂ ? ਤੇ ਸਾਰੇ ਪਲ ਜੀਉਂਦੇ ਜਾਗਦੇ ਕਬਰਾਂ ਵਿਚੋਂ ਕਿਵੇਂ ਨਿਕਲ ਆਏ ? ਇਹ ਜ਼ਰੂਰ ਕਿਆਮਤ ਦਾ ਦਿਨ ਹੈ।'' (ਪੰਨਾ 9)

ਆਪਣੀ ਜ਼ਿੰਦਗੀ ਦੇ ਲੇਖੇ ਜੋਖੇ ਜਾਂ ਨਿਬੇੜੇ ਨੂੰ ਕਿਆਮਤ ਨਾਲ ਉਪਮਾ ਦੇਣ ਵਾਲਾ ਇਹ ਵੇਰਵਾ ਖ਼ਾਸਾ ਰੋਚਕ ਹੈ। 'ਕਿਆਮਤ' ਦਾ ਮੂਲ ਸੰਬੰਧ ਇਕ ਇਸਲਾਮੀ ਵਿਸ਼ਵਾਸ ਨਾਲ ਹੈ। ਮੁਸਲਮਾਨਾਂ ਦੇ ਮੱਤ ਅਨੁਸਾਰ ਪ੍ਰਲੈ ਹੋਣ ਪਿਛੋਂ ਮੁਰਦੇ ਉਠ ਖੜੇ ਹੋਣਗੇ। ਸ਼ਰੀਰਾਂ ਵਿਚ ਰੂਹਾਂ ਦੀ ਮੁੜ 'ਕਾਯਮੀ' ਕਰਕੇ ਹੀ ਇਸ ਦਿਨ ਦਾ ਨਾਂ, ਕਿਆਮਤ ਦਾ ਦਿਨ ਪੈ ਗਿਆ। ਮੁਸਲਮਾਨਾਂ ਦੇ ਮੱਤ ਅਨੁਸਾਰ ਇਸੇ ਕਿਆਮਤ ਦੇ ਰੋਜ਼ ਖ਼ੁਦਾ, ਜੀਵਾਂ ਦੇ ਸ਼ੁੱਭ-ਅਸ਼ੁੱਭ ਕਰਮਾਂ ਦਾ ਫ਼ੈਸਲਾ-ਨਬੇੜਾ ('ਕਯਾਮਤ ਕੇ ਹੀ ਦਿਵਸ ਮੇਂ ਸਭੋ ਨਬੇੜਾ ਹੋਇਆ') ਕਰੇਗਾ।[1] ਪਰ, 'ਰਸੀਦੀ ਟਿਕਟ' ਰਚਨਾ ਦੇ ਸੰਦਰਭ ਵਿਚ ਵੇਖਣ ਵਾਲੀ ਵਿਸ਼ੇਸ਼ ਗੱਲ ਇਹ ਹੈ ਕਿ ਇਥੇ ਫ਼ੈਸਲਾ ਜਾਂ ਨਬੇੜਾ ਕਰਨ ਵਾਲੀ ਦੂਜੀ ਧਿਰ ਵੀ ਲੇਖਿਕਾ ਆਪ ਹੀ ਹੈ। ਭਾਵ, ਆਪਣੀ ਜੀਵੀ ਜ਼ਿੰਦਗੀ ਦਾ 'ਲੇਖਾ ਜੋਖਾ', ਉਸ ਨੇ ਆਪ ਹੀ ਕਰਨਾ ਹੈ। ਇਹ ਇਕ ਖ਼ਾਸਾ ਬਿਖ਼ਮ ਕਾਰਜ ਹੈ। ਇਕ ਪ੍ਰਕਾਰ ਦੀ ਸਵੈ-ਪੜਤਾਲ ਹੈ ਜਾਂ ਆਪਣੇ ਪਿੰਡੇ ਤੋਂ ਬਾਹਰ ਜਾਣ ਵਾਲੀ ਗੱਲ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਕਾਰਜ ਇਕ ਵਿਸ਼ੇਸ਼ ਪ੍ਰਕਾਰ ਦੀ ਸੰਜਮਸ਼ੀਲ ਤੇ ਵਸਤੂਪਰਕ ਦ੍ਰਿਸ਼ਟੀ ਦੀ ਮੰਗ ਕਰਦਾ ਹੈ। ਆਪੇ ਤੋਂ ਵਿੱਥ ਥਾਪੇ ਬਿਨਾਂ, ਸਵੈ-ਪੜਤਾਲ ਦਾ ਇਹ ਕਾਰਜ ਮੁਮਕਿਨ ਨਹੀਂ। ਇਸ ਦੀ ਅਣਹੋਂਦ ਵਿਚ ਜੋ ਹੋਵੇਗਾ, ਉਹ ਕੇਵਲ ਸਤੱਈ ਪੱਧਰ ਦਾ ਹੀ ਹੋਵੇਗਾ। ਆਪਣੀ ਰਚਨਾ 'ਰਸੀਦੀ ਟਿਕਟ' ਵਿਚ ਅੰਮ੍ਰਿਤਾ ਪ੍ਰੀਤਮ ਨੇ ਅਜਿਹਾ ਕੀਤੇ ਹੋਣ ਦਾ ਹੀ ਨਹੀਂ, ਸਗੋਂ ਇਸ ਦੇ ਯਥਾਰਥਕ ਹੋਣ ਦਾ ਦਾਅਵਾ ਵੀ ਕੀਤਾ ਹੈ। ਉਸ ਨੇ ਬਾਰ ਬਾਰ ਆਪਣੀ ਜ਼ਿੰਦਗੀ ਦੇ ਇਸ ਲੇਖੇ ਜੋਖੇ ਨੂੰ **'ਯਥਾਰਥ ਤੋਂ ਯਥਾਰਥ ਤੱਕ ਦਾ ਅਮਲ'** ਕਿਹਾ ਹੈ। ਸੁਆਲ ਉਠਦਾ ਹੈ ਕਿ ਲੇਖਿਕਾ ਦੇ ਇਸ ਕਥਨ ਵਿਚ ਕਿਤਨੀ ਕੁ ਸਚਾਈ ਹੈ ?—ਇਹ ਇਕ ਵਿਚਾਰਣਯੋਗ ਨੁਕਤਾ ਹੈ, ਜੋ ਵਿਸਥਾਰ ਸਹਿਤ ਚਰਚਾ ਦੀ ਮੰਗ ਕਰਦਾ ਹੈ।

ਇਸ ਸੰਬੰਧ ਵਿਚ ਯਾਦ ਰਖਣ ਵਾਲੀ ਵਿਸ਼ੇਸ਼ ਗੱਲ ਇਹ ਹੈ ਕਿ ਇਥੇ ਲੇਖਿਕਾ ਨੇ ਆਪਣੇ ਕਰਮਾਂ ਦੇ ਸ਼ੁੱਭ ਜਾਂ ਅਸ਼ੁੱਭ ਹੋਣ ਦਾ ਨਬੇੜਾ ਨਹੀਂ ਕਰਨਾ। ਸਗੋਂ, ਆਪਣੀ ਜੀਵੀ ਜ਼ਿੰਦਗੀ ਦਾ ਕੇਵਲ ਲੇਖਾ ਦੇਣਾ ਹੈ, ਬਸ। ਉਹ ਵੀ ਕੇਵਲ ਆਪਣੇ ਪਾਠਕਾਂ ਨੂੰ :

> "ਇਹ ਲੇਖਕ ਦਾ ਆਪਣੇ ਘਰ ਵਿਚ ਪਾਠਕ ਨੂੰ ਨਿਜੀ ਬੁਲਾਵਾ (ਹੁੰਦਾ) ਹੈ—ਸੰਗ ਸੰਕੋਚ ਦੀ ਦਹਲੀਜ਼ ਤੋਂ ਅੰਦਰਵਾਰ। ਤੇ ਇਹ ਸਿਰਫ਼ ਉਦੋਂ ਸੰਭਵ ਹੁੰਦਾ ਹੈ—ਜਦੋਂ ਲੇਖਕ ਦਾ ਜੇਰਾ ਉਹਦੇ ਕਿਸੇ ਸੱਚ ਨਾਲੋਂ ਊਣਾ ਨਾ ਹੋਵੇ। ਇਹਦੇ ਵਿਚ ਕੋਈ ਝੂਠ, ਮਹਿਮਾਨ ਦੀ ਨਹੀਂ, ਮੇਜ਼ਬਾਨ ਦੀ ਆਪਣੀ ਹੱਤਕ ਹੁੰਦੀ ਹੈ।"
>
> (ਪੰਨਾ 150)

ਸੁਆਲ ਉਠਿਆ ਹੈ ਕਿ ਆਖ਼ਰ ਇਹ ਲੇਖਾ ਜੋਖਾ ਕੀ ਹੈ ? ਜੁਆਬ ਵਿਚ ਇਹ ਹੀ ਕਿਹਾ ਜਾਏਗਾ ਕਿ ਇਹ ਲੇਖਾ ਜੋਖਾ ਹੈ ਲੇਖਿਕਾ ਦੀ ਆਪਣੀ ਜੀਵਨ-ਵਿਥਿਆ ਦਾ ਬਿਆਨ, ਜਿਸਨੂੰ ਉਸਨੇ 'ਯਥਾਰਥ ਤੋਂ ਯਥਾਰਥ ਤੱਕ ਦਾ ਅਮਲ' ਕਿਹਾ ਹੈ। ਇਸ ਜੀਵਨ-ਵਿਥਿਆ ਦੇ ਅੰਤਰਗਤ ਲੇਖਿਕਾ ਨੇ ਆਪਣੇ ਚੰਗੇ ਮੰਦੇ ਤੇ ਕੁਝ ਤਲਖ ਤਜਰੱਬਿਆਂ ਦਾ ਜ਼ਿਕਰ ਕੀਤਾ ਹੈ। 'ਰਸੀਦੀ ਟਿਕਟ' ਰਚਨਾ ਵਿਚ ਆਪਣੇ ਬਚਪਨ, ਪਿਤਾ ਦੇ ਪਿਆਰ-ਵਿਆਹ, ਮਾਤਾ ਰਾਜ ਬੀਬੀ ਦੀ ਤਪੱਸਿਆ, ਆਪਣੇ ਜਨਮ, ਘਰ ਦੇ ਘੁੱਟਵੇਂ ਮਾਹੌਲ, ਪਿਤਾ ਦਾ ਸੁਭਾਅ (ਅਮੀਰੀ ਤੇ ਫ਼ਕੀਰੀ ਦਾ ਸੁਮੇਲ), ਆਪਣੇ ਇਸ਼ਕ ਦੀ ਦਾਸਤਾਨ, ਕਵਿਤਾ ਲਿਖਣ ਦੀ ਪ੍ਰੇਰਨਾ, ਆਪਣੇ ਸਮਕਾਲੀਆਂ ਪ੍ਰਤੀ ਗਿਲ੍ਹੇ ਸ਼ਿਕਵੇ ਅਤੇ ਆਪਣੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਉਸਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਕਿਆਮਤ ਦੇ ਰੋਜ਼ ਆਪਣੀ ਜ਼ਿੰਦਗੀ ਦਾ ਲੇਖਾ ਦੇ ਰਹੀ ਹੋਵੇ। ਆਪਣੀ ਜ਼ਿੰਦਗੀ ਦੇ ਇਸ ਲੇਖੇ ਨੂੰ ਕਿਆਮਤ ਜਿਹੇ ਮਿਥਕ ਵੇਰਵੇ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਪਮਾ ਦੇਣ ਵਾਲਾ ਇਹ ਨੁਕਤਾ ਬਹੁਤਾ ਢੁੱਕਵਾਂ ਪ੍ਰਤੀਤ ਨਹੀਂ ਹੁੰਦਾ। ਕਿਉਂਕਿ, ਕਿਆਮਤ ਦੇ ਪਿਛੋਕੜ ਵਿਚ ਕਾਰਜਸ਼ੀਲ ਮਿਥਕ-ਵਿਸ਼ਵਾਸ ਨੂੰ ਇਹ ਵੇਰਵਾ ਪੂਰੀ ਤਰ੍ਹਾਂ ਜਜ਼ਬ ਨਹੀਂ ਕਰ ਸਕਿਆ। ਇਸੇ ਕਰਕੇ ਇਹ ਵੇਰਵਾ ਸਤੱਈ ਤੇ ਪੇਤਲਾ ਜਿਹਾ ਹੀ ਪ੍ਰਤੀਤ ਹੁੰਦਾ ਹੈ।

ਆਪਣੇ ਮੁੱਢਲੇ ਜੀਵਨ ਦਾ ਵਰਣਨ ਕਰਦਿਆਂ ਅੰਮ੍ਰਿਤਾ ਨੇ ਆਪਣੀ ਉਮਰ ਦੇ ਸੋਲ੍ਹਵੇਂ ਵਰ੍ਹੇ ਉਪਰ ਵਧੇਰੇ ਜ਼ੋਰ ਦਿੱਤਾ ਹੈ। ਆਪਣੇ ਬਚਪਨ ਉਪਰ ਕੁਝ ਚਲੰਤ ਜਿਹੀਆਂ ਟਿਪਣੀਆਂ ਕਰਨ ਮਗਰੋਂ, ਉਹ ਝੱਟ ਹੀ ਆਪਣੀ ਉਮਰ ਦੇ ਸੋਲ੍ਹਵੇਂ ਵਰ੍ਹੇ ਉਪਰ ਪੁੱਜ ਜਾਂਦੀ ਹੈ। ਇਹ ਅੰਮ੍ਰਿਤਾ ਲਈ ਵਿਸ਼ੇਸ਼ ਅਹਿਮੀਅਤ ਰਖਣ ਵਾਲਾ ਵਰ੍ਹਾ ਹੈ, ਜਿਸਨੂੰ ਉਹ 'ਉਮਰ ਦੀ ਸੜ੍ਹਕ ਉਤੇ ਲੱਗਾ ਹੋਇਆ, ਖ਼ਤਰੇ ਦਾ ਚਿੰਨ੍ਹ' ਆਖਦੀ ਹੈ। ਉਮਰ ਦੀ ਇਸ ਅਵੱਸਥਾ 'ਤੇ ਪੁੱਜ ਕੇ ਉਸ ਅੰਦਰ 'ਕਿਸੇ ਮੂੰਹ ਦਾ ਤਸੱਵਰ' ਤੇ 'ਅੱਖਰਾਂ ਦਾ ਅਦਬ' ਮੂੰਹ ਜ਼ੋਰ ਹੋ ਜਾਂਦਾ ਹੈ। ਆਪਣੇ ਜੀਵਨ ਵਿਚ ਉਹ ਇਸ ਵਰ੍ਹੇ ਦੀ ਆਵੰਦ ਸੰਬੰਧੀ ਇਉਂ ਲਿਖਦੀ ਹੈ :

> "ਸੋਹਲਵਾਂ ਵਰ੍ਹਾ ਆਇਆ—ਇਕ ਅਜਨਬੀ ਵਾਂਗ। ਕੋਲ ਆ ਕੇ ਵੀ ਵਿੱਥ ਤੇ ਖਲੋਤਾ ਰਿਹਾ। ਮੈਂ ਕਦੇ ਚੁੱਪ ਚਾਪ ਉਹਦੇ ਵੱਲ ਤੱਕ ਛੱਡਦੀ, ਉਹ ਕਦੇ ਮੁਸਕਰਾ ਕੇ ਮੇਰੇ ਵਲ ਵੇਖ ਛੱਡਦਾ।"
>
> (ਪੰਨਾ 19)

ਇਉਂ, ਇਹ ਵਰ੍ਹਾ ਉਸਦੀ ਜ਼ਿੰਦਗੀ ਵਿਚ ਇਕ ਅਜਨਬੀ ਦੀ ਤਰ੍ਹਾਂ ਆਉਂਦਾ ਹੈ ਅਤੇ ਉਸ ਅੰਦਰ 'ਇਕੱਲਤਾ' ਤੇ 'ਉਪਰਾਮਤਾ' ਦੀ ਭਾਵਨਾ ਤੀਬਰ ਕਰ ਜਾਂਦਾ ਹੈ। ਇਹ ਹੱਥਲੀ ਰਚਨਾ ਨਾਲ ਸੰਬੰਧਿਤ ਇਕ ਅਹਿਮ ਨੁਕਤਾ ਹੈ। ਇਸ ਨੁਕਤੇ ਨੂੰ ਅਸੀਂ ਇਸ ਰਚਨਾ ਦਾ ਮੂਲ ਧੁਰਾ ਵੀ ਕਹਿ ਸਕਦੇ ਹਾਂ! ਕਿਉਂਕਿ, 'ਇਕੱਲਤਾ' ਤੇ 'ਉਪਰਾਮਤਾ' ਦੀ ਇਹ ਭਾਵਨਾ ਉਸਦੇ ਸੋਲ੍ਹਵੇਂ ਵਰ੍ਹੇ ਤੱਕ ਹੀ ਮਹਿਦੂਦ ਨਹੀਂ ਰਹਿੰਦੀ ਸਗੋਂ, ਉਹ ਰਹਿੰਦੀ ਉਮਰ ਵਿਚ ਇਸੇ ਭਾਵਨਾ ਨੂੰ ਬੜੀ ਸ਼ਿੱਦਤ ਨਾਲ ਹੰਢਾਉਂਦੀ ਹੈ। 'ਰਸੀਦੀ ਟਿਕਟ' ਵਿਚ ਪੇਸ਼ ਅੰਮ੍ਰਿਤਾ ਦੇ ਲਗਭਗ ਸਾਰੇ ਜੀਵਨਗਤ ਵੇਰਵੇ ਇਸ ਵਿਚਾਰ ਦੀ ਪੁਸ਼ਟੀ ਕਰਦੇ ਹਨ। ਸੋਲ੍ਹਵੇਂ ਵਰ੍ਹੇ ਦਾ ਇਹ 'ਹੁਸੀਨ ਤਸੱਵਰ' ਉਸਦੇ ਜੀਵਨ ਦੇ ਹਰ ਮੋੜ ਦਾ ਪ੍ਰੇਰਨਾ ਸਰੋਤ ਬਣ ਜਾਂਦਾ ਹੈ, ਜਿਸ ਦੀ ਹੋਂਦ ਨੂੰ ਉਹ ਅੱਜ ਵੀ ਮਹਿਸੂਸ ਕਰਦੀ ਹੈ :—

> "ਹੁਸੀਨ ਤਸੱਵਰ ਇਕ ਮਹਿਬੂਬ ਦੇ ਮੂੰਹ ਦਾ ਹੋਵੇ ਜਾਂ ਧਰਤੀ ਦੇ ਮੂੰਹ ਦਾ, ਇਹਦੇ ਵਿਚ ਫ਼ਰਕ ਨਹੀਂ। ਇਹ ਮਨ ਦੇ ਸੋਹਲਵੇਂ ਵਰ੍ਹੇ ਨਾਲ ਮਨ ਦੇ ਤਸੱਵਰ ਦਾ ਰਿਸ਼ਤਾ ਹੈ ਤੇ ਮੇਰਾ ਇਹ ਰਿਸ਼ਤਾ ਅਜੇ ਕਾਇਮ ਹੈ।"
>
> (ਪੰਨਾ 22)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਸਲ ਵਿਚ, ਸਲੂਵੇਂ ਵਰ੍ਹੇ ਦਾ ਇਹ 'ਹੁਸੀਨ ਤਸੱਵਰ' ਹੀ ਉਸ ਅੰਦਰ 'ਇਕੱਲਤਾ' ਤੇ 'ਉਪਰਾਮਤਾ' ਦੀ ਭਾਵਨਾ ਨੂੰ ਜਨਮ ਦੇਣ ਲਈ ਜ਼ੁੰਮੇਵਾਰ ਹੈ। ਸਿੱਟੇ ਵਜੋਂ, ਇਹ ਭਾਵਨਾ ਉਸਦੇ ਸਮੁੱਚੇ ਜੀਵਨ ਦਾ ਸਦੀਵੀ ਸੱਚ ਹੋ ਨਿਬੜਦਾ ਹੈ। 'ਰਸੀਦੀ ਟਿਕਟ' ਰਚਨਾ ਵਿਚ ਪੇਸ਼ ਵੱਖ ਵੱਖ ਵੇਰਵਿਆਂ ਤੋਂ ਪਤਾ ਚਲਦਾ ਹੈ ਕਿ ਸਤਾਰ੍ਹਾਂ ਵਰ੍ਹਿਆਂ ਦੀ ਉਮਰ ਵਿਚ ਉਸਦਾ ਵਿਆਹ ਸ੍ਰ: ਪ੍ਰੀਤਮ ਸਿੰਘ ਨਾਲ ਹੋਇਆ। ਇਸ ਮਗਰੋਂ ਉਹ ਅੰਮ੍ਰਿਤ ਕੌਰ ਤੋਂ ਅੰਮ੍ਰਿਤਾ ਪ੍ਰੀਤਮ ਬਣ ਜਾਂਦੀ ਹੈ। ਪਰ, ਇਸ ਸਭ ਕੁਝ ਦੇ ਬਾਵਜੂਦ ਵੀ ਉਸਦੀ ਮਾਨਸਿਕਤਾ ਵਿਚ ਪੈਦਾ ਹੋਇਆ 'ਇਕੱਲਤਾ' ਤੇ 'ਉਪਰਾਮਤਾ' ਦਾ ਖੱਪਾ (gap) ਭਰਦਾ ਨਹੀਂ, ਸਗੋਂ ਹੋਰ ਵਧਦਾ ਜਾਂਦਾ ਹੈ। ਉਹ ਗ਼ਮੇ ਇਸ਼ਕ ਦੇ ਹੜ੍ਹ ਵਿਚ ਰੁੜ੍ਹੀ ਹੀ ਚਲੀ ਜਾਂਦੀ ਹੈ। ਗਹੁ ਨਾਲ ਦੇਖਿਆਂ ਪਤਾ ਚਲਦਾ ਹੈ ਕਿ ਅੰਮ੍ਰਿਤਾ ਪ੍ਰੀਤਮ ਦੀ ਜ਼ਿੰਦਗੀ ਦੇ ਲੇਖੇ ਜੋਖੇ ('ਰਸੀਦੀ ਟਿਕਟ') ਦਾ ਮੁੱਖ ਵਿਸ਼ਾ ਇਹ ਗ਼ਮੇ ਇਸ਼ਕ ਦੀ ਦਾਸਤਾਨ ਹੀ ਹੈ। ਉਸਦੀ ਜ਼ਿੰਦਗੀ ਵਿਚ ਕਈ ਮਰਦ, ਦੋਸਤ ਬਣ ਕੇ ਆਉਂਦੇ ਹਨ। ਇਨ੍ਹਾਂ ਵਿਚੋਂ ਕੁਝ ਨਾਲ ਉਹ ਆਪ ਇਸ਼ਕ ਕਰਦੀ ਹੈ ਅਤੇ ਕੁਝ ਇਸਨੂੰ ਇਸ਼ਕ ਕਰਦੇ ਹਨ। ਇਨ੍ਹਾਂ ਵਿਚੋਂ ਸੱਜਾਦ, ਸਾਹਿਰ ਲੁਧਿਆਣਵੀ ਤੇ ਇਮਰੋਜ਼ ਦਾ ਜ਼ਿਕਰ, ਇਥੇ ਵਿਸ਼ੇਸ਼ ਤੌਰ 'ਤੇ ਕੀਤਾ ਗਿਆ ਹੈ।

ਇਨ੍ਹਾਂ ਵਿਚੋਂ ਸੱਜਾਦ ਨੂੰ ਅੰਮ੍ਰਿਤਾ ਪ੍ਰੀਤਮ ਨੇ ਆਪਣਾ ਸੱਚਾ ਪ੍ਰੇਮੀ ਕਰਾਰ ਦਿੱਤਾ ਹੈ, ਜੋ ਉਸਨੂੰ ਪਿਆਰ ਨਾਲ 'ਅੰਮੀ' ਕਹਿ ਕੇ ਯਾਦ ਕਰਦਾ ਰਿਹਾ। ਜੇਕਰ ਅੰਮ੍ਰਿਤਾ ਨੇ ਆਪਣੇ ਪੁੱਤਰ ਦਾ ਨਾਂ 'ਨਵਰਾਜ' ਰਖਿਆ, ਤਾਂ ਉਸਨੇ ਆਪਣੇ ਪੁੱਤਰ ਦਾ ਨਾਂ 'ਨਵੀ' ਰਖਿਆ। ਸੱਜਾਦ ਦੇ ਮੇਲ ਨੂੰ 'ਹੁਸੀਨ ਸਬੱਬ' ਤੇ ਉਸਦੀ ਦੋਸਤੀ ਨੂੰ 'ਪਾਕਿ ਦਿਲ ਇਨਸਾਨ ਦੀ ਦੋਸਤੀ' ਕਹਿੰਦਿਆਂ ਉਹ ਲਿਖਦੀ ਹੈ :—

> "ਮੈਨੂੰ ਆਪਣੀ ਦੀਵਾਨਗੀ ਉਤੇ ਮਾਣ ਹੈ ਪਰ ਅੱਜ ਉਹ ਵੀ ਸੱਜਾਦ ਦੀ ਦੀਵਾਨਗੀ ਸਾਹਮਣੇ ਸਜਦੇ ਵਿਚ ਝੁਕੀ ਹੋਈ ਹੈ।" (ਪੰਨਾ 106)

ਇਉਂ, ਇਕ ਲੰਬਾ ਅਰਸਾ ਸੱਜਾਦ ਹੈਦਰ ਦੀ ਦੀਵਾਨਗੀ ਅੰਮ੍ਰਿਤਾ ਲਈ ਦੋਸਤੀ ਦਾ ਫ਼ਖ਼ਰ ਤੇ ਸਾਹਿਤ-ਸਿਰਜਣਾ ਦਾ ਪ੍ਰੇਰਨਾ-ਸਰੋਤ ਬਣੀ ਰਹੀ। ਆਪਣੀਆਂ ਕਈ ਰਚਨਾਵਾਂ ਵਿਚ ਉਸਨੇ ਇਸ ਦੋਸਤੀ ਦਾ ਜ਼ਿਕਰ ਬੜੀ ਸ਼ਿੱਦਤ ਨਾਲ ਕੀਤਾ ਹੈ :—

> ਸੱਜਾਦ ਦੇ ਜਾਣ ਵੇਲੇ ਮੈਂ ਨਜ਼ਮ ਲਿਖੀ—
> 'ਸਾਨੂੰ ਖੰਭ ਵਿਕੰਦੜੇ ਲੈ ਦੇ ਵੇ ਪਰਦੇਸੀਆ !
> ਜਾਂ ਰਹਿ ਪਉ ਸਾਡੇ ਕੋਲ......।'" (ਪੰਨਾ 28)

ਸੱਜਾਦ ਹੈਦਰ,ਹੀ ਨਹੀਂ, ਸਾਹਿਰ ਲੁਧਿਆਣਵੀ ਵੀ ਉਸਦੀਆਂ ਕਈ ਰਚਨਾਵਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਪ੍ਰੇਰਨਾ-ਸਰੋਤ ਰਿਹਾ ਹੈ। ਇਸਦਾ ਜ਼ਿਕਰ ਉਹ ਇਉਂ ਕਰਦੀ ਹੈ :—

> "ਸਾਹਿਰ ਨੂੰ ਮੈਂ ਥੋੜ੍ਹਾ ਜਿਹਾ 'ਅਸ਼ੂ' ਨਾਵਲ ਵਿਚ ਲਿਖਿਆ, ਫੇਰ 'ਇਕ ਸੀ ਅਨੀਤਾ' ਵਿਚ, ਤੇ ਫੇਰ 'ਦਿੱਲੀ ਦੀਆਂ ਗਲੀਆਂ' ਵਿਚ ਸਾਗਰ ਦੇ ਰੂਪ ਵਿਚ।" (ਪੰਨਾ 25)

ਇਨ੍ਹਾਂ ਨਾਵਲਾਂ ਤੋਂ ਛੁੱਟ 'ਸੱਤ ਵਰ੍ਹੇ' ਤੇ 'ਸੁਨੇਹੜੇ' (ਲੰਬੀ ਨਜ਼ਮ) ਆਦਿ ਕਾਵਿ-ਰਚਨਾਵਾਂ ਵੀ ਉਸਨੇ ਸਾਹਿਰ ਦੀ ਦੋਸਤੀ ਤੋਂ ਪ੍ਰੇਰਿਤ ਹੋ ਕੇ ਲਿਖੀਆਂ। ਸਾਹਿਰ ਪ੍ਰਤੀ ਅੰਮ੍ਰਿਤਾ ਦੀ ਖਿੱਚ ਬੜੀ ਪ੍ਰਚੰਡ ਦਿਖਾਈ ਦਿੰਦੀ ਹੈ। ਕਈ ਵਰ੍ਹੇ ਨਿਰੰਤਰ ਉਹ, ਉਸਦੇ ਮੂੰਹ ਨੂੰ ਇਸ਼ਕ ਕਰਦੀ ਰਹੀ। ਇਥੋਂ ਤੱਕ ਕਿ ਆਪਣੇ ਗਰਭ-ਸਮੇਂ ਵੀ ਉਹ ਸਾਹਿਰ ਦੇ ਨਕਸ਼ਾਂ ਦਾ ਮੁਹਾਂਦਰਾ ਚਿਤਵਦੀ ਰਹੀ। ਆਖ਼ਰ! ਜਦੋਂ ਉਸਦੀ ਕੁੱਖ 'ਚੋਂ ਬਾਲ 'ਨਵਰਾਜ' ਜਨਮ ਲੈਂਦਾ ਹੈ, ਤਾਂ ਉਸਦੀ ਸ਼ਕਲ ਸਾਹਿਰ ਨਾਲ ਮਿਲਦੀ ਪ੍ਰਤੀਤ ਹੁੰਦੀ ਹੈ। ਅੰਮ੍ਰਿਤਾ ਇਸਨੂੰ ਕਲਪਨਾ ਦਾ ਕ੍ਰਿਸ਼ਮਾ ਆਖਦੀ ਹੈ। ਪਰ, ਫਿਰ ਵੀ ਇਹ ਗੱਲ ਗਰਮ ਚਰਚਾ ਦਾ ਵਿਸ਼ਾ ਬਣ ਜਾਂਦੀ ਹੈ। ਰਾਜਿੰਦਰ ਸਿੰਘ ਬੇਦੀ ਉਸ ਤੋਂ ਪੁੱਛਦਾ ਹੈ—"ਪ੍ਰਕਾਸ਼ ਪੰਡਤ ਕੋਲੋਂ ਇਕ ਗੱਲ ਸੁਣੀ ਸੀ ਕਿ ਨਵਰਾਜ ਸਾਹਿਰ ਦਾ ਬੇਟਾ ਹੈ।" ਜੁਆਬ ਵਿਚ ਅੰਮ੍ਰਿਤਾ ਕਹਿੰਦੀ ਹੈ, "ਇਹ ਕਲਪਨਾ ਦਾ ਸੱਚ ਹੈ, ਹਕੀਕਤ ਦਾ ਸੱਚ ਨਹੀਂ।" ਗੱਲ ਇਥੋਂ ਤੱਕ ਵੱਧ ਜਾਂਦੀ ਹੈ ਕਿ ਇਕ ਦਿਨ ਉਸਦਾ ਬੇਟਾ ਨਵਰਾਜ ਵੀ ਉਸਤੋਂ ਪੁੱਛ ਬੈਠਦਾ ਹੈ, "ਕੀ ਮੈਂ ਸਾਹਿਰ ਅੰਕਲ ਦਾ ਬੇਟਾ ਹਾਂ?" "ਨਹੀਂ!" "ਪਰ ਜੇ ਹਾਂ, ਤਾਂ ਦੱਸ ਦਿਉ।" "......ਪਰ ਜੇ ਇਹ ਸੱਚ ਹੁੰਦਾ, ਤਾਂ ਮੈਨੂੰ ਜ਼ਰੂਰ ਦੱਸ ਦਿੰਦੀ।" ਇਹ ਕੁਝ ਕੁ ਬੜੇ ਅਹਿਮ ਸੁਆਲ ਹਨ, ਜਿਨ੍ਹਾਂ ਦਾ ਉਸਨੂੰ ਸਾਹਮਣਾ ਕਰਨਾ ਪੈਂਦਾ ਹੈ। ਸੁਆਲ ਜਿਤਨੇ ਸੰਜੀਦਾ ਹਨ, ਜੁਆਬ ਉਤਨੇ ਹੀ ਪੇਤਲੇ ਤੇ ਸੰਕੇਤ ਮਾਤਰ ਹਨ। ਇਨ੍ਹਾਂ ਜੁਆਬਾਂ ਵਿਚ ਲੇਖਿਕਾ ਦੀ ਆਪਾ-ਲੁਕਾਊ ਬਿਰਤੀ ਸਪੱਸ਼ਟ ਹੈ। ਆਪਣੇ ਬੇਟੇ ਨਵਰਾਜ ਦੇ ਸੁਆਲਾਂ ਦਾ ਜੁਆਬ, ਉਹ ਇਕ ਸਧਾਰਣ ਮਾਂ ਵਾਂਗ ਦਿੰਦੀ ਹੈ। ਅਜਿਹੀ ਸਥਿਤੀ ਵਿਚ ਉਸਦਾ ਲੇਖਕ ਆਪਾ ਕਿਤੇ ਅਲੋਪ ਹੋ ਗਿਆ ਪ੍ਰਤੀਤ ਹੁੰਦਾ ਹੈ। ਇਸ ਕਠੋਰ ਸਥਿਤੀ ਨਾਲ ਟਕਰਾਉਂਦੀ ਹੋਈ ਵੀ ਉਹ ਆਪਣੇ ਆਪ ਨੂੰ ਇਸ਼ਕ ਦੀ ਖੇਡ ਵਿਚ ਪੂਰਾ ਉਤਰਦੀ ਦਸਦੀ ਹੈ।[2]

ਅੰਮ੍ਰਿਤਾ ਦੇ 'ਗ਼ਮੇ ਇਸ਼ਕ' ਵਿਚ ਇਮਰੋਜ਼ ਨੇ ਵੀ ਇਕ ਅਹਿਮ ਭੂਮਿਕਾ ਨਿਭਾਈ। 'ਰਸੀਦੀ ਟਿਕਟ' ਰਚਨਾ ਵਿਚ ਇਮਰੋਜ਼ ਦਾ ਜ਼ਿਕਰ ਕਈ ਵਾਰ ਹੋਇਆ ਹੈ। ਇਮਰੋਜ਼ ਉਸ ਲਈ, ਬੇਖ਼ੁਦੀ ਦੇ ਆਲਮ ਤੱਕ ਪਹੁੰਚਾ ਦੇਣ ਵਾਲਾ ਸ਼ਖਸ ਸਾਬਤ ਹੋਇਆ। ਇਸ ਬੇਖ਼ੁਦੀ ਦੇ ਆਲਮ ਵਿਚ ਉਹ ਇਮਰੋਜ਼ ਨੂੰ ਖ਼ੁਦਾ ਦਾ ਰੂਪ ਤੱਕ ਆਖ ਦਿੰਦੀ ਹੈ, ਕਿਉਂਕਿ (ਉਸਦੇ ਆਪਣੇ ਕਹਿਣ ਮੁਤਾਬਕ) ਇਮਰੋਜ਼ ਵਿਚੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਉਸਨੂੰ ਬਾਪ, ਵੀਰ, ਦੋਸਤ ਤੇ ਖ਼ਾਵੰਦ ਆਦਿ ਸਾਰੇ ਰਿਸ਼ਤਿਆਂ ਦੇ ਗੁਣਾਂ ਦਾ ਸੁਮੇਲ ਨਜ਼ਰ ਆਉਂਦਾ ਹੈ। ਸ਼ਾਇਦ ਇਸੇ ਕਰਕੇ ਇਹ ਇੱਛਾ ਪ੍ਰਗਟ ਕਰਦੀ ਹੈ :

> ''ਚਾਹੁੰਦੀ ਹਾਂ ਇਮਰੋਜ਼ ਮੇਰੀ ਮਿੱਟੀ ਕੋਲ ਮੇਰੀ ਕਲਮ ਰੱਖ ਦੇਵੇ।''
>
> (ਪੰਨਾ 111)

ਕਿਉਂਕਿ ਉਹ ਮਹਿਸੂਸ ਕਰਦੀ ਹੈ ਕਿ ਉਸਦੀ ਇਕੱਲਤਾ ਦੇ ਸਰਾਪ ਨੂੰ ਇਮਰੋਜ਼ ਨੇ ਹੀ ਤੋੜਿਆ। ਇਹ ਉਹ 'ਇਕੱਲਤਾ ਦਾ ਸਰਾਪ' ਹੈ ਜੋ ਉਸਨੂੰ (ਆਪਣੇ ਕਹਿਣ ਮੁਤਾਬਕ) ਉਮਰ ਦੇ ਸੋਲ੍ਹਵੇਂ ਵਰ੍ਹੇ ਲੱਗਿਆ ਸੀ। ਪਰ, ਗਹੁ ਨਾਲ ਦੇਖਿਆਂ ਪਤਾ ਚਲਦਾ ਹੈ ਕਿ ਇਸ ਸਰਾਪ ਨੂੰ ਇਮਰੋਜ਼ ਵੀ ਪੂਰੀ ਤਰ੍ਹਾਂ ਤੋੜ ਨਹੀਂ ਸਕਿਆ। ਲੇਖਿਕਾ ਦੀ ਇਸ ਸਵੀਕ੍ਰਿਤੀ ਮਗਰੋਂ ਵੀ, ਉਸਦੀ ਕਥਨੀ ਤੇ ਕਰਨੀ 'ਚੋਂ ਇਕੱਲਤਾ ਤੇ ਉਪਰਾਮਤਾ ਦੀ ਝਲਕ ਕੁਝ ਬਦਲਵੇਂ ਰੂਪ ਵਿਚ ਸਹਿਜੇ ਹੀ ਵੇਖੀ ਜਾ ਸਕਦੀ ਹੈ।

ਇਕੱਲਤਾ ਤੇ ਉਪਰਾਮਤਾ ਦੀ ਇਸੇ ਭਾਵਨਾ 'ਚੋਂ ਜਨਮ ਲੈਂਦਾ ਹੈ, ਲੇਖਿਕਾ ਦਾ ਆਪਣੇ ਸਮਕਾਲੀ ਲੇਖਕਾਂ ਪ੍ਰਤੀ ਇਕ ਵਿਸ਼ੇਸ਼ ਪ੍ਰਕਾਰ ਦਾ ਰਵੱਈਆ। ਸਮੁੱਚੀ 'ਰਸੀਦੀ ਟਿਕਟ' ਰਚਨਾ ਵਿਚ ਅੰਮ੍ਰਿਤਾ ਪ੍ਰੀਤਮ ਆਪਣੇ ਸਮਕਾਲੀ ਪੰਜਾਬੀ ਲੇਖਕਾਂ ਤੋਂ ਨਾ-ਖੁਸ਼ ਨਜ਼ਰ ਆਉਂਦੀ ਹੈ। ਸ਼ਾਇਦ ਇਸ ਕਰਕੇ ਕਿ ਉਹ ਉਨ੍ਹਾਂ ਨੂੰ ਆਪਣੇ ਦ੍ਰਿਸ਼ਟੀਕੋਣ ਤੋਂ ਪੂਰਾ ਉਤਰਦਿਆਂ ਨਹੀਂ ਦੇਖਦੀ। ਇਉਂ, ਹੱਥਲੀ ਰਚਨਾ 'ਚੋਂ ਉਨ੍ਹਾਂ ਲੇਖਕਾਂ ਦਾ ਜੋ ਈਮੇਜ਼ ਉਭਰ ਕੇ ਸਾਹਮਣੇ ਆਉਂਦਾ ਹੈ ਉਹ ਥਾਂ ਥਾਂ ਥਿੜਕਦੇ, ਡਿੱਗਦੇ-ਡੋਲਦੇ ਤੇ ਈਰਖਾਲੂ ਵਿਅੱਕਤੀਆਂ ਵਾਲਾ ਹੈ।[3] ਆਪਣੇ ਸਮਕਾਲੀ ਪੰਜਾਬੀ ਲੇਖਕਾਂ ਤੋਂ ਘੁਟਨ ਮਹਿਸੂਸ ਕਰਦੀ ਹੋਈ ਉਹ ਲਿਖਦੀ ਹੈ :

> ''ਵੰਡ ਤੋਂ ਪਹਿਲਾਂ ਸਮਕਾਲੀਆ ਨਾਲ ਅਜਿਹੀ ਮੁਲਾਕਾਤ ਨਹੀਂ ਹੋਈ ਜੋ ਉਲਝਣਾਂ ਤੇ ਗ਼ਲਤ ਫ਼ਹਿਮੀਆਂ ਤੋਂ ਸੁਰਖਰੂ ਹੋ ਕੇ ਹੋਈ ਹੋਵੇ।''
>
> (ਪੰਨਾ 26)

ਉਸਨੂੰ ਗਿਲ੍ਹਾ ਹੈ ਕਿ ਉਸਦੇ ਸਮਕਾਲੀਆਂ ਨੇ ਉਸਦੇ ਮਨ ਦੇ ਦੁੱਖ ਨੂੰ ਵੰਡਾਇਆ ਨਹੀਂ, ਸਗੋਂ ਵਧਾਇਆ ਹੈ। ਸ਼ਾਇਦ ਇਸੇ ਭਾਵਨਾ ਦੇ ਵੇਗ ਵਿਚ ਉਸਨੂੰ ਪੰਜਾਬ ਦਾ ਚਿਹਰਾ ਉਸ ਮਹਿਬੂਬ ਵਾਂਗ ਜਾਪਦਾ ਹੈ ਜਿਹੜਾ 'ਗ਼ੈਰਾਂ ਦੀ ਮਹਿਫ਼ਲ ਵਿਚ ਬੈਠਾ ਹੋਵੇ।' ਇਸੇ ਗੱਲ ਤੋਂ ਪ੍ਰੇਰਿਤ ਹੋ ਕੇ ਉਸਨੇ ਪ੍ਰਿੰਸੀਪਲ ਸੰਤ ਸਿੰਘ ਸੇਖੋਂ, ਕਰਤਾਰ ਸਿੰਘ ਦੁੱਗਲ, ਪ੍ਰੋ: ਮੋਹਨ ਸਿੰਘ, ਕੁਲਵੰਤ ਸਿੰਘ ਵਿਰਕ, ਨਵਤੇਜ ਸਿੰਘ, ਡਾ: ਹਰਿਭਜਨ ਸਿੰਘ, ਸਾਧੂ ਸਿੰਘ ਹਮਦਰਦ, ਗੁਰਬਚਨ ਭੁੱਲਰ, ਗੁਰਬਖਸ਼ ਸਿੰਘ 'ਪ੍ਰੀਤਲੜੀ' ਆਦਿ ਆਪਣੇ ਸਮਕਾਲੀ ਲੇਖਕਾਂ ਦਾ ਜ਼ਿਕਰ ਬੜੇ ਰੰਜਸ਼ ਭਰੇ ਤੇ ਕਠੋਰ ਸ਼ਬਦਾਂ ਵਿਚ ਕੀਤਾ ਹੈ। ਪ੍ਰਿੰ: ਸੇਖੋਂ ਬਾਰੇ ਉਸਦੀ ਰਾਇ ਹੈ ਕਿ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

> ''ਅਲੋਚਕ ਦੇ ਨਾਤੇ ਜ਼ਿੰਮੇਵਾਰੀ ਤੇ ਇਮਾਨਦਾਰੀ ਜਿਹੀਆਂ ਬੁਨਿਆਦੀ ਕੀਮਤਾਂ ਨਾਲ ਉਸਦਾ ਉਕਾ ਕੋਈ ਵਾਸਤਾ ਨਹੀਂ ।'' (ਪੰਨਾ)

ਡਾ: ਹਰਿਭਜਨ ਸਿੰਘ ਉਸਨੂੰ 'ਦੂਹਰੀ ਸ਼ਖਸੀਅਤ' ਵਾਲਾ ਇਨਸਾਨ ਨਜ਼ਰ ਆਉਂਦਾ ਹੈ ਅਤੇ ਪ੍ਰੋ: ਮੋਹਨ ਸਿੰਘ ਕੋਈ ਜੁਰੱਅਤ ਵਾਲਾ ਵਿਅੱਕਤੀ ਪ੍ਰਤੀਤ ਨਹੀਂ ਹੁੰਦਾ ਇਸੇ ਤਰ੍ਹਾਂ ਦੇਵਿੰਦਰ ਸਤਿਆਰਥੀ ਬਾਰੇ ਉਹ ਲਿਖਦੀ ਹੈ :—

> ''ਖ਼ੈਰ—ਪੰਜਾਬੀ ਵਿਚ ਕਈ ਦੇਵਿੰਦਰ ਸਤਿਆਰਥੀ ਹਨ, ਜਿਹਨਾਂ ਨੂੰ ਕਿਸੇ ਦੀ ਰੂਹ ਦੀ ਪਾਕੀਜ਼ਗੀ ਨਾਲ ਕੋਈ ਵਾਸਤਾ ਨਹੀਂ ।''
> (ਪੰਨਾ 120)

ਕੁਲਵੰਤ ਸਿੰਘ ਵਿਰਕ ਬਾਰੇ ਉਸਨੂੰ ਗਿਲ੍ਹਾ ਹੈ ਕਿ 'ਸਾਹਿਤਕ ਹਲਕੇ ਦੀ ਕੋਈ ਸਮੱਸਿਆ ਕਦੇ ਉਹਨੇ ਸੰਜੀਦਗੀ ਨਾਲ ਨਹੀਂ ਸੀ ਵਿਚਾਰੀ' ਇਉਂ, ਜ਼ਾਹਰ ਹੈ ਕਿ 'ਰਸੀਦੀ ਟਿਕਟ' ਦੀ ਲੇਖਿਕਾ ਆਪਣੇ ਸਮਕਾਲੀ ਲੇਖਕਾਂ ਤੇ ਅਲੋਚਕਾਂ ਨਾਲ ਰਤਾ ਵੀ ਸੰਤੁਸ਼ਟ ਨਹੀਂ । ਆਪਣੇ ਸਮਕਾਲੀਆਂ ਦੇ ਕਿਰਦਾਰ ਨੂੰ ਉਸ ਥਾਂ ਥਾਂ ਨਿੰਦਿਆ ਹੈ । ਇਸ ਨਿੰਦਿਆ ਵਿਚ ਉਸਦੇ ਗਿਲ੍ਹੇ-ਸ਼ਿਕਵੇ ਵੀ ਸ਼ਾਮਲ ਹਨ ਤੇ ਰੰਜਸ਼ਾਂ ਵੀ । ਮਸਲਨ :—

> ''ਅਜੀਤ ਅਖ਼ਬਾਰ ਵਿਚ ਕਿਸੇ ਕਿਰਪਾਲ ਸਿੰਘ ਕਸੇਲ ਦੇ ਲੇਖਾਂ ਨੇ ਮੈਨੂੰ 'ਕਾਮ ਦੀ ਕੀੜੀ' ਆਖ ਕੇ ਇਥੋਂ ਤੱਕ ਲਿਖਿਆ ਕਿ ਪਵਿੱਤਰ ਗੁਰੂ ਨਾਨਕ ਉਤੇ ਮੈਨੂੰ ਨਜ਼ਮ ਲਿਖਣ ਦਾ ਹੀ ਹੱਕ ਨਹੀਂ ਬਣਦਾ ਸੀ ।''
> (ਪੰਨਾ 44)
>
> —''......ਪਰ ਮੇਰੇ ਸਮਕਾਲੀ ਇੰਜ ਝੱਗੋ-ਝੱਗ ਹੋਏ ਰਹਿੰਦੇ ਹਨ, ਜਿਵੇਂ ਉਨ੍ਹਾਂ ਦੀਆਂ ਉਮਰਾਂ ਗੁਆਚ ਗਈਆਂ ਹੋਣ......।'' (ਪੰਨਾ 49)
>
> —''ਮੇਰੇ ਸਮਕਾਲੀ ਹਮੇਸ਼ਾਂ ਡਿਕਸ਼ਨਰੀ ਦੇ ਮਾੜੇ ਤੋਂ ਮਾੜੇ ਲਫ਼ਜ਼ ਚੁਣ ਕੇ ਮੇਰੇ ਲਈ ਵਰਤਦੇ ਰਹੇ ।''
> (ਪੰਨਾ 54)
>
> —''ਮੇਰੇ ਮਨ ਨੂੰ ਸਿਰਫ਼ ਉਨ੍ਹਾਂ ਨੇ ਦੁਖਾਇਆ ਹੈ, ਜਿਨ੍ਹਾਂ ਦਾ ਮੇਰੀ ਜ਼ਿੰਦਗੀ ਨਾਲ ਕੋਈ ਵਾਸਤਾ ਨਹੀਂ ਸੀ, ਉਨ੍ਹਾਂ ਨਾਲ ਸਿਰਫ਼ ਇਕੋ ਦੁਖਾਂਤ ਦਾ ਵਾਸਤਾ ਸੀ, ਕਿ ਮੈਂ ਉਨ੍ਹਾਂ ਦੀ ਸਮਕਾਲੀ ਲੇਖਕ ਸਾਂ ।'' (ਪੰਨਾ 91)
>
> —''ਇਹ ਆਪਣੇ ਸਮੇਂ ਦੀ ਨੀਵੇਂ ਪੱਧਰ ਦੀ ਪੱਤਰਕਾਰੀ ਤੇ ਸਮਕਾਲੀਆਂ ਦੇ ਸ਼ੋਸ਼ਿਆਂ ਤੋਂ ਲੈ ਕੇ......।''
> (ਪੰਨਾ 103)
>
> —''ਪੰਜਾਬੀ ਦਾ ਕੋਈ ਅਖ਼ਬਾਰ-ਰਿਸਾਲਾ ਅਜਿਹਾ ਨਹੀਂ ਸੀ, ਜਿਹਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਖੋਹਲਣ ਲੱਗਿਆਂ ਮੈਨੂੰ ਇਹ ਪਤਾ ਨਹੀਂ ਸੀ ਹੁੰਦਾ ਕਿ ਇਹਦੇ ਵਿਚ ਕਿਹਨੇ ਕੀ ਮੇਰੇ ਵਿਰੁੱਧ ਉਗਲਿਆ ਹੋਵੇਗਾ।'' (ਪੰਨਾ 110)

—''ਕਲ੍ਹ ਹੀ ਗੁਰਬਖਸ਼ ਸਿੰਘ ਦਾ ਲੇਖ ਪੜ੍ਹਿਆ ਸੀ—ਪਤਾ ਨਹੀਂ ਸਾਡੇ ਪੰਜਾਬੀ ਲੇਖਕਾਂ ਨੂੰ ਕੀ ਹੋ ਗਿਆ ਐ......।'' (ਪੰਨਾ 137)

—''......ਇਹ ਕਬੂਤਰ ਮੇਰੀ ਕਲਮ ਦਾ ਪ੍ਰਤੀਕ ਹੈ—ਤੇ ਇਕ ਮੁਖ਼ਾਲਫ਼ਤ ਇਹਨੂੰ ਜਾਨੋਂ ਮਾਰ ਦੇਣ ਲਈ ਇਹਦੇ ਪਿੱਛੇ ਪਈ ਹੋਈ ਹੈ......।''

(ਪੰਨਾ 141)

—''ਸੋਚਦੀ ਹਾਂ—ਕਾਸ਼ ਮੇਰੀ ਇਹ ਕਿਤਾਬ ਵੀ ਉਨ੍ਹਾਂ ਦੇ ਹੱਥਾਂ ਵਿਚ ਨਾ ਜਾਵੇ ਜਿਨ੍ਹਾਂ ਨੇ ਇਹਦੇ ਅੱਖਰ ਅੱਖਰ ਨੂੰ ਰੋਲਣਾ ਹੈ......।''

(ਪੰਨਾ 154)

'ਰਸੀਦੀ ਟਿਕਟ' ਰਚਨਾ 'ਚੋਂ ਅਜਿਹੀਆਂ ਹੋਰ ਵੀ ਕਈ ਮਿਸਾਲਾਂ ਪੇਸ਼ ਕੀਤੀਆਂ ਜਾ ਸਕਦੀਆਂ ਹਨ, ਜਿਨ੍ਹਾਂ ਵਿਚ ਲੇਖਿਕਾ ਨੇ, ਆਪਣੇ ਸਮਕਾਲੀ ਲੇਖਕਾਂ, ਅਲੋਚਕਾਂ ਤੇ ਅਖ਼ਬਾਰ ਨਵੀਸਾਂ ਪ੍ਰਤੀ ਗਿਲ੍ਹੇ-ਸ਼ਿਕਵੇ ਤੇ ਰੰਜਸ਼ਾਂ ਬੜੀ ਸ਼ਿੱਦਤ ਨਾਲ ਪ੍ਰਗਟ ਕੀਤੀਆਂ ਹਨ। ਇਨ੍ਹਾਂ ਤੋਂ ਛੁੱਟ ਸੰਪਾਦਕਾਂ, ਸਾਹਿਤ ਅਕੈਡਮੀ ਦੇ ਮੈਂਬਰਾਂ, ਯੂਨੀਵਰਸਿਟੀਆਂ ਤੇ ਵੱਖ ਵੱਖ ਬੋਰਡਾਂ ਦੇ ਮੈਂਬਰਾਂ, ਪਾਠ-ਪੁਸਤਕਾਂ ਦੇ ਸੰਪਾਦਕਾਂ ਆਦਿ ਦੇ ਕਿਰਦਾਰ ਉਪਰ ਵੀ ਉਸਨੇ ਤਿਖ਼ਾ ਕਟਾਖ਼ਸ਼ ਕੀਤਾ ਹੈ।

ਇਸ ਪ੍ਰਸੰਗ ਵਿਚ ਇਥੇ ਵੇਖਣ ਵਾਲੀ ਵਿਸ਼ੇਸ਼ ਗੱਲ ਇਹ ਹੈ ਕਿ ਜਿਥੇ ਆਪਣੀ ਜ਼ਬਾਨ ਦੇ ਸਮਕਾਲੀ ਲੇਖਕਾਂ, ਅਲੋਚਕਾਂ ਤੇ ਅਖ਼ਬਾਰ ਨਵੀਸਾਂ ਆਦਿ ਦੇ ਕਿਰਦਾਰ ਪ੍ਰਤੀ ਉਸ ਦਾ ਰਵੱਈਆ ਅਤਿ ਦਾ ਨਾਂਹ-ਮੁਖੀ, ਨਿੰਦਣੀ ਤੇ ਕਟਾਖ਼ਸ਼ੀ ਹੈ, ਉਥੇ ਦੂਸਰੇ ਪਾਸੇ ਉਸਦੇ ਸੰਪਰਕ ਵਿਚ ਆਉਣ ਵਾਲੇ ਬਦੇਸ਼ੀ ਭਾਸ਼ਾਵਾਂ ਦੇ ਲੇਖਕਾਂ, ਕਲਾਕਾਰਾਂ ਤੇ ਪੱਤਰਕਾਰਾਂ ਪ੍ਰਤੀ ਉਸਦਾ ਰਵੱਈਆ ਇਸਦੇ ਬਿਲਕੁਲ ਵਿਪਰੀਤ ਹੈ। 'ਰਸੀਦੀ ਟਿਕਟ' ਰਚਨਾ ਵਿਚ ਥਾਂ ਥਾਂ ਉਨ੍ਹਾਂ ਦੀ ਰੱਜ ਕੇ ਪ੍ਰਸੰਸਾ ਕੀਤੀ ਗਈ ਹੈ। ਇਉਂ, ਇਸ ਰਚਨਾ ਵਿਚੋਂ ਇਕ ਪਾਸੇ ਹੱਦ ਦੀ ਨਿੰਦਿਆ ਦਾ ਸੁਰ ਅਲਾਪਦਾ ਪ੍ਰਤੀਤ ਹੁੰਦਾ ਅਤੇ ਦੂਸਰੇ ਪਾਸੇ ਹੱਦ ਦੀ ਪ੍ਰਸੰਸਾ ਦਾ। ਇਉਂ ਲੱਗਦੈ, ਜਿਵੇਂ ਦੋਹਾਂ ਹਾਲਤਾਂ ਵਿਚ ਲੇਖਿਕਾ ਆਪਣਾ ਮਾਨਸਿਕ ਸੰਤੁਲਨ ਗੁਆ ਬੈਠੀ ਹੋਵੇ। ਇਸ ਸਥਿਤੀ ਵਿਚ ਇਕ ਅਜੀਬ ਕਿਸਮ ਦੀ ਮਾਨਸਿਕਤਾ ਜਨਮ ਲੈਂਦੀ ਹੈ, ਜੋ ਬੁਨਿਆਦੀ ਤੌਰ 'ਤੇ ਮਨੋਰੋਗੀ ਹੈ। ਇਉਂ ਲੱਗਦੈ, ਜਿਵੇਂ ਉਸਨੂੰ ਆਪਣੀ ਜ਼ਬਾਨ ਦੇ ਸਮਕਾਲੀਆਂ ਦਾ ਫੋਬੀਆ (**Phobia**) ਹੋ ਗਿਆ ਹੋਵੇ। ਇਹ ਫੋਬੀਆ ਉਸਨੂੰ ਨਿਰੰਤਰ ਸਵੈ-ਕੇਂਦਰਿਤ ਕਰਦਾ ਚਲਿਆ ਜਾਂਦਾ ਹੈ। ਇਸ ਅਵੱਸਥਾ 'ਤੇ ਪਹੁੰਚ ਕੇ ਉਸਨੂੰ ਕੇਵਲ ਆਪਣਾ ਪ੍ਰਸੰਸਕ ਜਾਂ ਸ਼ਰਧਾਲੂ ਹੀ ਭਾਉਂਦਾ ਹੈ, ਅਲੋਚਕ ਜਾਂ ਵਿੱਥ 'ਤੇ ਖੜ੍ਹਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਅੱਕਤੀ (ਪਾਠਕ) ਨਹੀਂ । ਇਹ ਸਭ ਕੁਝ ਉਸ ਅੰਦਰਲੇ ਖਲਾਅ 'ਚੋਂ ਜਨਮੇ 'ਹੀਣ-ਭਾਵ' (Inferiority Complex) ਵਲ ਸੰਕੇਤ ਕਰਦਾ ਹੈ । ਸਿੱਟੇ ਵਜੋਂ, ਉਸਦੀ ਸ਼ਖਸੀਅਤ ਅੰਦਰਲਾ ਖੋਖਲਾਪਨ ਵੀ ਉਜਾਗਰ ਹੋ ਜਾਂਦਾ ਹੈ । ਭਾਵੇਂ, ਉਸਨੇ ਆਪਣੇ ਸਮਕਾਲੀਆਂ ਦੇ ਇਸ ਸਾਰੇ ਵਿਰੋਧ ਤੇ ਆਪਣੇ ਪ੍ਰਤੀਉਤਰ ਨੂੰ ਅਸੂਲਾਂ ਦੀ ਜੰਗ ਕਿਹਾ ਹੈ । ਪਰ, ਗਹੁ ਨਾਲ ਦੇਖਿਆਂ ਪਤਾ ਚਲਦਾ ਹੈ ਕਿ ਇਹ ਕੋਈ ਅਸੂਲਾਂ ਦੀ ਜੰਗ ਨਹੀਂ, ਸਗੋਂ, ਆਪਣੇ ਚੋਗਿਰਦੇ ਬਾਰੇ ਲੇਖਿਕਾ ਦਾ ਭਾਵਾਤਮਕ ਪ੍ਰਤੀਉਤਰ ਹੈ, ਬਸ । ਜੇਕਰ ਇਸਨੂੰ ਕਿਸੇ ਜੰਗ ਦਾ ਨਾਂ ਦੇ ਵੀ ਦਿੱਤਾ ਜਾਏ ਤਾਂ ਲੱਗਦੈ ਕਿ ਉਹ ਇਸ ਵਿਚ ਪੂਰੀ ਤਰ੍ਹਾਂ ਜੂਝ ਨਹੀਂ ਸਕੀ । ਇਥੇ ਉਹ ਕੇਵਲ ਇਕ ਹਮਦਰਦੀ ਦਾ ਪਾਤਰ ਬਣ ਕੇ ਹੀ ਉਭਰਦੀ ਹੈ—ਇਕ ਵਿਚਾਰੀ ਤੀਵੀਂ ।

ਇਸ ਰਚਨਾ ਵਿਚ ਇਕ ਵਿਸ਼ੇਸ਼ ਪ੍ਰਕਾਰ ਦਾ ਵਿਰੋਧਾਭਾਸ (Paradox) ਕੰਮ ਕਰਦਾ ਨਜ਼ਰ ਆਉਂਦਾ ਹੈ, ਉਹ ਇਹ ਕਿ ਆਪਣੇ ਸਵੈ-ਕਥਨਾਂ ਵਿਚ ਲੇਖਿਕਾ ਜਿਸ ਗੱਲ ਨੂੰ ਸਵੀਕਾਰ ਨਹੀਂ ਕਰਦੀ, ਆਪਣੇ ਵਿਹਾਰ ਵਿਚ ਉਸੇ ਦਾ ਸ਼ਿਕਾਰ ਹੋ ਗਈ ਨਜ਼ਰ ਆਉਂਦੀ ਹੈ । ਸਵੈ-ਜੀਵਨੀ ਨੂੰ ਉਹ ਸਵੈ-ਸਲਾਘਾ ਦਾ ਹੁਨਰੀ ਮਾਧਿਅਮ ਮੰਨਣ ਵਾਲੇ ਵਿਚਾਰ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ । ਉਹ ਸਵੈ-ਜੀਵਨੀ ਨੂੰ ਯਥਾਰਥ ਤੋਂ ਯਥਾਰਥ ਤੱਕ ਪਹੁੰਚਣ ਦਾ ਅਮਲ ਸਵੀਕਾਰ ਕਰਦੀ ਹੈ । ਪਰ, ਸਮੁੱਚੀ ਰਚਨਾ ਵਿਚ (ਸਿੱਧੇ ਤੇ ਅਸਿੱਧੇ ਦੋਹਾਂ ਰੂਪਾਂ ਵਿਚ) ਸਵੈ-ਸ਼ਲਾਘਾ ਦਾ ਸੁਰ ਹੀ ਬੁਲੰਦ ਹੁੰਦਾ ਦਿਖਾਈ ਦਿੰਦਾ ਹੈ । ਆਪਣੇ ਉਪਰ ਹੋਣ ਵਾਲੀ ਅਲੋਚਨਾ ਤੇ ਵਿਰੋਧ ਨੂੰ ਉਹ, ਆਕਰਮਣ ਦੇ ਅਰਥਾਂ ਵਿਚ ਗ੍ਰਹਿਣ ਕਰਦੀ ਹੈ । ਨਾਲੇ ਆਪਾ ਲੁਕਾਊ ਬਿਰਤੀ ਵੀ ਇਸ ਰਚਨਾ ਉਪਰ ਕਾਫ਼ੀ ਭਾਰੂ ਹੈ । 'ਰਸੀਦੀ ਟਿਕਟ' ਵਿਚ ਅੰਮ੍ਰਿਤਾ ਨੇ ਆਪਣੇ ਵਿਆਹੁਤਾ ਜੀਵਨ ਨੂੰ ਬੜੇ ਸੰਕੋਚਵੇਂ ਰੂਪ ਵਿਚ ਪੇਸ਼ ਕੀਤਾ ਹੈ । ਸ੍ਰ: ਪ੍ਰੀਤਮ ਸਿੰਘ ਨਾਲ ਹੋਏ ਆਪਣੇ ਵਿਆਹ ਦਾ ਰਤਾ ਕੁ ਜ਼ਿਕਰ ਕਰਨ ਮਗਰੋਂ, ਉਹ ਝੱਟ ਹੀ ਅਲਹਿਦਗੀ ਦਾ ਕਿੱਸਾ ਛੇੜ ਬੈਠਦੀ ਹੈ, ਜਦਕਿ ਕਰੀਬ ਬਾਰ੍ਹਾਂ ਵਰ੍ਹੇ ਉਸਨੇ ਆਪਣੇ ਪਤੀ ਨਾਲ ਗ੍ਰਹਿਸਤੀ ਜੀਵਨ ਵਿਚ ਬਿਤਾਏ । ਇਨ੍ਹਾਂ ਬਾਰ੍ਹਾਂ ਵਰ੍ਹਿਆਂ ਦੇ ਜੀਵਨ-ਅਨੁਭਵ ਉਪਰ ਇਥੇ ਕੋਈ ਰੋਸ਼ਨੀ ਨਹੀਂ ਪਾਈ ਗਈ । ਉਹ ਇਸ ਅਲਹਿਦਗੀ ਨੂੰ ਆਪਣੇ ਮਨ ਦੀ ਪੀੜ੍ਹਾ ਦਾ ਤਕਾਜਾ ਤਾਂ ਮੰਨਦੀ ਹੈ, ਪਰ, ਇਸ ਦੌਰਾਨ ਜਿਹੜੀਆਂ ਪੀੜਾਂ ਨੂੰ ਹੋਰਾਂ (ਪਤੀ, ਬੱਚਿਆਂ ਤੇ ਹੋਰ ਪਰਿਵਾਰਕ ਜੀਆਂ ਆਦਿ) ਨੇ ਜਰਿਆ ਹੋਵੇ, ਉਸਦਾ ਕੋਈ ਜ਼ਿਕਰ ਨਹੀਂ ਹੋਇਆ । 'ਰਸੀਦੀ ਟਿਕਟ' ਦਾ ਅਧਿਐਨ ਕਰਨ ਮਗਰੋਂ ਇਉਂ ਲੱਗਦੈ ਜਿਵੇਂ ਉਸਨੂੰ ਦੂਸਰੇ ਦੀ ਪੀੜਾ ਦਾ ਕੋਈ ਅਹਿਸਾਸ ਹੀ ਨਹੀਂ ਹੋਇਆ । ਪਤੀ ਤੋਂ ਆਪਣੀ ਅਲਹਿਦਗੀ ਨੂੰ ਉਸਨੇ ਜ਼ੁਰਅੱਤ ਦਾ ਨਾਂ ਦਿੱਤਾ ਹੈ, ਪਰ, ਇਸ ਪ੍ਰਸੰਗ ਵਿਚ ਆਪਣੇ ਅਲਹਿਦਾ ਹੋ ਰਹੇ ਪਤੀ ਦੀਆਂ ਭਾਵਨਾਵਾਂ ਤੇ ਮਾਨਸਿਕ ਪੀੜਾ ਤੋਂ ਉਹ ਕਿਵੇਂ ਪਲਾ ਛੁਡਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਗਈ ? ਇਸ ਸਭ ਕੁਝ ਦਾ ਜ਼ਿਕਰ ਕਰਨ ਵਿਚ ਉਸਨੇ ਸੰਕੋਚ ਕਿਉਂ ਵਰਤਿਆ ਹੈ ? ਇਥੇ ਹੀ ਬਸ ਨਹੀਂ, ਇਸ ਰਚਨਾ ਵਿਚ ਲੇਖਿਕਾ ਨੇ ਆਪਣੇ ਈਮੇਜ (ਬਿੰਬ) ਨੂੰ ਉਭਾਰਨ ਦੇ ਮੰਤਵ ਵਜੋਂ ਕੁਝ ਤਸਵੀਰਾਂ ਵੀ ਪੇਸ਼ ਕੀਤੀਆਂ ਹਨ। ਇਹ ਮੂੰਹ ਬੋਲਦੀਆਂ ਤਸਵੀਰਾਂ, ਹੱਥਲੀ ਰਚਨਾ ਦਾ ਇਕ ਅਨਿੱਖੜ ਅੰਗ ਹਨ। ਇਨ੍ਹਾਂ ਵਿਚ ਸ਼ਾਮਲ ਹਨ ਉਸਦੇ ਆਪਣੇ ਬਚਪਨ, ਪਿਤਾ, ਬੱਚਿਆਂ, ਜੁਆਈ, ਦੋਸਤਾਂ (ਸਾਹਿਰ-ਇਮਰੋਜ਼) ਅਤੇ ਹੋਰ ਸੰਪਰਕ ਵਿਚ ਆਉਣ ਵਾਲੇ ਵਿਦੇਸ਼ੀ ਲੇਖਕਾਂ, ਕਲਾਕਾਰਾਂ ਤੇ ਨੇਤਾਵਾਂ ਆਦਿ ਦੀਆਂ ਤਸਵੀਰਾਂ। ਪਰ, ਇਥੇ ਉਸਨੇ ਆਪਣੇ ਪਤੀ (ਸ੍ਰ: ਪ੍ਰੀਤਮ ਸਿੰਘ) ਦੀ ਤਸਵੀਰ ਨੂੰ ਸ਼ਾਮਲ ਨਹੀਂ ਕੀਤਾ। ਆਖ਼ਰ ਕਿਉਂ ? ਜਦਕਿ ਉਸਦੇ ਸੰਪਰਕ ਵਿਚ ਆਉਣ ਮਗਰੋਂ ਹੀ ਉਹ ਅੰਮ੍ਰਿਤ ਕੌਰ ਤੋਂ ਅੰਮ੍ਰਿਤਾ ਪ੍ਰੀਤਮ ਬਣੀ। ਇਥੇ ਇਹ ਵੀ ਵਰਣਨਯੋਗ ਹੈ ਕਿ ਲੇਖਿਕਾ ਆਪਣੇ ਵੱਖ ਵੱਖ ਪ੍ਰੇਮੀਆਂ-ਦੋਸਤਾਂ (ਸਾਹਿਰ, ਸੱਜਾਦ ਤੇ ਇਮਰੋਜ ਆਦਿ) ਦੇ ਸੰਪਰਕ ਵਿਚ ਆਉਣ ਨਾਲ ਅੰਮ੍ਰਿਤਾ-ਸਾਹਿਰ, ਅੰਮ੍ਰਿਤਾ-ਸੱਜਾਦ ਜਾਂ ਅੰਮ੍ਰਿਤਾ-ਇਮਰੋਜ਼ ਨਹੀਂ ਬਣ ਸਕੀ। ਇਸ ਸਭ ਕੁਝ ਦੇ ਬਾਵਜੂਦ ਵੀ ਹਰ ਪੱਖੋਂ ਆਪਣੇ ਪਤੀ ਪ੍ਰਤੀ ਉਸਦਾ ਰਵੱਈਆ ਉਪਰਾਮਤਾ ਵਾਲਾ ਤੇ ਇਨਡਿਫਰੈਂਟ ਹੀ ਨਜ਼ਰ ਆਉਂਦਾ ਹੈ। ਇਹ ਉਸਦੀ ਆਪਾ ਲੁਕਾਊ ਬਿਰਤੀ ਦਾ ਇਕ ਵਰਣਨਯੋਗ ਪ੍ਰਮਾਣ ਹੈ। ਇਉਂ, ਇਸ ਰਚਨਾ ਵਿਚੋਂ ਕੇਵਲ ਇਕਵਾਸੀ ਸੱਚ ਹੀ ਉਘੜ ਕੇ ਸਾਹਮਣੇ ਆਉਂਦਾ ਹੈ। ਇਥੇ ਫਿਰ ਉਹ ਆਪਣੇ ਹੀ ਸਵੈ-ਕਥਨਾਂ ਨੂੰ ਕੱਟਦੀ ਪ੍ਰਤੀਤ ਹੁੰਦੀ ਹੈ। ਇਹ ਸਭ ਕੁਝ ਉਸਦੀ ਕਥਨੀ ਤੇ ਕਰਨੀ ਵਿਚ ਇਕਸਾਰਤਾ ਨਾ ਹੋਣ ਕਰਕੇ ਹੋਇਆ ਹੈ। ਇਥੇ ਪਹੁੰਚ ਕੇ ਲੇਖਿਕਾ ਦਾ ਦਾਅਵਾ ("ਇਹ ਯਥਾਰਥ ਤੋਂ ਯਥਾਰਥ ਤੱਕ ਪਹੁੰਚਣ ਦਾ ਅਮਲ ਹੈ") ਗ਼ਲਤ ਸਾਬਤ ਹੁੰਦਾ ਨਜ਼ਰ ਆਉਂਦਾ ਹੈ। ਸੋ ! **ਇਹਨੂੰ ਯਥਾਰਥ ਤੋਂ ਯਥਾਰਥ ਤੱਕ ਪਹੁੰਚਣ ਦਾ ਅਮਲ ਨਹੀਂ ਸਗੋਂ, ਯਥਾਰਥ ਤੋਂ ਸਵਾਰਥ ਤੱਕ ਪਹੁੰਚਣ ਦਾ ਅਮਲ ਕਹਿਣਾ ਹੀ ਠੀਕ ਹੋਵੇਗਾ।** ਸਮੁੱਚੇ ਤੌਰ 'ਤੇ ਦੇਖਿਆਂ 'ਰਸੀਦੀ ਟਿਕਟ' ਰਚਨਾ, ਲੇਖਿਕਾ ਦੇ ਜੀਵਨ ਦਾ ਭੱਰਵਾਂ ਚਿੱਤਰ ਉਲੀਕਣ ਦੇ ਅਸਮਰੱਥ ਸਾਬਤ ਹੋਈ ਹੈ। ਇਥੇ ਬਚਪਨ, ਪੜ੍ਹਾਈ, ਵਿਆਹੁਤਾ ਜੀਵਨ ਦੇ ਅਨੁਭਵ ਤੇ ਅਜਿਹੇ ਹੋਰ ਕਈ ਅਹਿਮ ਵੇਰਵੇ ਚਰਚਾ ਦਾ ਵਿਸ਼ਾ ਨਹੀਂ ਬਣ ਸਕੇ। ਲੇਖਿਕਾ ਦਾ ਜ਼ੋਰ ਕੇਵਲ ਆਪਣੇ ਗ਼ਮੇ ਇਸ਼ਕ ਦੀ ਦਾਸਤਾਂ ਤੇ ਮਾਨਸਿਕ ਪੀੜਾ ਨੂੰ ਬਿਆਨਣ ਉਪਰ ਹੈ—ਉਹ ਵੀ ਕੇਵਲ ਆਪਣੇ ਹੀ ਨੁਕਤਾ-ਏ-ਨਿਗਾਹ ਤੋਂ।

ਜਿਥੋਂ ਤੱਕ 'ਰਸੀਦੀ ਟਿਕਟ' ਰਚਨਾ ਦੇ ਰੂਪਾਕਾਰ ਦਾ ਸੁਆਲ ਹੈ—ਉਹ ਆਪਣੇ ਆਪ ਵਿਚ ਇਕ ਮਹੱਤਵਪੂਰਨ ਨੁਕਤਾ ਹੈ। ਜਿਸ ਤਰ੍ਹਾਂ ਕਿ ਸ਼ੁਰੂ ਵਿਚ ਜ਼ਿਕਰ ਕੀਤਾ ਗਿਆ ਸੀ ਕਿ ਲੇਖਿਕਾ ਨੇ 'ਰਸੀਦੀ ਟਿਕਟ' ਰਚਨਾ ਨੂੰ ਆਪਣੀ ਸਵੈ-ਜੀਵਨੀ ਹੋਣ ਦਾ ਕਰਾਰ ਦਿੱਤਾ ਹੈ। ਪਰ, ਸਵੈ-ਜੀਵਨੀ ਤੋਂ ਜਿਹੋ ਜਿਹੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਯਥਾਰਥਕ, ਨਿਸ਼ੰਗ ਤੇ ਸੱਚੇ ਜੀਵਨ-ਬਿਆਨ ਦੀ ਅਕਸਰ ਮੰਗ ਕੀਤੀ ਜਾਂਦੀ ਹੈ— ਉਸ ਦਾ ਇਸ ਰਚਨਾ ਵਿਚ ਲਗਾਤਾਰ ਅਭਾਵ ਹੀ ਹੈ। ਇਸ ਰਚਨਾ ਵਿਚ ਪੇਸ਼ ਜੀਵਨ ਬਿਰਤਾਂਤ, ਲੇਖਿਕਾ ਦੀ ਆਪਾ ਲੁਕਾਊ ਬਿਰਤੀ ਦਾ ਸ਼ਿਕਾਰ ਹੋ ਕੇ ਰਹਿ ਗਿਆ ਹੈ। ਸਵੈ-ਜੀਵਨੀ ਰੂਪਾਕਾਰ ਦੇ ਪੱਖੋਂ ਇਹ ਇਸ ਰਚਨਾ ਦੀ ਬਹੁਤ ਵੱਡੀ ਕਮਜ਼ੋਰੀ ਹੈ। ਵੈਸੇ ਵੀ ਇਥੇ ਲੇਖਿਕਾ ਦੀ ਜੀਵਨ-ਵਿਥਿਆ ਕਿਸੇ ਸੁਨਿਸ਼ਚਿਤ ਬਿਰਤਾਂਤਕ ਜਾਂ ਵਾਰਤਕ ਪ੍ਰਬੰਧ ਵਿਚ ਬੱਝ ਕੇ ਪੇਸ਼ ਨਹੀਂ ਹੋਈ। ਸਗੋਂ, ਟੁਕੜੇ ਟੁਕੜੇ ਹੋ ਕੇ ਪੇਸ਼ ਹੋਈ ਹੈ। ਇਸ ਰਚਨਾ ਵਿਚ ਵੱਖ ਵੱਖ ਘਟਨਾਵਾਂ, ਸਥਿਤੀਆਂ ਪਰਸਥਿਤੀਆਂ ਤੇ ਵੇਰਵਿਆਂ ਨੂੰ ਜਿਸ ਵਿਧੀ ਰਾਹੀਂ ਪੇਸ਼ ਕੀਤਾ ਗਿਆ ਹੈ ਉਹ ਵਧੇਰੇ ਕਰਕੇ 'ਡਾਇਰੀ' ਤੇ 'ਸੰਸਮਰਣ' ਦੀ ਵਿਧਾ ਦੇ ਅਨੁਕੂਲ ਹੈ। ਇਉਂ, ਇਸ ਰਚਨਾ ਵਿਚ ਸਵੈ-ਜੀਵਨੀ, ਡਾਇਰੀ ਤੇ ਸੰਸਮਰਣ ਆਦਿ ਵਿਧਾਵਾਂ ਦਾ ਮਿਸ਼ਰਣ ਹੋ ਗਿਆ ਪ੍ਰਤੀਤ ਹੁੰਦਾ ਹੈ।[4] ਸਿੱਟੇ ਵਜੋਂ, ਇਹ ਰਚਨਾ ਕੋਈ ਬੱਝਵਾਂ ਪ੍ਰਭਾਵ ਸਿਰਜ ਸਕਣ ਦੇ ਸਮਰੱਥ ਨਹੀਂ ਹੋ ਸਕੀ। ਭਾਵੇਂ, ਇਹ ਰਚਨਾ ਕਾਲ-ਕ੍ਰਮ ਦੇ ਬੰਧਨ ਤੋਂ ਮੁਕਤ ਹੈ, ਪਰ, ਫਿਰ ਵੀ ਕਿਤੇ ਕਿਤੇ ਤਿੱਥਾਂ ਆਦਿ ਦਾ ਖਿਆਲ ਰਖਿਆ ਗਿਆ ਹੈ, ਇਥੇ ਲੇਖਿਕਾ ਦੇ ਜੀਵਨਗਤ ਵੇਰਵੇ ਖੰਡ ਖੰਡ ਹੋ ਕੇ ਪੇਸ਼ ਹੋਏ ਹਨ— ਆਪਣੇ ਸਮਾਜਕ ਤੇ ਸਭਿਆਚਾਰਕ ਪ੍ਰਸੰਗ ਤੋਂ ਵਿਛੁੰਨੇ ਹੋਏ। ਸ਼ਾਇਦ ਇਸੇ ਕਰਕੇ ਇਨ੍ਹਾਂ ਦਾ ਪ੍ਰਭਾਵ ਪੇਤਲਾ ਜਿਹਾ ਪ੍ਰਤੀਤ ਹੁੰਦਾ ਹੈ। ਜਿਸ ਮੰਤਵ ਦੀ ਪੂਰਤੀ ('ਨਜ਼ਮਾਂ ਤੇ ਨਾਵਲਾਂ ਦੇ ਲੇਖੇ ਜੋਖੇ ਦੀ ਕੱਚੀ ਰਸੀਦ ਨੂੰ ਪੱਕੀ ਕਰਨ ਲਈ') ਹਿੱਤ ਲੇਖਿਕਾ ਨੇ ਆਪਣੀ ਇਹ ਸਵੈ-ਜੀਵਨੀ ਲਿਖੀ ਹੈ, ਆਖ਼ਰ ਉਹ ਮੰਤਵ ਵੀ ਪੂਰਾ ਨਹੀਂ ਹੁੰਦਾ ਦਿਸਦਾ। ਜਿਸ ਤਰ੍ਹਾਂ ਕਿ ਪਹਿਲਾਂ ਵੀ ਜ਼ਿਕਰ ਕੀਤਾ ਜਾ ਚੁੱਕਿਆ ਹੈ ਕਿ ਇਹ ਰਚਨਾ ਕਾਲ-ਕ੍ਰਮ ਦੇ ਬੰਧਨ ਤੋਂ ਕੁਝ ਹੱਦ ਤੱਕ ਮੁਕਤ ਹੈ। ਭਾਵ, ਇਥੇ ਜੀਵਨ-ਬਿਰਤਾਂਤ ਰੇਖਾਵੀ ਵਿਕਾਸ ਦੇ ਅਨੁਸਾਰੀ ਨਹੀਂ। ਪਰ, ਇਸਦੇ ਬਾਵਜੂਦ ਵੀ ਇਹ ਰਚਨਾ ਕੋਈ ਤਿੱਖਾ ਕਲਾਤਮਕ ਪ੍ਰਭਾਵ ਸਿਰਜਣੋਂ ਰਹਿ ਗਈ ਹੈ।

'ਰਸੀਦੀ ਟਿਕਟ' ਸਵੈ-ਜੀਵਨੀ 'ਚੋਂ ਜੋ ਨਾਰੀ-ਬਿੰਬ ਉਭਰ ਕੇ ਸਾਹਮਣੇ ਆਉਂਦਾ ਹੈ, ਉਹ ਇਕੱਲਤਾ, ਉਪਰਾਮਤਾ ਤੇ ਵਿਸ਼ਾਦ ਭੋਗਦੀ ਹੋਈ ਨਾਰੀ ਦਾ ਬਿੰਬ ਹੈ। ਬੁਨਿਆਦੀ ਤੌਰ 'ਤੇ ਇਹ ਉਹ ਨਾਰੀ ਹੈ ਜੋ ਮਨ ਦੀ ਆਜ਼ਾਦੀ ਲਈ ਸਥਾਪਤ ਸਮਾਜਕ ਤੇ ਭਾਈਚਾਰਕ ਪ੍ਰਤੀਮਾਨਾਂ (Norms) ਨੂੰ ਕੁਰਬਾਨ ਕਰ ਦਿੰਦੀ ਹੈ। ਉਹ ਸਥਾਪਤ ਪ੍ਰਤੀਮਾਨਾਂ ਨੂੰ ਉਲੰਘਦੀ ਅਤੇ ਸਮਾਜ ਪ੍ਰਤੀ ਬਗ਼ਾਵਤ ਕਰਦੀ ਹੈ। ਇਥੇ ਇਹ ਗੱਲ ਵਿਸ਼ੇਸ਼ ਤੌਰ ਤੇ ਸਾਡਾ ਧਿਆਨ ਆਪਣੇ ਵਲ ਆਕਰਸ਼ਿਤ ਕਰਦੀ ਹੈ ਕਿ ਇਸ ਬਗ਼ਾਵਤ ਰਾਹੀਂ ਉਹ ਕਿਸੇ ਨਵੇਂ ਜੀਵਨ-ਆਦਰਸ਼ ਨੂੰ ਸਿਰਜਣ ਦੇ ਆਹਰ ਵਿਚ ਨਹੀਂ। ਇਸੇ ਕਰਕੇ ਉਸਨੂੰ ਇਕੱਲਤਾ, ਉਪਰਾਮਤਾ ਤੇ ਵਿਸ਼ਾਦ ਭਰਿਆ ਜੀਵਨ ਜੀਉਣਾ ਪੈਂਦਾ ਹੈ। ਉਹ, ਸ਼ਰੇਆਮ ਸ਼ਰਾਬ ਤੇ ਸਿਗਰਟ ਦਾ ਸੇਵਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਦੀ ਹੈ, ਇਕ ਤੋਂ ਵੱਧ ਮਰਦਾਂ ਨਾਲ ਪ੍ਰੇਮ-ਸੰਬੰਧ ਗੰਢਦੀ ਹੈ, ਪਤੀ ਤੋਂ ਅਲਹਿਦਗੀ ਹਾਸਲ ਕਰਕੇ ਆਜ਼ਾਦ ਜੀਵਨ ਜੀਉਣਾ ਲੋਚਦੀ ਹੈ। ਇਹ ਸਭ ਕੁਝ ਕਰਦੀ ਹੋਈ ਉਹ ਇਨਸਾਨੀਅਤ ਦੇ ਰਿਸ਼ਤੇ ਨੂੰ ਪਹਿਲ ਦੇਣ ਦੀ ਗੱਲ ਕਰਦੀ ਹੈ। ਸੁਆਲ ਉਠਦਾ ਹੈ ਕਿ ਇਹ ਸਾਰੀ ਬਗ਼ਾਵਤ ਕਿਸ ਸਕਾਰਥੇ ? ਇਹ ਸਭ ਕੁਝ ਕੀਤੇ ਬਿਨਾਂ ਵੀ ਤਾਂ ਇਨਸਾਨੀਅਤ ਦੇ ਰਿਸ਼ਤੇ ਨੂੰ ਪਹਿਲ ਦਿੱਤੀ ਜਾ ਸਕਦੀ ਸੀ। ਆਖ਼ਰ ! ਇਸ ਸਾਰੀ ਬਗ਼ਾਵਤ ਦੇ ਮਗਰੋਂ ਵੀ ਉਹ ਇਕੱਲੀ ਤੇ ਉਪਰਾਮ ਹੀ ਰਹਿੰਦੀ ਹੈ। ਇਸ ਵਿਚੋਂ ਉਸ ਨੂੰ ਕੋਈ ਸ਼ਾਂਤੀ ਜਾਂ ਮਾਨਸਿਕ ਸੰਤੁਸ਼ਟੀ ਹਾਸਲ ਨਹੀਂ ਹੁੰਦੀ। ਜਿਸ ਅਸਾਧਾਰਣ ਜੀਵਨ-ਜਾਚ ਨੂੰ ਉਹ ਅਪਨਾਉਂਦੀ ਹੈ, ਉਸ ਨਾਲ ਉਸਦੀ ਸ਼ਖਸੀਅਤ ਵਿਚ ਇਕ ਅਜੀਬ ਕਿਸਮ ਦੀ ਖੜੋਤ ਆ ਜਾਂਦੀ ਹੈ। ਪਚਵੰਜਾ ਸਾਲਾਂ ਤੋਂ ਉਪਰ ਦੀ ਉਮਰ 'ਤੇ ਪਹੁੰਚ ਕੇ ਵੀ ਉਹ, ਆਪਣੇ ਸੋਲ੍ਹਵੇਂ ਵਰ੍ਹੇ ਵਿਚ ਖਲੋਤੀ ਨਜ਼ਰ ਆਉਂਦੀ ਹੈ—ਕੇਵਲ ਭਾਵਾਤਮਕ ਪੱਧਰ 'ਤੇ ਹੀ ਨਹੀਂ ਸਗੋਂ, ਜ਼ਿਹਨੀ ਤੌਰ 'ਤੇ ਵੀ ਉਹ ਉਥੇ ਹੀ ਖੜੀ ਪ੍ਰਤੀਤ ਹੁੰਦੀ ਹੈ। ਇਸ ਖੜੋਤ ਦਾ ਮੂਲ ਕਾਰਨ ਇਹ ਹੈ ਕਿ ਉਸਦੀ ਸ਼ਖਸੀਅਤ ਕਈ ਪ੍ਰਕਾਰ ਦੇ ਕੰਪਲੈਕਸਾਂ 'ਚੋਂ ਬਣੀ ਹੈ।

ਫੁਟਨੋਟ ਤੇ ਹਵਾਲੇ

1. ਨਾਭਾ, ਕਾਨ੍ਹ ਸਿੰਘ; **'ਮਹਾਨ ਕੋਸ਼'**; ਪੰਨਾ-30.
2. ਭਰਤ, ਰਘਬੀਰ ਸਿੰਘ; ਅੰਮ੍ਰਿਤਾ ਪ੍ਰੀਤਮ ਦੀ ਸਵੈ-ਜੀਵਨੀ 'ਰਸੀਦੀ ਟਿਕਟ' **'ਪੰਜਾਬੀ ਦੁਨੀਆਂ'**; ਚੋਂ; ਪੰਨਾ-254.
3. ਉਹੀ; ਪੰਨਾ-255.
4. ਜੱਗੀ, ਰਤਨ ਸਿੰਘ (ਡਾ:); **'ਪੰਜਾਬੀ ਸਵੈ-ਜੀਵਨੀ ਸਾਹਿਤ ਇਕ ਮੁਲਾਂਕਣ'** ਪੰਨਾ-8.

Forwarded free of cost and with the compliments of the Department of Education, Government of India, New Delhi.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਧਿਆਇ 3

ਨੰਗੇ ਪੈਰਾਂ ਦਾ ਸਫ਼ਰ : ਪਾਠ-ਕੇਂਦਰਿਤ ਵਿਸ਼ਲੇਸ਼ਣ

ਦਲੀਪ ਕੌਰ ਟਿਵਾਣਾ ਦੀ ਰਚਨਾ 'ਨੰਗੇ ਪੈਰਾਂ ਦਾ ਸਫ਼ਰ' ਦਾ ਪ੍ਰਕਾਸ਼ਨ 1980 ਵਿਚ ਹੋਇਆ—ਅੰਮ੍ਰਿਤਾ ਪ੍ਰੀਤਮ ਦੀ 'ਰਸੀਦੀ ਟਿਕਟ' ਤੋਂ ਕਰੀਬਨ ਚਾਰ ਸਾਲ ਮਗਰੋਂ। ਅੰਮ੍ਰਿਤਾ ਪ੍ਰੀਤਮ ਦੀ ਤਰ੍ਹਾਂ ਟਿਵਾਣਾ ਨੇ ਵੀ ਇਸ ਰਚਨਾ ਨੂੰ ਆਪਣੀ 'ਸਵੈ-ਜੀਵਨੀ' ਹੋਣ ਦਾ ਕਰਾਰ ਦਿੱਤਾ ਹੈ। ਇਸ ਦ੍ਰਿਸ਼ਟੀ-ਬਿੰਦੂ ਤੋਂ ਜਦੋਂ ਅਸੀਂ ਇਸ ਰਚਨਾ ਨੂੰ ਆਪਣੇ ਅਧਿਐਨ-ਵਿਸ਼ਲੇਸ਼ਣ ਦਾ ਵਿਸ਼ਾ ਬਣਾਉਂਦੇ ਹਾਂ, ਤਾਂ ਸਭ ਤੋਂ ਪਹਿਲਾਂ ਸਾਡਾ ਵਾਹ, ਪੁਸਤਕ ਦੇ ਸਮਰਪਣ ਵਜੋਂ ਅੰਕਿਤ ਹੇਠ ਲਿਖੇ, ਲੇਖਿਕਾ ਦੇ ਸਵੈ-ਕਥਨਾਂ ਨਾਲ ਪੈਂਦਾ ਹੈ :—

> "ਇਤਿਹਾਸ, ਇਤਿਹਾਸ ਦੇ ਸਫ਼ਿਆਂ ਉਤੇ ਲਿਖੇ ਜਾਣ ਤੋਂ ਬਹੁਤ ਚਿਰ ਪਹਿਲਾਂ ਕੁਝ ਲੋਕਾਂ ਦੇ ਪਿੰਡਿਆਂ ਉਪਰ ਲਿਖਿਆ ਜਾਂਦਾ ਹੈ। ਇਹ ਸਵੈ-ਜੀਵਨੀ ਸਮਰਪਿਤ ਹੈ ਉਨ੍ਹਾਂ ਲੋਕਾਂ ਨੂੰ ਜਿਹੜੇ ਇਤਿਹਾਸ ਨੂੰ ਆਪਣੇ ਪਿੰਡਿਆਂ ਉਪਰ ਲਿਖਿਆ ਜਾਣਾ ਜਰਦੇ ਹਨ।"
>
> (ਪੰਨਾ-5)

ਇਨ੍ਹਾਂ ਸਵੈ-ਕਥਨਾਂ 'ਚੋਂ ਸਾਨੂੰ ਹੱਥਲੀ ਰਚਨਾ ਦੇ ਮੂਲ 'ਵੱਥ' (Content) ਸੰਬੰਧੀ ਕੁਝ ਮਹੱਤਵਪੂਰਨ ਸੰਕੇਤ ਮਿਲ ਜਾਂਦੇ ਹਨ। ਇਹ ਸਵੈ-ਕਥਨ, ਇਸ ਰਚਨਾ (ਸਵੈ-ਜੀਵਨੀ) ਦੀ ਪ੍ਰਕਿਰਤੀ ਤੇ ਪ੍ਰਯੋਜਨ ਨੂੰ ਸਮਝਣ ਵਿਚ ਵੀ ਕਾਫ਼ੀ ਸਹਾਇਕ ਸਾਬਤ ਹੁੰਦੇ ਹਨ। ਪਹਿਲੀ ਨਜ਼ਰੇਂ ਦੇਖਿਆਂ ਇਹ ਸਵੈ-ਕਥਨ, ਇਸ ਰਚਨਾ ਦੇ ਮੂਲ-ਪਾਠ ਉਪਰ ਇਕ ਤਰ੍ਹਾਂ ਦੀ ਅਲੋਚਨਾਤਮਕ ਟਿੱਪਣੀ ਪ੍ਰਤੀਤ ਹੁੰਦੇ ਹਨ। ਪਰ, ਜਦੋਂ ਅਸੀਂ ਇਨ੍ਹਾਂ ਨੂੰ ਰਚਨਾ ਦੇ ਮੂਲ ਪਾਠ ਨਾਲ ਜੋੜ ਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇਖਦੇ ਹਾਂ ਤਾਂ [illegible] ਸਵੈ-ਕਥਨ, ਇਕ ਅਲੋਚਨਾਤਮਕ ਟਿੱਪਣੀ ਤੋਂ ਵਧੇਰੇ, ਰਚਨਾ ਦੇ ਸਾਰੇ ਸਮੂਰਤ ਵੇਰਵਿਆਂ ਨੂੰ ਸੰਕਲਪੀ (ਅਮੂਰਤ) ਤੇ ਸੂਤਰਬੱਧ ਭਾਸ਼ਾ ਵਿਚ ਉਲਥਾਉਣ ਦਾ ਇਕ ਜਤਨ ਕਹੇ ਜਾ ਸਕਦੇ ਹਨ—ਇਕ ਸੁਚੇਤ ਜਤਨ। ਦੂਸਰੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਸਮੁੱਚੀ ਰਚਨਾ, ਇਨ੍ਹਾਂ ਸਵੈ-ਕਥਨਾਂ ਦਾ ਹੀ ਸਮੂਰਤ ਵਿਸਤਾਰ ਮਾਤਰ ਹੈ। ਇਉਂ, ਪ੍ਰਤੀਤ ਹੁੰਦਾ ਹੈ ਜਿਵੇਂ ਇਹ ਰਚਨਾ ਸਮਰਪਣ ਵਜੋਂ ਅੰਕਿਤ ਇਨ੍ਹਾਂ ਸੂਤਰਬੱਧ ਵਿਚਾਰਾਂ (ਇਤਿਹਾਸ, ਇਤਿਹਾਸ ਦੇ ਸਫ਼ਿਆਂ ਉਤੇ ਲਿਖੇ ਜਾਣ ਤੋਂ ਬਹੁਤ ਚਿਰ ਪਹਿਲਾਂ ਕੁਝ ਲੋਕਾਂ ਦੇ ਪਿੰਡਿਆਂ ਉਪਰ ਲਿਖਿਆ ਜਾਂਦਾ ਹੈ) ਨੂੰ ਵਿਆ-ਖਿਆਉਣ ਤੇ ਸਚਿਆਉਣ ਦੇ ਕਾਰੇ ਲੱਗੀ ਹੋਈ ਹੈ।

ਇਨ੍ਹਾਂ ਸਵੈ-ਕਥਨਾਂ ਵਿਚ 'ਇਤਿਹਾਸ' ਤੇ 'ਲੋਕਾਂ' ਦੇ ਪਿੰਡਿਆਂ ਦੇ ਪਰਸਪਰ ਸੰਬੰਧਾਂ ਉਪਰ ਕਾਫ਼ੀ ਜ਼ੋਰ ਦਿੱਤਾ ਗਿਆ ਹੈ। ਇਹ ਆਪਣੇ ਆਪ ਵਿਚ ਇਕ ਸਰਬ ਵਿਆਪੀ ਸਚਾਈ ਹੈ ਕਿ ਹਰ 'ਇਤਿਹਾਸ, ਇਤਿਹਾਸ ਦੇ ਸਫ਼ਿਆਂ ਉਤੇ ਲਿਖੇ ਜਾਣ ਤੋਂ ਬਹੁਤ ਚਿਰ ਪਹਿਲਾਂ ਕੁਝ ਲੋਕਾਂ ਦੇ ਪਿੰਡਿਆਂ ਉਪਰ ਲਿਖਿਆ ਜਾਂਦਾ ਹੈ। ਇਸ ਇਤਿਹਾਸਕ ਸਚਾਈ ਤੋਂ ਸਹਿਜੇ ਕੀਤਿਆਂ ਅਸੀਂ ਮੁਨਕਰ ਨਹੀਂ ਹੋ ਸਕਦੇ। ਨਾ ਹੀ ਅਸੀਂ ਇਥੇ ਇਸ ਸਚਾਈ ਉਪਰ ਸੰਦੇਹ ਪ੍ਰਗਟ ਕਰਦੇ ਹੋਏ, ਇਸ ਸਾਹਵੇਂ ਕੋਈ ਪ੍ਰਸ਼ਨ ਚਿੰਨ੍ਹ ਲਗਾਉਣ ਦੇ ਹੱਕ ਵਿਚ ਹਾਂ। ਸਾਡੇ ਮੰਤਵ ਦਾ ਮੂਲ ਸਰੋਕਾਰ, ਇਸ ਰਚਨਾ ਦੇ ਸੰਦਰਭ ਵਿਚ ਇਨ੍ਹਾਂ ਵਿਚਾਰਾਂ ਦੀ ਸਾਰਥਕਤਾ ਤੇ ਮਹੱਤਤਾ ਨੂੰ ਸਮਝਣ ਨਾਲ ਹੈ। ਇਸ ਦ੍ਰਿਸ਼ਟੀ ਤੋਂ ਜਦੋਂ ਅਸੀਂ ਰਚਨਾ ਦੇ ਮੂਲ-ਪਾਠ ਨਾਲ ਸਾਂਝ ਪਾਉਂਦੇ ਹਾਂ ਤਾਂ ਸਾਨੂੰ ਇਨ੍ਹਾਂ ਪ੍ਰਸ਼ਨਾਂ ਨਾਲ ਜੂਝਣਾ ਪੈਂਦਾ ਹੈ ਕਿ ਕਿਹੜਾ ਇਤਿਹਾਸ ? ਅਤੇ ਉਹ ਕੌਣ ਲੋਕ ਹਨ। ਜਿਹੜੇ ਇਸ ਇਤਿਹਾਸ ਨੂੰ ਆਪਣੇ ਪਿੰਡਿਆਂ ਉਪਰ ਲਿਖਿਆ ਜਾਣਾ ਜਰਦੇ ਹਨ ? ਇਨ੍ਹਾਂ ਪ੍ਰਸ਼ਨਾਂ ਦੇ ਉਤਰ ਕੁਝ ਵੀ ਹੋਣ—ਇਥੇ ਇਕ ਗੱਲ ਤਾਂ ਸਪੱਸ਼ਟ ਹੈ ਕਿ ਇਹ ਇਤਿਹਾਸ ਬੜਾ ਕਰੁਣਾਮਈ ਹੋਵੇਗਾ ਤੇ ਇਹ ਲੋਕ, ਹਮਦਰਦੀ ਦੇ ਪਾਤਰ। ਇਸ ਸੰਬੰਧੀ ਸੂਚਨਾ, ਇਨ੍ਹਾਂ ਸਵੈ-ਕਥਨਾਂ 'ਚੋਂ ਸਹਿਜੇ ਹੀ ਮਿਲ ਜਾਂਦੀ ਹੈ। ਸ਼ਾਇਦ ਇਹੀ ਵਜ੍ਹਾ ਹੈ ਕਿ ਟਿਵਾਣਾ ਨੇ ਆਪਣੀ ਇਹ ਸਵੈ-ਜੀਵਨੀ ਅਜਿਹੇ ਲੋਕਾਂ ਨੂੰ ਸਮਰਪਿਤ ਕੀਤੀ ਹੈ। ਪਰ ਯਾਦ ਰਹੇ, ਅਜਿਹੇ ਲੋਕਾਂ ਵਿਚ ਟਿਵਾਣਾ ਆਪ ਵੀ ਸ਼ਾਮਲ ਹੈ। ਹੱਥਲੀ ਸਵੈ-ਜੀਵਨੀ, ਇਸ ਵਿਚਾਰ ਦੀ ਪੁਸ਼ਟੀ ਲਈ ਸਭ ਤੋਂ ਵੱਡਾ ਸਬੂਤ ਹੈ। ਇਨ੍ਹਾਂ ਸਵੈ-ਕਥਨਾਂ 'ਚ ਟਿਵਾਣਾ ਨੇ ਆਪਣੇ ਜੀਵਨ-ਇਤਿਹਾਸ ਦਾ ਹੀ ਸਾਧਾਰਨੀਕਰਣ (generalization)ਕਰਨ ਦਾ ਯਤਨ ਕੀਤਾ ਹੈ। ਇਉਂ ਸਮਰਪਣ ਵਜੋਂ ਰਚਨਾ ਦੇ ਮੁੱਢ ਵਿਚ ਅੰਕਿਤ ਇਨ੍ਹਾਂ ਸਵੈ-ਕਥਨਾਂ ਦੀ ਆਪਣੀ ਵਿਸ਼ੇਸ਼ ਸਾਰਥਕਤਾ ਤੇ ਮਹੱਤਤਾ ਸਹਿਜੇ ਹੀ ਉਜਾਗਰ ਹੋ ਜਾਂਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਰਚਾ ਦੀ ਇਸ ਰੌਸ਼ਨੀ ਵਿਚ ਇਥੇ ਇਹ ਨੁਕਤਾ ਵੀ ਸਪੱਸ਼ਟ ਕਰ ਦੇਣਾ ਲਾਜ਼ਮੀ ਹੈ ਕਿ ਇਸ ਸਵੈ-ਜੀਵਨੀ ਵਿਚ ਲੇਖਿਕਾ ਦੇ ਜੀਵਨ ਦਾ ਭੱਰਵਾਂ ਚਿੱਤਰ ਉਭਰ ਕੇ ਸਾਹਮਣੇ ਨਹੀਂ ਆ ਸਕਿਆ। ਇਸ ਵਿਚ ਲੇਖਿਕਾ ਨੇ ਆਪਣੇ ਬਚਪਨ ਤੋਂ ਲੈ ਕੇ ਉੱਚ ਪੱਧਰ ਦੀ ਵਿਦਿਆ (ਪੀ. ਐਚ. ਡੀ.) ਹਾਸਲ ਕਰਨ, ਸਾਹਿਤ-ਸਿਰਜਣਾ ਦੇ ਕਾਰਜ ਨਾਲ ਜੁੜਣ, ਕਾਲਜ ਵਿਚ ਅਧਿਆਪਨ-ਕਾਰਜ ਅਰੰਭ ਕਰਨ ਅਤੇ ਬਚਪਨ ਵਿਚ ਉਸਦੀ ਇੱਛਾ ਦੇ ਵਿਰੁੱਧ ਹੋਏ ਵਿਆਹ ਦੇ ਬੰਧਨ ਤੋਂ ਅਦਾਲਤ ਦੁਆਰਾ ਮੁਕਤੀ ਪਾਉਣ ਤੱਕ ਦੀਆਂ ਘਟਨਾਵਾਂ ਤੇ ਵੇਰਵਿਆਂ ਨੂੰ ਹੀ ਚਰਚਾ ਦਾ ਵਿਸ਼ਾ ਬਣਾਇਆ ਹੈ। ਸਿੱਟੇ ਵਜੋਂ, ਉਸਦੇ ਜੀਵਨ ਦਾ ਭੱਰਵਾਂ ਬਿੰਬ (image) ਉੱਭਰ ਕੇ ਸਾਹਮਣੇ ਨਹੀਂ ਆ ਸਕਿਆ। ਇਸ ਸਵੈ-ਜੀਵਨੀ ਦੇ ਅਧੂਰੇਪਨ ਦਾ ਲੇਖਿਕਾ ਨੂੰ ਆਪ ਵੀ ਤਿਖ਼ਾ ਅਹਿਸਾਸ ਹੈ। ਇਸ ਸੰਬੰਧੀ ਸੰਕੇਤ ਮਾਤਰ ਜ਼ਿਕਰ, ਉਸਨੇ ਆਪਣੀ ਇਸ ਰਚਨਾ ਦੇ ਅਖ਼ੀਰ ਤੇ ਇਉਂ ਕੀਤਾ ਹੈ :—

1. ਨੰਗੇ ਪੈਰਾਂ ਦੇ ਸਫ਼ਰ, ਦੇ ਅੱਗਲੇ ਭਾਗ ਹੋਣਗੇ
2. ਸਿਖ਼ਰ ਦੁਪਹਿਰੇ
3. ਆਪਣੀ ਛਾਵੇਂ
4. ਤੁਰਦਿਆਂ ਤੁਰਦਿਆਂ......

ਲੇਖਿਕਾ ਦਾ ਇਹ ਵਾਅਦਾ-ਨੁਮਾ-ਐਲਾਨ, ਸਾਨੂੰ ਇਹ ਦਸ ਪਾਉਂਦਾ ਹੈ ਕਿ ਇਸ ਸਵੈ-ਜੀਵਨੀ ਦਾ ਕਾਰਜ ਅੱਜੇ ਪੂਰੀ ਤਰ੍ਹਾਂ ਸੰਪੰਨ ਨਹੀਂ ਹੋਇਆ। ਅੱਜੇ ਇਹ ਕਾਰਜ ਲਿਖਣ-ਪ੍ਰਕਿਰਿਆ 'ਚ ਹੈ। ਕਿਉਂਕਿ, ਇਸ ਸਵੈ-ਜੀਵਨੀ ਦੇ ਅੱਗਲੇ ਭਾਗ ਅੱਜੇ ਪ੍ਰਕਾਸ਼ਿਤ ਹੋ ਕੇ ਸਾਡੇ ਸਾਹਮਣੇ ਨਹੀਂ ਆ ਸਕੇ, ਇਸ ਲਈ ਫਿਲਹਾਲ ਸਾਨੂੰ ਇਸ ਸਵੈ-ਜੀਵਨੀ ਦੇ ਪਹਿਲੇ ਭਾਗ 'ਨੰਗੇ ਪੈਰਾਂ ਦਾ ਸਫ਼ਰ' ਉਪਰ ਹੀ ਆਪਣਾ ਧਿਆਨ ਕੇਂਦਰਿਤ ਕਰਨਾ ਪਏਗਾ। ਇਹ ਸਾਡੀ ਮਜਬੂਰੀ ਵੀ ਹੈ ਤੇ ਸੀਮਾ ਵੀ।

ਹੱਥਲੀ ਸਵੈ-ਜੀਵਨੀ ਦਾ ਅਧਿਐਨ ਕਰਨ ਲੱਗਿਆਂ ਅਸੀਂ ਇਸ ਤੱਥ ਤੋਂ ਵੀ ਚੰਗੀ ਤਰ੍ਹਾਂ ਵਾਕਫ਼ ਹਾਂ ਕਿ ਇਸ ਸਵੈ-ਜੀਵਨੀ ਦੀ ਲੇਖਿਕਾ ਦਲੀਪ ਕੌਰ ਟਿਵਾਣਾ, ਪੰਜਾਬੀ ਦੀ ਇਕ ਜਾਣੀ-ਪਛਾਣੀ ਗਲਪਕਾਰ ਹੈ। ਸ਼ਾਇਦ ਇਸੇ ਕਰਕੇ, ਉਸਦੀ ਇਹ ਸਵੈ-ਜੀਵਨੀ ਵੀ ਕਿਤੇ ਕਿਤੇ ਕੋਈ ਗਲਪੀ-ਰਚਨਾ ਹੋਣ ਦਾ ਪ੍ਰਭਾਵ ਸਿਰਜਦੀ ਹੈ। ਇਕ ਗਲਪ-ਲੇਖਿਕਾ ਦੀ ਸਵੈ-ਜੀਵਨੀ ਵਿਚ ਉਸ ਦੀ ਗਲਪ-ਸ਼ੈਲੀ ਦੀ ਦਖ਼ਲ ਅੰਦਾਜ਼ੀ ਸੁਭਾਵਕ ਹੈ। ਇਸ ਰਚਨਾ ਦਾ ਪਾਠ-ਅਰੰਭ ਕਰਦਿਆਂ ਇਕ ਦਮ ਭੁਲੇਖਾ ਪੈਂਦਾ ਹੈ, ਜਿਵੇਂ ਇਹ ਰਚਨਾ ਸਵੈ-ਜੀਵਨੀ ਨਾ ਹੋ ਕੇ, ਕੋਈ ਨਾਵਲੀ-ਰਚਨਾ ਹੋਵੇ :—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

> "ਜੇ ਪਿਛਾਂਹ ਮੁੜ ਕੇ ਵੇਖਾਂ ਤਾਂ……ਸਭ ਤੋਂ ਪਹਿਲਾਂ ਉਹ ਅਮੀਰ ਘਰ ਯਾਦ ਆਉਂਦੈ ਜਿਥੇ ਇਕ ਗਰੀਬਣੀ ਜਿਹੀ ਔਰਤ ਰਹਿੰਦੀ ਸੀ, ਜਿਸ ਨੂੰ ਮੈਂ ਮਾਂ ਆਖਦੀ ਸੀ । ਤੇ ਉਹ ਬਾਪੂ ਜੀ ਦੀ ਵੀ ਮਾਂ ਸੀ ।"
>
> (ਪੰਨਾ 7)

ਪਿਛਾਂਹ ਮੁੜ ਕੇ ਵੇਖਣ ਦਾ ਇਹ ਨਾਟਕੀ ਅੰਦਾਜ਼-ਏ-ਬਿਆਂ ਹੀ ਇਸਦੇ ਨਾਵਲੀ-ਰਚਨਾ ਹੋਣ ਦਾ ਭੁਲੇਖਾ ਸਿਰਜਦਾ ਹੈ । ਇਸ ਤੋਂ ਛੁੱਟ ਇਸ ਰਚਨਾ ਵਿਚ ਹੋਰ ਵੀ ਕਈ ਨਾਵਲੀ-ਜੁਗਤਾਂ ਦੀ ਕਾਰਜਸ਼ੀਲਤਾ ਨੂੰ ਸਹਿਜੇ ਹੀ ਪਛਾਣਿਆਂ ਜਾ ਸਕਦਾ ਹੈ । ਵੱਖ ਵੱਖ ਸਥਿਤੀਆਂ-ਪਰਸਥਿਤੀਆਂ, ਘਟਨਾਵਾਂ ਤੇ ਵੇਰਵਿਆਂ ਦਾ ਇਹ ਨਾਵਲੀ ਅੰਦਾਜ਼-ਏ-ਬਿਆਂ, ਇਸ ਸਵੈ-ਜੀਵਨੀ ਦੇ ਸਾਹਿਤਕ/ਕਲਾਤਮਕ ਪੱਖ ਨੂੰ ਨਿਖਾਰਦਾ ਹੈ । ਇਸ ਸਭ ਕੁਝ ਦੇ ਸਿੱਟੇ ਵਜੋਂ ਰੋਚਕਤਾ, ਨਿਰੰਤਰ ਬਣੀ ਰਹਿੰਦੀ ਹੈ ।

ਯਾਦ ਰਹੇ, ਕੇਵਲ ਇਹ ਨਾਟਕੀ ਅੰਦਾਜ਼-ਏ-ਬਿਆਂ ਹੀ ਇਸ ਰਚਨਾ ਦੇ ਕਲਾ ਪੱਖ ਨੂੰ ਨਹੀਂ ਉਘਾੜਦਾ, ਸਗੋਂ ਕੁਝ ਨਾਟਕੀ-ਸਥਿਤੀਆਂ ਦੀ ਸਿਰਜਣਾ ਵੀ ਇਸ ਪੱਖੋਂ ਕਾਫੀ ਸਹਾਇਕ ਸਾਬਤ ਹੁੰਦੀ ਹੈ । 'ਅਮੀਰ ਘਰ ਵਿਚ ਗਰੀਬਣੀ ਜਿਹੀ ਔਰਤ ਜਾਂ ਜਿਸਨੂੰ ਉਹ (ਲੇਖਿਕਾ) ਮਾਂ ਆਖਦੀ ਸੀ, ਉਹ ਉਸਦੇ ਬਾਪੂ ਜੀ ਦੀ ਵੀ ਮਾਂ ਸੀ ਆਦਿ ਸਥਿਤੀਆਂ, ਬੁਨਿਆਦੀ ਤੌਰ 'ਤੇ ਆਪਣੇ ਚਰਿੱਤ੍ਰ ਵਿਚ ਨਾਟਕੀ ਹਨ । ਇਨ੍ਹਾਂ ਨਾਟਕੀ-ਸਥਿਤੀਆਂ ਦੀ ਸਿਰਜਣਾ, ਲੇਖਿਕਾ ਨੇ ਪਰਸਪਰ ਵਿਰੋਧੀ ਤੱਤਾਂ (hetrogeneous elements) ਦੇ ਇਕਸਾਰ ਬਿਆਨ ਰਾਹੀਂ ਕਰਨ ਦਾ ਯਤਨ ਕੀਤਾ ਹੈ । ਇਸ ਦੀ ਇਕ ਵਰਨਣਯੋਗ ਮਿਸਾਲ ਇਸ ਪ੍ਰਕਾਰ ਹੈ :—

> "ਪਿੰਡ ਦੇ ਇਸ ਸੱਤ ਚੁਬਾਰਿਆਂ ਵਾਲੇ ਅਮੀਰ ਘਰ ਵਿਚ ਜਿੱਥੇ ਸ਼ੀਸ਼ੇ ਲੱਗੇ ਹੋਏ ਸਨ, ਬਲੌਰ ਲੱਗੇ ਹੋਏ ਸਨ, ਜਿਥੇ ਸੋਨਾ ਤੱਕੜੀਆਂ ਨਾਲ ਤੋਲਿਆ ਜਾਂਦਾ ਸੀ, ਉਸ ਕੋਲ ਦੀਵਾ ਸਲਾਈ ਦੀ ਡੱਬੀ, ਮੰਗਾਉਣ ਜੋਗੇ ਵੀ ਪੈਸੇ ਨਹੀਂ ਸੀ ਹੁੰਦੇ । ਕਿੰਨੇ ਕਿੰਨੇ ਦਿਨ ਉਹ ਪੈਸੇ ਮੰਗਣ ਦਾ ਹੌਂਸਲਾ ਨਾ ਕਰ ਸਕਦੀ ਤੇ ਹਾਰੇ ਵਿਚ ਪਾਥੀ ਦੱਬ ਕੇ ਦੂਜੇ ਡੰਗ ਲਈ ਅੱਗ ਸਾਂਭਦੀ ਰਹਿੰਦੀ ।" (ਪੰਨਾ 7)

ਇਸ ਨਾਟਕੀ-ਸਥਿਤੀ ਦੀ ਖ਼ੂਬਸੂਰਤੀ ਇਸ ਗੱਲ ਵਿਚ ਹੈ ਕਿ ਇਥੇ ਦੋ ਅਤਿ (extreme) ਦੀਆਂ ਪੁਜੀਸ਼ਨਾਂ ਪੇਸ਼ ਕੀਤੀਆਂ ਗਈਆਂ ਹਨ । ਇਕ ਤਰਫ਼ ਅਤਿ ਦੀ ਅਮੀਰੀ (ਸੋਨਾ ਤੱਕੜੀਆਂ ਨਾਲ ਤੋਲਿਆ ਜਾਂਦਾ ਸੀ) ਹੈ ਤੇ ਦੂਸਰੀ ਤਰਫ਼ ਅਤਿ ਦੀ ਗਰੀਬੀ (ਦੀਵਾ ਸਲਾਈ ਦੀ ਡੱਬੀ ਮੰਗਾਉਣ ਜੋਗੇ ਵੀ ਪੈਸੇ ਨਹੀਂ ਸੀ ਹੁੰਦੇ) । ਇਥੇ ਮਜ਼ੇ ਦੀ ਗੱਲ ਇਹ ਹੈ ਕਿ ਇਹ ਅਤਿ ਦੀ ਅਮੀਰੀ ਤੇ ਅਤਿ ਦੀ ਗਰੀਬੀ, ਇਕ ਦੂਸਰੇ ਤੋਂ ਬਾਹਰ ਜਾਂ ਦੂਰੀ 'ਤੇ ਨਹੀਂ ਵਸਦੀ, ਸਗੋਂ, ਇਕੋ ਘਰ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਬੰਧਿਤ ਹੈ। ਜਿਥੇ ਸੋਨਾ ਤੱਕੜੀਆਂ ਨਾਲ ਤੋਲਿਆ ਜਾਂਦਾ ਹੈ, ਉਥੇ ਹੀ ਇਕ ਜੀਅ ਕੋਲ ਦੀਵਾ ਸਲਾਈ ਦੀ ਡੱਬੀ ਮੰਗਾਉਣ ਜੋਗੇ ਵੀ ਪੈਸੇ ਨਹੀਂ। ਇਹ ਅਜੀਬ ਕਿਸਮ ਦੀ ਨਾਟਕੀ-ਸਥਿਤੀ ਹੈ—ਇਕ ਪ੍ਰਚੰਡ ਨਾਟਕੀ-ਸਥਿਤੀ । ਇਥੇ ਅਮੀਰ ਤੇ ਗਰੀਬ ਜੀਅ, ਇਕ ਦੂਸਰੇ ਤੋਂ ਓਪਰੇ ਵੀ ਨਹੀਂ, ਸਗੋਂ ਰਿਸ਼ਤੇ ਵਿਚ ਮਾਂ-ਪੁੱਤਰ ਹੀ ਲੱਗਦੇ ਹਨ। ਮਾਂ-ਪੁੱਤਰ ਦੇ ਇਸ ਰਿਸ਼ਤੇ ਸੰਬੰਧੀ ਅਤੇ ਅਮੀਰ ਘਰ ਵਿਚ ਇਸ ਗਰੀਬਣੀ ਔਰਤ (ਸੁਤੇਲੀ ਮਾਂ) ਦੀ ਆਵੰਦ ਬਾਰੇ ਉਹ ਇਉਂ ਲਿਖਦੀ ਹੈ :—

> "ਅਮੀਰ ਘਰ ਵਿਚ ਗਰੀਬਣੀ ਜਿਹੀ ਔਰਤ ਕਿਸ ਤਰ੍ਹਾਂ ਆ ਗਈ, ਮੈਂ ਨਹੀਂ ਜਾਣਦੀ। ਸ਼ਾਇਦ ਇਸ ਲਈ ਕਿ ਬਾਬਾ ਜੀ ਦਾ ਉਹ ਪਹਿਲਾ ਵਿਆਹ ਨਹੀਂ ਸੀ, ਸ਼ਾਇਦ ਇਸ ਲਈ ਕਿ ਉਨ੍ਹਾਂ ਦਾ ਘਰ ਏਡਾ ਵੱਡਾ ਸੀ ਕਿ ਹੁਣ ਕਿਸੇ ਵੱਡੇ ਘਰ ਨਾਲ ਰਿਸ਼ਤਾ ਜੋੜਨਾ ਉਨ੍ਹਾਂ ਲਈ ਕੋਈ ਖ਼ਾਸ ਅਰਥ ਨਹੀਂ ਸੀ ਰਖਦਾ, ਸ਼ਾਇਦ ਉਹ ਜਾਣਦੇ ਸਨ ਕਿ ਵੱਡੀਆਂ ਔਰਤਾਂ ਬਣਨ ਦੀ ਸਮਰੱਥਾ, ਬਹੁਤੀ ਵੱਡਿਆਂ ਘਰਾਂ ਦੀਆਂ ਕੁੜੀਆਂ ਵਿਚ ਨਹੀਂ ਹੁੰਦੀ, ਸ਼ਾਇਦ ਉਸ ਔਰਤ ਦਾ ਰੰਗ ਰੂਪ ਉਸ ਵੱਡੇ ਘਰ ਦੇ ਮੇਚ ਦਾ ਸੀ, ਇਸ ਲਈ!" (ਪੰਨਾ 7)

ਇਉਂ ਲੇਖਿਕਾ, ਅਮੀਰ ਘਰ ਵਿਚ ਇਸ ਗਰੀਬਣੀ ਜਿਹੀ ਔਰਤ ਦੀ ਆਵੰਦ ਸੰਬੰਧੀ ਕੁਝ ਸੰਭਾਵਨਾਵਾਂ ਉਜਾਗਰ ਕਰਦੀ ਹੈ। ਇਹ ਸੰਭਾਵਨਾਵਾ, 'ਸ਼ਾਇਦ' ਸ਼ਬਦ ਦੀ ਬਾਰ ਬਾਰ ਵਰਤੋਂ ਰਾਹੀਂ ਪ੍ਰਗਟ ਹੋਈਆਂ ਹਨ । ਇਹ ਗੱਲ ਵੀ ਲੇਖਿਕਾ ਦੇ ਵਿਲੱਖਣ ਅੰਦਾਜ਼-ਏ-ਬਿਆਂ ਤੇ ਪ੍ਰੌਢ ਲਿਖਣ-ਸ਼ੈਲੀ ਵਲ ਸੰਕੇਤ ਕਰਦੀ ਹੈ । ਇਥੇ ਉਹ 'ਨਿੱਕੇ ਘਰ' ਤੇ 'ਵੱਡੇ ਘਰ' ਵਿਚਕਾਰ, ਇਕ ਅਜੀਬ ਕਿਸਮ ਦਾ ਦਵੈਤ ਸਿਰਜ ਲੈਂਦੀ ਹੈ। ਗਹੁ ਨਾਲ ਦੇਖਿਆਂ ਪਤਾ ਚਲਦਾ ਹੈ ਕਿ ਇਹ ਦਵੈਤੀ-ਦ੍ਰਿਸ਼ਟੀ, ਉਸਨੂੰ ਵਿਰਸੇ 'ਚੋਂ ਪ੍ਰਾਪਤ ਕੋਈ ਹੈ। ਜਿਸ ਘਰ-ਪਰਿਵਾਰ ਵਿਚ ਉਹ ਜੰਮੀ-ਪਲੀ, ਉਹ ਜਾਗੀਰਦਾਰੀ ਕਦਰਾਂ-ਕੀਮਤਾਂ ਦਾ ਧਾਰਨੀ ਸੀ। ਇਥੇ, ਉਸਨੇ ਇਸ ਜਾਗੀਰਦਾਰੀ-ਸੋਚ ਤੇ ਜੀਉਣ-ਢੰਗ ਦੇ ਪ੍ਰਭਾਵ ਨੂੰ ਅਚੇਤ ਹੀ ਕਬੂਲ ਲਿਆ ਪ੍ਰਤੀਤ ਹੁੰਦਾ ਹੈ। ਸ਼ਾਇਦ ਇਸੇ ਵਿਚੋਂ ਹੀ ਉਸ ਦੀ ਇਹ ਦਵੈਤੀ-ਦ੍ਰਿਸ਼ਟੀ ਜਨਮ ਲੈਂਦੀ ਹੈ। ਭਾਵੇਂ, ਅਚੇਤ ਪੱਧਰ 'ਤੇ ਕਿਤੇ ਕਿਤੇ ਉਹ ਇਸ ਜਾਗੀਰਦਾਰੀ ਜੀਵਨ-ਜਾਚ ਨਾਲ ਖਹਿਸਰਦੀ ਦਿਖਾਈ ਦਿੰਦੀ ਹੈ ਅਤੇ ਇਸ ਪ੍ਰਤੀ ਉਦਾਸੀਨ ਨਜ਼ਰ ਆਉਂਦੀ ਹੈ। ਪਰ, ਇਸ ਮਾਹੌਲ ਦੇ ਪ੍ਰਭਾਵ ਤੋਂ ਉਹ ਆਪਣੇ ਆਪ ਨੂੰ ਪੂਰੀ ਤਰ੍ਹਾਂ ਬਚਾਅ ਨਹੀਂ ਸਕੀ। ਇਹ ਇਕ ਅਜੀਬ ਕਿਸਮ ਦਾ ਵਿਰੋਧਾਭਾਸ (**Paradox**) ਹੈ, ਜੋ ਇਸ ਰਚਨਾ (ਸਵੈ-ਜੀਵਨੀ) ਦੇ ਆਰ ਪਾਰ ਫੈਲਿਆ ਹੋਇਆ ਹੈ।

ਜਿਥੋਂ ਤੱਕ ਹੱਥਲੀ ਰਚਨਾ ਦੀ ਲੇਖਿਕਾ ਦੇ ਪਰਿਵਾਰਕ ਪਿਛੋਕੜ ਦਾ ਸੰਬੰਧ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ—ਉਹ ਜਾਗੀਰਦਾਰੀ ਕਦਰਾਂ-ਕੀਮਤਾਂ ਨਾਲ ਓਤਪਤ ਹੈ। ਇਸ ਵਿਚਾਰ ਸੰਬੰਧੀ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ। ਅਤਿ ਦੀ ਅਮੀਰੀ ਭੋਗਦੇ ਹੋਏ ਪਰਿਵਾਰ ਵਿਚ ਇਕ ਜੀਅ ਦਾ ਅਤਿ ਦੀ ਗ਼ੁਰਬਤ ਹੰਢਾਉਂਦੇ ਹੋਣਾ—ਇਸ ਵਿਚਾਰ ਦੀ ਪੁਸ਼ਟੀ ਲਈ ਸਭ ਤੋਂ ਵੱਡੀ ਮਿਸਾਲ ਹੈ। ਅਤਿ ਦੀ ਗ਼ੁਰਬਤ ਹੰਢਾਉਂਦਾ ਇਹ ਜੀਅ, ਇਸ ਪਰਿਵਾਰ ਲਈ ਕੋਈ ਓਪਰਾ ਨਹੀਂ, ਸਗੋਂ ਇਸ ਪਰਿਵਾਰ ਦੇ ਇਕ ਬਜ਼ੁਰਗ ਜੀਅ 'ਬਾਬਾ ਜੀ' (ਦਾਦਾ) ਦੀ ਪਤਨੀ ਹੈ। ਇਹ ਗੱਲ ਵੱਖਰੀ ਹੈ ਕਿ ਉਹ ਬਾਬਾ ਜੀ ਦੀ ਪਹਿਲੀ ਪਤਨੀ ਨਹੀਂ ਸੀ। ਸ਼ਾਇਦ ਇਸੇ ਕਰਕੇ, ਉਸਨੂੰ ਇਹ ਗ਼ੁਰਬਤ ਤੇ ਮਿਹਣਿਆਂ-ਤਾਹਨਿਆਂ ਭਰਿਆ ਜੀਵਨ ਜਿਊਣਾ ਪੈਂਦਾ ਹੈ। ਜਾਗੀਰਦਾਰੀ ਰੁਚੀਆਂ ਦੇ ਮਾਲਕ, ਇਸ ਪਰਿਵਾਰ ਨਾਲ ਸੰਬੰਧਿਤ ਮਰਦਾਂ ਲਈ ਔਰਤ, ਇਕ 'ਵਸਤੂ' ਤੋਂ ਵੱਧ ਕੋਈ ਸ਼ੈ ਨਹੀਂ :—

> "ਲੈ ਇਕ ਮਰੀ ਹੋਈ ਹੋਊ ਦੋ ਮਰੀਆਂ ਹੋਈਆਂ ਹੋਣਗੀਆਂ, ਸਾਰੀਆਂ ਥੋੜ੍ਹੇ ਮਰੀਆਂ ਹੋਈਆਂ ਹੋਣਗੀਆਂ ਮੁੰਡੇ ਦੀਆਂ ਮਾਮਾਂ ? ਏਥੇ ਹੈ ਕਿਹੜਾ ਸਰਦਾਰ ਜੀਹਦੇ ਦੋਂਹ ਚੌਂਹ ਤੋਂ ਘੱਟ ਵਹੁਟੀਆਂ ਹੋਣ—ਵੱਡੇ ਭੂਆ ਜੀ ਦੱਸ ਰਹੇ ਸਨ।" (ਪੰਨਾ 13)

ਵੱਡੇ ਭੂਆ ਜੀ ਦਾ ਇਹ ਕਥਨ ਮਰਦਾਂ ਦੀਆਂ ਇਨ੍ਹਾਂ ਜਾਗੀਰਦਾਰੀ ਰੁਚੀਆਂ ਵਲ ਹੀ ਸੰਕੇਤ ਕਰਦਾ ਨਜ਼ਰ ਆਉਂਦਾ ਹੈ। ਲੇਖਿਕਾ ਦਾ ਪਿਤਾ ਹੱਦ ਦਰਜੇ ਦਾ ਸ਼ਰਾਬੀ ਹੈ, ਆਪਣੇ ਬਚਪਨ ਦਾ ਬਹੁਤ ਵੱਡਾ ਹਿੱਸਾ ਉਸਨੂੰ ਆਪਣੀ ਭੂਆ ਜਾਂ ਮਾਮੇ ਦੇ ਘਰ ਹੀ ਬਿਤਾਉਣਾ ਪੈਂਦਾ ਹੈ, ਬਚਪਨ ਵਿਚ ਹੀ ਭਾਈਚਾਰੇ ਵਲੋਂ ਲੱਭੇ ਸਾਕ ਨਾਲ ਉਸਦੀ ਮਰਜ਼ੀ ਬਿਨਾਂ, ਉਸਦਾ ਵਿਆਹ ਕਰ ਦਿੱਤਾ ਜਾਂਦਾ ਹੈ, ਕਾਫੀ ਚਿਰ ਮਗਰੋਂ ਜਾ ਕੇ ਅਦਾਲਤ ਵਲੋਂ ਉਸਨੂੰ ਵਿਆਹ ਦੇ ਇਸ ਬੰਧਨ ਤੋਂ ਮੁਕਤੀ ਪ੍ਰਾਪਤੀ ਹੁੰਦੀ ਹੈ, ਉਚੇਰੀ ਵਿਦਿਆ ਹਾਸਲ ਕਰਨ ਵਿਚ ਉਸਨੂੰ ਕਈ ਪ੍ਰਕਾਰ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ—ਆਦਿ ਦਾ ਵਰਣਨ, ਇਸ ਰਚਨਾ ਵਿਚ ਕਾਫੀ ਵਿਸਥਾਰ ਨਾਲ ਹੋਇਆ ਹੈ। ਗਹੁ ਨਾਲ ਦੇਖਿਆਂ ਪਤਾ ਲੱਗਦਾ ਹੈ ਕਿ ਲੇਖਿਕਾ (ਜੋ ਇਸ ਸਵੈ-ਜੀਵਨੀ ਦੀ ਮੁੱਖ ਪਾਤਰ ਵੀ ਹੈ) ਦੇ ਦਰਪੇਸ਼ ਆਉਣ ਵਾਲੀਆਂ ਬਹੁਤੀਆਂ ਮੁਸ਼ਕਲਾਂ ਤੇ ਸਮੱਸਿਆਵਾਂ, ਇਸ ਜਗੀਰਦਾਰੀ ਅਰਥ-ਵਿਵੱਸਥਾ ਨਾਲ ਜੁੜੀਆਂ ਕਦਰਾਂ-ਕੀਮਤਾਂ 'ਚੋਂ ਹੀ ਪੈਦਾ ਹੁੰਦੀਆਂ ਹਨ। ਇਸ ਪ੍ਰਾਪਤ ਅਰਥ-ਵਿਵੱਸਥਾ ਵਿਚ ਵਧੇਰੇ ਕਰਕੇ ਔਰਤ ਹੀ ਵਧੀਕੀਆਂ ਦਾ ਸ਼ਿਕਾਰ ਬਣਦੀ ਹੈ। ਇਥੇ ਲੇਖਿਕਾ, ਇਨ੍ਹਾਂ ਵਧੀਕੀਆਂ ਨੂੰ ਬਹੁਤਾ ਕਰਕੇ ਸਹਿੰਦੀ ਤੇ ਜਰਦੀ ਹੀ ਦੇਖੀ ਜਾਂਦੀ ਹੈ। ਜੇ ਕਿਤੇ ਕੋਈ ਵਿਦਰੋਹ ਦਾ ਸੁਰ ਅਲਾਪਦਾ ਦਿਖਾਈ ਦਿੰਦਾ ਵੀ ਹੈ ਤਾਂ ਉਹ ਕੇਵਲ ਨਾਂ-ਮਾਤਰ ਤੇ ਬਹੁਤ ਧੀਮਾਂ ਹੈ। ਇਸਨੂੰ 'ਵਿਦਰੋਹ' ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਥਾਂ 'ਵਿਰੋਧ' ਕਹਿਣਾ ਹੀ ਠੀਕ ਹੈ। ਕਿਉਂਕਿ, ਇਹ ਵਿਰੋਧ, ਵਿਦਰੋਹ ਦੀ ਸ਼ਿਖ਼ਰ 'ਤੇ ਪਹੁੰਚਦਾ ਨਜ਼ਰ ਨਹੀਂ ਆਉਂਦਾ। ਇਉਂ ਇਸ ਰਚਨਾ 'ਚੋਂ ਜੋ ਨਾਰੀ-ਬਿੰਬ ਉਭਰ ਕੇ ਸਾਹਮਣੇ ਆਉਂਦਾ ਹੈ, ਉਹ ਵਧੇਰੇ ਕਰਕੇ ਸਮਝੌਤਾਵਾਦੀ-ਨਾਰੀ ਦਾ ਬਿੰਬ ਹੈ। ਲੱਗਦੈ, ਆਪਣੇ ਇਸ ਬਿੰਬ ਪ੍ਰਤੀ ਲੇਖਿਕਾ ਆਪ ਵੀ ਕਾਫੀ ਸੁਚੇਤ ਹੈ। ਆਪਣੇ ਪਹਿਲੇ ਨਾਵਲ 'ਅਗਨੀ-ਪ੍ਰੀਖਿਆ' ਦੇ ਪਾਤਰਾਂ ਦਾ ਜ਼ਿਕਰ ਕਰਦੀ ਹੋਈ, ਨਾਵਲ ਦੇ ਅਖ਼ੀਰ 'ਤੇ, ਤਾਂ ਹੀ ਉਹ ਲਿਖਦੀ ਹੈ :

> "ਇਸੇ ਲਈ ਇਸ ਨਾਵਲ ਦੀ ਨਾਇਕਾ ਪੁੱਛਦੀ ਹੈ ਮੈਂ ਕੌਣ ਹਾਂ ? ਤੇ ਇਹ ਲੋਕੀਂ ਕੌਣ ਨੇ ? ਤੇ ਉਸਦਾ ਇਹ ਸਵਾਲ ਹਰ ਚੇਤਨ ਮਨੁੱਖ ਦੇ ਉਸ ਅਜ਼ਲੀ ਸਵਾਲ ਨਾਲ ਜਾ ਜੁੜਦਾ ਹੈ ਕਿ ਉਹ ਕੌਣ ਹੈ ? ਅਸਲ ਵਿਚ ਮੈਨੂੰ ਆਪਣੀ ਸਵੈ-ਜੀਵਨੀ ਇਥੋਂ ਸ਼ੁਰੂ ਕਰਨੀ ਚਾਹੀਦੀ ਨਹੀਂ ਕਿਉਂਕਿ ਹੁਣ ਹੀ ਤਾ ਮੈਂ ਮੈਂ ਸਾਂ।" (ਪੰਨਾ 164)

ਇਹ ਇਸ ਸਵੈ-ਜੀਵਨੀ ਨਾਲ ਸੰਬੰਧਿਤ ਇਕ ਮਹੱਤਵਪੂਰਨ ਨੁਕਤਾ ਹੈ। ਰਚਨਾ ਦੇ ਅਖ਼ੀਰ ਤੇ ਆ ਕੇ ਲੇਖਿਕਾ ਨੂੰ ਅਹਿਸਾਸ ਹੁੰਦਾ ਹੈ ਕਿ ਜਿਸ 'ਮੈਂ' ਦਾ ਜ਼ਿਕਰ ਉਹ ਆਪਣੀ ਸਮੁੱਚੀ ਸਵੈ-ਜੀਵਨੀ ਵਿਚ ਬੜੀ ਸ਼ਿੱਦਤ ਨਾਲ ਕਰਦੀ ਆਈ ਹੈ, ਸਮਾਜਕ ਤੌਰ ਤੇ ਉਹ ਕੋਈ ਚੇਤੰਨ 'ਮੈਂ' ਨਹੀਂ ਸੀ। ਜਦੋਂ ਉਸ ਅੰਦਰ ਇਹ ਚੇਤਨਾ ਜਾਗਦੀ ਹੈ, ਰਚਨਾ ਆਪਣੇ ਸਮਾਪਨ ਬਿੰਦੂ ਤੱਕ ਅਪੜ ਚੁੱਕੀ ਹੁੰਦੀ ਹੈ। ਸ਼ਾਇਦ ਇਸੇ ਲਈ ਉਸਨੂੰ ਅਖ਼ੀਰ 'ਤੇ ਆਪਣੀ ਇਸ ਸਵੈ-ਜੀਵਨੀ ਦੇ ਅੱਗਲੇ ਤਿੰਨ ਭਾਗਾਂ ਦਾ ਇਹ ਵਾਅਦਾ-ਨੁਮਾ-ਐਲਾਨ ਕਰਨਾ ਪੈਂਦਾ ਹੈ। 'ਕਿਉਂਕਿ ਹੁਣ ਹੀ ਤਾਂ ਮੈਂ ਮੈਂ ਸਾਂ।'...ਕਥਨ, ਉਸ ਅੰਦਰ ਜਾਗੀ ਇਸੇ ਚੇਤੰਨਤਾ ਵਲ ਸੰਕੇਤ ਕਰਦਾ ਹੈ। ਨਾਲ ਹੀ ਇਹ ਕਥਨ, ਇਸ ਸਵੈ-ਜੀਵਨੀ ਦੇ ਸਮੁੱਚੇ ਚਰਿੱਤ੍ਰ ਉਪਰ ਇਕ ਅਲੋਚਨਾਤਮਕ ਟਿਪਣੀ ਵੀ ਕਿਹਾ ਜਾ ਸਕਦਾ ਹੈ

ਟਿਵਾਣਾ ਦੀ ਇਸ ਸਵੈ-ਜੀਵਨੀ ਦਾ ਨਾਮ 'ਨੰਗੇ ਪੈਰਾਂ ਦਾ ਸਫ਼ਰ' ਰੂਪਕੀ (metaphorical) ਹੈ। ਇਹ ਇਕ ਅਜਿਹਾ ਰੂਪਕ ਹੈ, ਜਿਸ ਤੋਂ ਕੇਵਲ ਦੁੱਖ ਤੇ ਵਿਸ਼ਾਦ ਦਾ ਹੀ ਬੋਧ ਹੁੰਦਾ ਹੈ। ਇਸ ਸਵੈ-ਜੀਵਨੀ ਦੀ ਨਾਇਕਾ, ਆਪਣੇ ਚੌਗਿਰਦੇ ਪਸਰੀ ਜਾਗੀਰਦਾਰੀ ਅਰਥ-ਵਿਵੱਸਥਾ ਦੇ ਅੰਤਰਗਤ, ਦੜਵਟ ਕੇ ਦੁੱਖ ਸਹਿਣ ਦੀ ਜੂਨ ਭੋਗਦੀ ਦਿਖਾਈ ਦਿੰਦੀ ਹੈ। ਇਸਦੇ ਦੁੱਖ, ਉਸ ਗਰੀਬਣੀ ਔਰਤ (ਦਾਦੀ ਮਾਂ) ਦੇ ਦੁੱਖਾਂ ਨਾਲੋਂ ਘੱਟ ਨਹੀਂ ਹਨ। ਇਸ ਪੱਖੋਂ ਦੋਵੇਂ, ਇਕੋ ਜਿਹੀ ਹੋਣੀ ਦਾ ਸ਼ਿਕਾਰ ਹੋਈਆਂ ਨਜ਼ਰ ਆਉਂਦੀਆਂ ਹਨ। ਇਸ (ਨਾਇਕਾ) ਨੂੰ ਨੰਗੇ ਪੈਰੀਂ ਤੁਰਨਾ ਬੇਹੱਦ ਪਸੰਦ ਹੈ। ਨੰਗੇ ਪੈਰੀਂ ਤੁਰਨਾ, ਸ਼ਾਇਦ ਉਸਨੂੰ ਗਰੀਬਣੀ ਔਰਤ ਤੋਂ ਵਿਰਸੇ ਵਿਚ ਮਿਲਿਆ ਸੀ। ਜੁੱਤੀ ਨੂੰ ਟੁੱਟਣ ਤੋਂ ਬਚਾਉਣ ਲਈ, ਇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਔਰਤ ਘਰ ਵਿਚ ਅਕਸਰ ਨੰਗੇ ਪੈਰੀਂ ਘੁੰਮਦੀ ਰਹਿੰਦੀ ਸੀ । ਇਹ ਗੱਲ ਵੱਖਰੀ ਹੈ ਕਿ ਦੋਹਾਂ ਦੇ ਨੰਗੇ ਪੈਰੀਂ ਤੁਰਨ ਦੇ ਕਾਰਨ ਤੇ ਤਰਕ ਵੱਖੋ ਵੱਖਰੇ ਹਨ । ਪਰ, ਦੋਹਾਂ ਦਾ ਨੰਗੇ ਪੈਰੀਂ ਤੁਰਨਾ, ਉਨ੍ਹਾਂ ਦੇ ਦੁੱਖ ਤੇ ਵਿਸ਼ਾਦ ਵਲ ਹੀ ਸੰਕੇਤ ਕਰਦਾ ਹੈ । ਇਉਂ, ਲੇਖਿਕਾ ਦੀ ਸ਼ਖ਼ਸੀਅਤ ਵਿਚੋਂ, ਵਿਰਸੇ 'ਚ ਮਿਲੀ ਦੁੱਖ ਭੋਗਦੀ ਨਾਰੀ-ਮਾਨਸਿਕਤਾ ਨੂੰ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ । ਆਪਣੀ ਸ਼ਖ਼ਸੀਅਤ ਵਿਚ ਇਸ ਨਾਰੀ-ਮਾਨਸਿਕਤਾ ਦੀ ਕਾਰਜਸ਼ੀਲਤਾ ਸੰਬੰਧੀ ਉਹ ਇਉਂ ਲਿਖਦੀ ਹੈ :

> "ਤੇ ਇਉਂ ਉਸ ਬਹੁਤ ਅਮੀਰ ਘਰ ਵਿਚ ਰਹਿੰਦੀ ਬਹੁਤ ਗਰੀਬ ਔਰਤ ਦਾ ਬਹੁਤ ਕੁਝ ਮੈਨੂੰ ਯਾਦ ਹੈ । ਯਾਦ ਹੀ ਨਹੀਂ ਉਸ ਦਾ ਬਹੁਤ ਕੁਝ ਮੇਰੇ ਅੰਦਰ ਜੀਊਂਦਾ ਹੈ, ਜਿਹੜਾ ਸ਼ਾਇਦ ਉਹ ਆਪਣੇ ਦੁੱਧ ਨਾਲ ਮੈਨੂੰ ਦੇ ਗਈ ।" (ਪੰਨਾ 9)

ਇਸ ਦੁੱਖ ਭੋਗਦੀ ਨਾਰੀ-ਮਾਨਸਿਕਤਾ ਦੇ ਨਾਲ ਨਾਲ ਉਸਨੂੰ, ਉਸ ਔਰਤ ਪਾਸੋਂ ਮਿਲੇ ਮੋਹ-ਪਿਆਰ ਦਾ ਵੀ ਤਿੱਖਾ ਅਹਿਸਾਸ ਹੈ । ਉਸਦੇ ਨਿੱਕੇ ਹੁੰਦਿਆਂ, ਉਸ ਔਰਤ (ਦਾਦੀ ਮਾਂ) ਨੇ ਮੋਹ-ਵਸ ਉਸਨੂੰ ਆਪਣਾ ਦੁੱਧ ਚੁੰਘਾਉਣਾ ਸ਼ੁਰੂ ਕਰ ਦਿੱਤਾ ਸੀ । ਇਸ ਸਭ ਕੁਝ ਨੂੰ ਉਹ ਆਪਣੇ ਅੰਦਰ ਜੀਊਂਦਾ ਮਹਿਸੂਸ ਹੀ ਨਹੀਂ ਕਰਦੀ, ਸਗੋਂ, ਇਸਨੂੰ ਆਪਣੇ ਸਿਰ ਚੜ੍ਹੇ ਰਿਣ ਵਾਂਗ ਲੈਂਦੀ ਹੈ :

> "ਜਾਣਦਿਆਂ ਹੋਇਆਂ ਵੀ ਕਿ ਪੈਸਾ ਕੰਮ ਦੀ ਚੀਜ਼ ਹੈ, ਪੈਸੇ ਲਈ ਕੋਈ ਮੋਹ ਨਹੀਂ ਉਪਜਦਾ ਤੇ ਅੱਜ ਵੀ ਜਦੋਂ ਕਦੇ ਸਾਡੇ ਸ੍ਰੀਮਾਨ ਜੀ ਮਾੜਾ ਜਿਹਾ ਵੀ ਆਕੜ ਕੇ ਬੋਲਦੇ ਨੇ ਤਾਂ ਮੈਂ ਡਰ ਜਾਂਦੀ ਹਾਂ, ਭਾਵੇਂ ਜਾਣਦੀ ਹਾਂ, ਡਰਨ ਵਾਲੀ ਕੋਈ ਗੱਲ ਨਹੀਂ । **ਇਹ ਸ਼ਾਇਦ ਉਸ ਅਮੀਰ ਘਰ ਵਿਚ ਰਹਿਣ ਵਾਲੀ ਗ਼ਰੀਬ ਔਰਤ ਦਾ ਮੇਰੇ ਸਿਰ ਰਿਣ ਹੈ ਉਸ ਘਰ ਦੀ ਧੀ ਹੋਣ ਕਰਕੇ, ਜਿਹੜਾ ਮੈਂ ਚੁੱਕਾ ਰਹੀ ਹਾਂ । ਤੇ ਮੈਨੂੰ ਲੱਗਦਾ ਹੈ ਉਸ ਅਮੀਰ ਘਰ ਦੇ ਹਰ ਬੰਦੇ ਨੇ ਉਸ ਗ਼ਰੀਬ ਔਰਤ ਦਾ ਕੁਝ ਨਾ ਕੁਝ ਦੇਣਾ ਹੈ...।"** (ਪੰਨਾ 9)

ਰਿਣ ਚੁਕਾਉਣ ਵਾਲਾ ਇਹ ਅਹਿਸਾਸ, ਦੁੱਖ ਭੋਗਣ ਵਾਲੀ ਉਸਦੀ ਪ੍ਰਗੀਤਕ ਮਾਨਸਿਕਤਾ ਦੀ ਉਪਜ ਕਿਹਾ ਜਾ ਸਕਦਾ ਹੈ । ਜੀਵਨ ਦੇ ਕਰੜੇ ਯਥਾਰਥ ਸੰਬੰਧੀ ਉਸਦਾ ਪ੍ਰਤੀਉੱਤਰ ਇਸੇ ਪ੍ਰਗੀਤਕ ਮਾਨਸਿਕਤਾ ਨਾਲ ਓਤਪੋਤ ਨਜ਼ਰ ਆਉਂਦਾ ਹੈ । ਸ਼ਾਇਦ ਇਸੇ ਕਰਕੇ ਹੀ ਉਸਨੇ ਆਪਣੀ ਇਸ ਜੀਵਨ-ਵਿਥਿਆ ਦੇ ਬਿਆਨ ਲਈ, 'ਨੰਗੇ ਪੈਰਾਂ ਦਾ ਸਫ਼ਰ' ਜਿਹੇ ਵਿਸ਼ਾਦਮੂਲਕ ਰੂਪਕ ਦੀ ਸਿਰਜਣਾ ਕੀਤੀ ਹੈ । ਇਹ ਸਮੁੱਚੀ ਸਵੈ-ਜੀਵਨੀ, ਇਸੇ ਵਿਸ਼ਾਦਮੂਲਕ ਰੂਪਕ ਦਾ ਹੀ ਵਿਸਥਾਰ ਮਾਤਰ ਹੈ । ਇਸੇ ਰੂਪਕ ਨੂੰ ਉਸਨੇ ਆਪਣੇ ਵੱਖ ਵੱਖ ਨਾਵਲਾਂ ਵਿਚ ਵਿਸਥਾਪਿਤ ਕਰਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਯਤਨ ਵੀ ਕੀਤਾ ਹੈ। 'ਸਰਕੰਡਿਆਂ ਦੇ ਦੇਸ', 'ਪੀਲੇ ਪੱਤਿਆਂ ਦੀ ਦਾਸਤਾਨ', 'ਏਹੁ ਹਮਾਰਾ ਜੀਵਣਾ' ਆਦਿ ਉਸਦੇ ਨਾਵਲ, ਇਸ ਵਿਚਾਰ ਦੀ ਪੁਸ਼ਟੀ ਲਈ ਪੇਸ਼ ਕੀਤੇ ਜਾ ਸਕਦੇ ਹਨ।

''ਨੰਗੇ ਪੈਰਾਂ ਦਾ ਸਫ਼ਰ' ਸਵੈ-ਜੀਵਨੀ ਵਿਚ ਲੇਖਿਕਾ ਨੇ ਆਪਣੇ ਜੀਵਨ-ਇਤਿਹਾਸ ਦਾ ਵਰਣਨ ਕਰਦਿਆਂ ਆਪਣੇ ਪਰਿਵਾਰਕ ਮਾਹੌਲ, ਰਿਸ਼ਤੇਦਾਰਾਂ ਤੇ ਸਾਕਾਂ ਸੰਬੰਧੀਆਂ ਦੇ ਵਿਹਾਰ ਤੇ ਕਿਰਦਾਰ ਉਪਰ ਕਾਫ਼ੀ ਰੋਸ਼ਨੀ ਪਾਈ ਹੈ। ਪਰ, ਆਪਣੇ ਜਗੀਰਦਾਰੀ ਪਰਿਵਾਰਕ ਪਿਛੋਕੜ ਦਾ ਜ਼ਿਕਰ ਕਰਦਿਆਂ ਉਹ ਅਕਸਰ, ਸਵੈ-ਸ਼ਲਾਘਾ ਦੀ ਜਕੜ ਵਿਚ ਆ ਜਾਂਦੀ ਹੈ :

—''ਥੀਸਿਜ਼ ਰਿਜੈਕਟ ਵੀ ਹੋ ਸਕਦੈ'' ਆਖ ਕੇ ਜਿਸ ਪਹੁੰਚ ਵਾਲੇ ਬੰਦੇ ਨੇ ਮੈਨੂੰ ਧਮਕੀ ਦੇਣੀ ਚਾਹੀ ਸੀ ਉਸ ਨੂੰ ਮੈਂ ਬਸ ਏਨਾ ਹੀ ਆਖਿਆ ਸੀ **"ਮੈਂ ਜੱਟਾਂ ਦੀ ਕੁੜੀ ਆਂ।"** ਨਾ ਮੀਂਹ ਪੈਣੋਂ ਹਟਣੈ, ਨਾ ਕਣਕ ਨੇ ਉਗਣੋਂ ਤੇ ਨਾ ਸਾਨੂੰ ਰੋਟੀ ਮਿਲਣੋਂ ਹਟਣੀ ਐਂ, ਸੋ ਥੀਸਿਜ਼ ਛੱਡ ਕੇ ਜੇ ਨੌਕਰੀ ਵੀ ਚਲੀ ਜਾਊ ਭੁੱਖੇ ਤਾਂ ਅਸੀਂ ਫੇਰ ਵੀ ਨੀ ਮਰਨ ਲੱਗੇ।''
(ਪੰਨਾ 155)

ਇਥੇ ਸਵੈ-ਸ਼ਲਾਘਾ ਦੇ ਨਾਲ ਨਾਲ ਉਸ ਅੰਦਰ ਲੁੱਕੀਆਂ ਜਾਗੀਰਦਾਰੀ ਰੁਚੀਆਂ ਵੀ ਪ੍ਰਗਟ ਹੋ ਜਾਂਦੀਆਂ ਹਨ। ਰਿਸ਼ਤੇਦਾਰਾਂ ਤੇ ਸਾਕ ਸੰਬੰਧੀਆਂ ਤੋਂ ਛੁੱਟ ਇਸ ਸਵੈ-ਜੀਵਨੀ ਵਿਚ ਲੇਖਿਕਾ ਦੇ ਸੰਪਰਕ ਵਿਚ ਆਉਣ ਵਾਲੇ ਕੁਝ ਹੋਰਨਾਂ ਵਿਅੱਕਤੀਆਂ ਦਾ ਵੀ ਜ਼ਿਕਰ ਹੋਇਆ ਹੈ, ਜਿਵੇਂ ਪ੍ਰੋ: ਪ੍ਰੀਤਮ ਸਿੰਘ, ਪ੍ਰਿੰਸੀਪਲ ਤੇਜਾ ਸਿੰਘ, ਗੁਰਬਖਸ਼ ਸਿੰਘ 'ਪ੍ਰੀਤਲੜੀ' ਪ੍ਰੋ: ਬਲਵੰਤ ਸਿੰਘ ਤੇ ਕੁਝ ਹੋਰ ਲੇਖਕ/ਵਿਦਵਾਨ ਆਦਿ। ਪਰ, ਇਨ੍ਹਾਂ ਦਾ ਜ਼ਿਕਰ ਕੇਵਲ ਉਤਨਾ ਹੀ ਹੋਇਆ ਹੈ, ਜਿਤਨਾ ਕੁ ਉਨ੍ਹਾਂ ਦਾ ਲੇਖਿਕਾ ਦੇ ਜੀਵਨ ਵਿਚ ਰੋਲ ਸੀ, ਬਸ। ਇਥੇ ਵੇਖਣ ਵਾਲੀ ਵਿਸ਼ੇਸ਼ ਗੱਲ ਇਹ ਹੈ ਕਿ ਇਹ ਸਵੈ-ਜੀਵਨੀ ਆਪਣੇ ਸਮਕਾਲੀ ਸਮਾਜਕ ਤੇ ਸਭਿਆਚਾਰਕ ਪ੍ਰਸੰਗ ਤੋਂ ਟੁੱਟੀ ਨਹੀਂ ਹੋਈ। ਲੇਖਿਕਾ ਨੇ ਆਪਣੀ ਜੀਵਨ-ਵਿਥਿਆ ਦਾ ਬਿਆਨ ਕਰਦਿਆਂ ਆਪਣੀ ਸਮਾਜਕ ਤੇ ਸਭਿਆਚਾਰਕ ਪਿੱਠਭੂਮੀ ਨੂੰ ਨਜ਼ਰ ਅੰਦਾਜ ਨਹੀਂ ਕੀਤਾ। ਇਹੀ ਵਜ੍ਹਾ ਹੈ ਕਿ ਇਸ ਰਚਨਾ ਵਿਚੋਂ, ਲੇਖਿਕਾ ਦੀ ਜੀਵਨ-ਵਿਥਿਆ ਦੇ ਨਾਲ ਨਾਲ, ਮਾਲਵੇ ਦੇ ਪੇਂਡੂ ਸਭਿਆਚਾਰ—ਉਥੋਂ ਦੇ ਲੋਕਾਂ ਦੇ ਵਿਸ਼ਵਾਸ, ਚੇਟਕ, ਲੋਕ-ਮਾਨਸਿਕਤਾ, ਅਨਪੜ੍ਹਤਾ, ਸੁਭਾਅ ਤੇ ਵਹਿਮਾਂ ਭਰਮਾਂ ਸੰਬੰਧੀ ਕਾਫ਼ੀ ਜਾਣਕਾਰੀ ਮਿਲ ਜਾਂਦੀ ਹੈ। ਇਉਂ ਇਹ ਸਵੈ-ਜੀਵਨੀ, ਇਕ ਪ੍ਰਕਾਰ ਦੀ ਆਂਚਲਿਕ-ਰਚਨਾ ਹੋਣ ਦਾ ਪ੍ਰਭਾਵ ਸਿਰਜਦੀ ਨਜ਼ਰ ਆਉਂਦੀ ਹੈ। ਪਰ, ਇਥੇ ਲੇਖਿਕਾ ਨੇ ਆਪਣੇ ਪ੍ਰੇਮ-ਸੰਬੰਧਾਂ ਬਾਰੇ ਸੰਕੇਤ ਕਰਨ ਤੋਂ ਲਗਭਗ ਸੰਕੋਚ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri.

ਵਰਤਿਆ ਹੈ। ਜੇ ਕਿਧਰੇ ਇਸਦਾ ਨਾ-ਮਾਤਰ ਜ਼ਿਕਰ ਹੋਇਆ ਵੀ ਹੈ ਤਾਂ ਉਸ ਵਿਚ ਬੇਬਾਕੀ ਤੇ ਦਲੇਰੀ ਦੀ ਘਾਟ ਹੈ। ਕੁੱਲ ਮਿਲਾ ਕੇ ਲੇਖਿਕਾ ਨੇ ਇਸ ਪੱਖੋਂ ਆਪਣਾ ਪੱਲਾ ਛੁਡਾਈ ਹੀ ਰਖਿਆ ਹੈ। ਆਪਾ ਲੁਕਾਉਣ ਵਾਲੀ ਅਜਿਹੀ ਬਿਰਤੀ, ਸਵੈ-ਜੀਵਨੀ ਰਚਨਾ ਅਕਸਰ ਲਈ ਕਾਫ਼ੀ ਮਾਰੂ ਸਾਬਤ ਹੁੰਦੀ ਹੈ। ਇਹ ਸਵੈ-ਜੀਵਨੀ ਵੀ ਇਸੇ ਬਿਰਤੀ ਦਾ ਸ਼ਿਕਾਰ ਹੋਈ ਨਜ਼ਰ ਆਉਂਦੀ ਹੈ। ਇਥੇ ਕਈ ਅਹਿਮ ਮਸਲੇ ਚਰਚਾ ਦਾ ਵਿਸ਼ਾ ਬਣਨੋਂ ਰਹਿ ਗਏ ਹਨ। ਲੇਖਿਕਾ ਦਾ ਵਧੇਰੇ ਜ਼ੋਰ ਕੇਵਲ ਉਨ੍ਹਾਂ ਮਾਰਮਿਕ ਘਟਨਾਵਾਂ ਤੇ ਵੇਰਵਿਆਂ ਦੇ ਚਿਤਰਣ ਉਪਰ ਹੈ ਜੋ ਉਸਨੂੰ ਜਾਂ ਤਾਂ ਹਮਦਰਦੀ ਦਾ ਪਾਤਰ ਬਣਾਉਣ ਵਿਚ ਸਹਾਇਕ ਸਾਬਤ ਹੁੰਦੇ ਹਨ ਅਤੇ ਜਾਂ ਫਿਰ ਜਿਨ੍ਹਾਂ ਰਾਹੀਂ ਉਸਦੇ ਜਾਗੀਰਦਾਰੀ ਪਰਿਵਾਰਕ ਪਿਛੋਕੜ ਦੀ ਗਨੀਮਾ ਉਜਾਗਰ ਹੁੰਦੀ ਹੈ। ਇਉਂ, ਇਹ ਸਵੈ-ਜੀਵਨੀ ਲੇਖਿਕਾ ਦੇ ਜੀਵਨ ਦਾ ਭੱਰਵਾਂ ਚਿੱਤਰ ਉਲੀਕਣ ਦੇ ਅਸਮਰੱਥ ਪ੍ਰਤੀਤ ਹੁੰਦੀ ਹੈ।

ਸਮੁੱਚੇ ਤੌਰ 'ਤੇ ਦੇਖਿਆਂ ਪਤਾ ਚਲਦਾ ਹੈ ਕਿ ਇਹ ਸਵੈ-ਜੀਵਨੀ, ਇਕ ਲੇਖਿਕਾ (ਦਲੀਪ ਕੌਰ ਟਿਵਾਣਾ) ਦੀ ਸਧਾਰਣ ਜਿਹੀ ਜੀਵਨ-ਗਾਥਾ ਹੈ, ਬਸ। ਇਹ ਜੀਵਨ-ਗਾਥਾ ਆਪਣੀ ਪ੍ਰਕਿਰਤੀ ਵਿਚ ਕੇਵਲ ਸਧਾਰਣ ਹੀ ਨਹੀਂ, ਸਗੋਂ ਪੇਸ਼ਕਾਰੀ ਵਿਚ ਸਰਲ ਵੀ ਹੈ। ਇਥੇ ਘਟਨਾਵਾਂ ਤੇ ਸਥਿਤੀਆਂ-ਪਰਸਥਿਤੀਆਂ ਦੀ ਤਰਤੀਬ ਨੂੰ ਇਤਿਹਾਸਕ ਕਾਲ-ਕ੍ਰਮ ਦੇ ਅਨੁਕੂਲ ਹੀ ਰਖਿਆ ਗਿਆ ਹੈ। ਭਾਵ, ਨੰਗੇ ਪੈਰਾਂ ਦਾ ਇਹ ਸਫ਼ਰ, ਅਤੀਤ (ਬਚਪਨ) ਤੋਂ ਵਰਤਮਾਨ ਵਲ ਇਕ ਸਿੱਧੀ ਤੇ ਸਰਲ ਰੇਖਾ ਦੇ ਵਿਕਾਸ ਦੀ ਤਰ੍ਹਾਂ ਤਹਿ ਹੁੰਦਾ ਨਜ਼ਰ ਆਉਂਦਾ ਹੈ। ਇਥੇ ਘਟਨਾਵਾਂ ਦੀ ਤੋਰ, ਬਹੁਤ ਧੀਮੀਂ—ਲਗਭਗ ਗਤੀਹੀਣ ਹੀ ਹੈ। ਇਉਂ, ਇਹ ਸਵੈ-ਜੀਵਨੀ ਇਕ ਖੜੋਤ ਦੀ ਸਥਿਤੀ ਨੂੰ ਹੀ ਪੇਸ਼ ਕਰਨ ਦੀ ਰੁਚੀ ਰਖਦੀ ਹੈ। ਨਾਇਕਾ ਦੇ ਬਹੁਤੇ ਦੁੱਖ ਮਾਨਸਿਕ ਹਨ ਜੋ ਕਿਸੇ ਅਹਿਮ ਘਟਨਾ ਦੀ ਉਪਜ ਨਹੀਂ ਸਗੋਂ ਉਸਦੇ ਜਾਗੀਰਦਾਰੀ ਪਰਿਵਾਰਕ ਮਾਹੌਲ ਦੀ ਉਪਜ ਹਨ ਜਾਂ ਕੁਝ ਹੱਦ ਤੱਕ ਵਿਰਸੇ 'ਚ ਮਿਲੀ ਨਾਰੀ-ਮਾਨਸਿਕਤਾ, ਇਸ ਲਈ ਜ਼ੁੰਮੇਵਾਰ ਹੈ। ਬੁਨਿਆਦੀ ਤੌਰ 'ਤੇ ਇਹ ਉਹੀ ਨਾਰੀ-ਮਾਨਸਿਕਤਾ ਹੈ, ਜਿਸਨੂੰ ਅਸੀਂ ਪਹਿਲਾਂ ਪ੍ਰਗੀਤਕ ਮਾਨਸਿਕਤਾ ਦਾ ਨਾਮ ਦਿੱਤਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਧਿਆਇ 4

'ਖ਼ਾਨਾਬਦੋਸ਼' : ਪਾਠ-ਕੇਂਦਰਿਤ ਵਿਸ਼ਲੇਸ਼ਣ

ਅਜੀਤ ਕੌਰ ਦੀ ਪੁਸਤਕ 'ਖ਼ਾਨਾਬਦੋਸ਼' ਸੰਨ 1982 ਵਿਚ ਪ੍ਰਕਾਸ਼ਤ ਹੋਈ। ਆਪਣੀ ਇਸ ਪੁਸਤਕ ਨੂੰ ਲੇਖਿਕਾ ਨੇ ਸਵੈ-ਜੀਵਨੀ ਦੀ ਕੋਟੀ ਵਿਚ ਰਖਿਆ ਹੈ। ਜਦੋਂ ਇਸ ਨੁਕਤਾ-ਏ-ਨਿਗਾਹ ਤੋਂ ਅਸੀਂ ਇਸ ਰਚਨਾ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਉਂਦੇ ਹਾਂ ਤਾਂ ਇਸ ਦੇ ਰਚਨਾ-ਵਿਧਾਨ, ਅੰਦਾਜ਼-ਏ-ਬਿਆਂ, ਭਾਸ਼ਾ-ਸ਼ੈਲੀ, ਪੇਸ਼ਕਾਰੀ ਅਤੇ ਇਸ 'ਚੋਂ ਉਭਰਣ ਵਾਲੇ ਨਾਰੀ-ਬਿੰਬ ਸੰਬੰਧੀ ਕਈ ਮਹੱਤਵਪੂਰਨ ਨੁਕਤੇ ਉਜਾਗਰ ਹੁੰਦੇ ਹਨ, ਜਿਨ੍ਹਾਂ ਉਪਰ ਇਥੇ ਵਿਸਥਾਰ ਸਹਿਤ ਚਰਚਾ ਕੀਤੀ ਜਾਏਗੀ। ਰਚਨਾ ਅੰਦਰ ਪ੍ਰਵੇਸ਼ ਕਰਦੇ ਹੀ ਲੇਖਿਕਾ ਦੇ ਇਹ ਕਥਨ ਸਾਡਾ ਧਿਆਨ ਆਪਣੇ ਵੱਲ ਖਿੱਚਦੇ ਨਜ਼ਰ ਆਉਂਦੇ ਹਨ :

> "ਪਿੱਛੇ ਤੁਰਨਾ ਬਹੁਤ ਦੇਰ ਤੋਂ ਟਾਲ ਰਹੀ ਸਾਂ। ਅੰਮ੍ਰਿਤਾ ਨੇ ਮੇਰਾ ਮੂੰਹ ਪਿਛਾਂਹ ਕਰਕੇ ਮੈਨੂੰ ਧੱਕਾ ਦੇ ਦਿੱਤਾ ਏ, "ਤੁਰ !" ਸੋ ਦੋਸਤੋ, ਇਸ ਅੱਗ ਦਾ ਸਫ਼ਰ ਤੁਹਾਨੂੰ ਵੀ ਮੇਰੇ ਨਾਲ ਹੀ ਕਰਨਾ ਪਏਗਾ।"
>
> (ਪੰਨਾ 9)

ਲੇਖਿਕਾ ਦੇ ਇਸ ਸਵੈ-ਕਥਨ 'ਚੋਂ ਇਹ ਸੂਚਨਾ ਸਪੱਸ਼ਟ ਮਿਲਦੀ ਹੈ ਕਿ ਇਹ ਸਵੈ-ਜੀਵਨੀ ਲਿਖਣ ਲਈ ਲੇਖਿਕਾ ਨੂੰ ਅੰਮ੍ਰਿਤਾ ਪ੍ਰੀਤਮ ਨੇ ਪ੍ਰੇਰਿਆ ਹੈ, ਜੋ ਇਸ ਤੋਂ ਕਰੀਬ ਛੇ ਵਰ੍ਹੇ ਪਹਿਲਾਂ 'ਰਸੀਦੀ ਟਿਕਟ' ਸਿਰਲੇਖ ਹੇਠ ਆਪਣੀ ਸਵੈ-ਜੀਵਨੀ ਲਿਖ ਚੁੱਕੀ ਸੀ। ਅੰਮ੍ਰਿਤਾ, ਲੇਖਿਕਾ ਨੂੰ ਪ੍ਰੇਰਦੀ ਹੀ ਨਹੀਂ, ਸਗੋਂ ਫੈਸੀਨੇਟ ਵੀ ਕਰਦੀ ਹੈ :

> "ਇੰਦਰਾ ਮੈਨੂੰ ਉਸੇ ਤਰ੍ਹਾਂ ਫ਼ੈਸੀਨੇਟ ਕਰਦੀ ਏ ਜਿਸ ਤਰ੍ਹਾਂ ਅੰਮ੍ਰਿਤਾ ਪ੍ਰੀਤਮ ਤੇ ਹਰ ਉਹ ਖ਼ੂਬਸੂਰਤ ਤੇ ਜ਼ਹੀਨ ਔਰਤ, ਜਿਸ ਨੂੰ ਕਿਧਰੋਂ ਟ੍ਰਾਂਸਫ਼ਰ ਹੋ ਕੇ ਆਉਣ ਵਾਲੀ ਗ੍ਰੇਟਨੈਸ ਪਸੰਦ ਨਹੀਂ। ਜੋ ਕੁਝ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਾਹੀਦਾ ਹੋਵੇ, ਉਹਨੂੰ ਹਾਸਿਲ ਕਰਨ ਦੀ ਜਾਚ ਜਿਨ੍ਹਾਂ ਨੂੰ ਹੈ।''

(ਪੰਨਾ 167)

ਇਹ ਹੱਥਲੀ ਰਚਨਾ ਨਾਲ ਸੰਬੰਧਿਤ ਲੇਖਿਕਾ ਦੇ ਕੁਝ ਮਹੱਤਵਪੂਰਨ ਸਵੈ-ਕਥਨ ਹਨ। ਕਿਉਂਕਿ ਇਨ੍ਹਾਂ 'ਚੋਂ ਲੇਖਿਕਾ ਨੂੰ ਕਿਸ ਤਰ੍ਹਾਂ ਦੀਆਂ ਔਰਤਾਂ ਪਸੰਦ ਹਨ— ਸੰਬੰਧੀ ਸੂਚਨਾ ਹੀ ਨਹੀਂ ਮਿਲਦੀ, ਸਗੋਂ, ਇਨ੍ਹਾਂ ਵਿਚ ਇਕ ਵਿਸ਼ੇਸ਼ ਪ੍ਰਕਾਰ ਦੀ ਜੀਵਨ-ਜਾਚ ਵਲ ਸੰਕੇਤ ਹੈ। ਅਸਲ ਵਿਚ, ਇਸੇ ਜੀਵਨ-ਜਾਚ ਨੂੰ ਹੀ ਲੇਖਿਕਾ ਆਪਣੇ ਜੀਵਨ ਦਾ ਮੂਲ ਪ੍ਰੇਰਨਾ-ਸਰੋਤ ਬਣਾਉਂਦੀ ਹੈ—ਅਚੇਤ-ਪੱਧਰ 'ਤੇ ਨਹੀਂ, ਸੁਚੇਤ ਪੱਧਰ 'ਤੇ। ਇਸੇ ਕਰਕੇ ਉਸ ਨੂੰ ਇਹ ਜੀਵਨ-ਜਾਚ (ਜਿਸ ਨੂੰ ਕਿਧਰੋਂ ਟ੍ਰਾਂਸਫਰ ਹੋ ਕੇ ਆਉਣ ਵਾਲੀ ਗ੍ਰੇਟਨੈਸ ਪਸੰਦ ਨਹੀਂ। ਜੋ ਕੁਝ ਵੀ ਚਾਹੀਦਾ ਹੋਵੇ, ਉਹਨੂੰ ਹਾਸਿਲ ਕਰਨ ਦੀ ਜਾਚ ਜਿਨ੍ਹਾਂ ਨੂੰ ਹੈ।) ਬੇਹੱਦ ਪਸੰਦ ਹੈ। ਅਜਿਹੀ ਜੀਵਨ-ਜਾਚ ਅਪਨਾਉਣ ਵਾਲੀਆਂ ਔਰਤਾਂ ਨੂੰ ਉਹ ਖ਼ੂਬਸੂਰਤ ਤੇ ਜ਼ਹੀਨ ਔਰਤਾਂ ਸਵੀਕਾਰ ਕਰਦੀ ਹੈ। ਇਥੇ ਵੇਖਣ ਵਾਲੀ ਵਿਸ਼ੇਸ਼ ਗੱਲ ਇਹ ਹੈ ਕਿ ਇਹ 'ਜੀਵਨ-ਜਾਚ' ਲੇਖਿਕਾ ਨੂੰ ਆਪਣੇ ਵਿਹਾਰਕ-ਜੀਵਨ ਵਿਚ ਕਿਤਨੀ ਕੁ ਰਾਸ ਆਈ ਹੈ?—ਅਤੇ ਇਸ ਸਦਕਾ ਉਸ ਦੇ ਜੀਵਨ ਵਿਚ ਕਿਹੜੇ ਪਰਿਵਰਤਨ ਆਏ ਹਨ? ਇਹ ਜਾਣਨ ਲਈ 'ਖ਼ਾਨਾਬਦੋਸ਼' ਰਚਨਾ ਦੇ ਮੂਲ-ਪਾਠ ਨਾਲ ਡੂੰਘੀ ਸਾਂਝ ਪਾਉਣੀ ਜ਼ਰੂਰੀ ਬਣਦੀ ਹੈ। ਇਸ ਦੀ ਅਣਹੋਂਦ ਵਿਚ ਅਧਿਐਨ ਦੇ ਸਤੱਈ ਰਹਿ ਜਾਣ ਦਾ ਖ਼ਦਸ਼ਾ ਬਣਿਆ ਨਜ਼ਰ ਆਉਂਦਾ ਹੈ।

ਇਸ ਵਿਚਾਰ ਨੂੰ ਮੱਦੇ ਨਜ਼ਰ ਰਖਦੇ ਹੋਏ ਜਦੋਂ ਅਸੀਂ ਹੱਥਲੀ ਰਚਨਾ ਦੇ ਮੂਲ ਪਾਠ ਨੂੰ ਆਪਣੇ ਧਿਆਨ ਦਾ ਕੇਂਦਰ ਬਣਾਉਂਦੇ ਹਾਂ, ਤਾਂ ਸਹਿਜੇ ਹੀ ਸਾਨੂੰ ਇਸ ਗੱਲ ਦਾ ਗਿਆਨ ਹੋ ਜਾਂਦਾ ਹੈ ਕਿ ਇਸ ਵਿਚ ਅਜੀਤ ਕੌਰ ਨੇ ਆਪਣੀ ਜ਼ਿੰਦਗੀ ਵਿਚ ਵਾਪਰੇ ਕੁਝ ਅਹਿਮ ਹਾਦਸਿਆਂ ਨੂੰ ਆਪਣੇ ਨਵੇਕਲੇ ਅੰਦਾਜ਼ ਵਿਚ ਬਿਆਨ ਕਰਨ ਦਾ ਯਤਨ ਕੀਤਾ ਹੈ। ਹਾਦਸਿਆਂ ਦੀ ਇਹ ਚੋਣ, ਸਵੈ-ਜੀਵਨੀ ਰੂਪਾਕਾਰ ਦੇ ਐਨ ਅਨੁਕੂਲ ਪ੍ਰਤੀਤ ਹੁੰਦੀ ਹੈ। ਕਿਉਂਕਿ, ਸਵੈ-ਜੀਵਨੀ ਵਿਚ ਲੇਖਕ/ਲੇਖਿਕਾ ਦਾ ਹਰ ਜੀਵਨਗਤ ਵੇਰਵਾ ਸ਼ਾਮਲ ਨਹੀਂ ਕੀਤਾ ਜਾ ਸਕਦਾ। ਸੋ! ਵੇਰਵਿਆਂ ਤੇ ਘਟਨਾਵਾਂ ਦੀ ਚੋਣ ਸਵੈ-ਜੀਵਨੀ ਦੀ ਲਾਜ਼ਮੀ ਸ਼ਰਤ ਹੁੰਦੀ ਹੈ। ਅਕਸਰ, ਸਵੈ-ਜੀਵਨੀ ਵਿਚ ਲੇਖਕ/ਲੇਖਿਕਾ ਦੇ ਕੁਝ ਸਾਰਥਕ ਤੇ ਅਹਿਮ ਜੀਵਨਗਤ-ਵੇਰਵਿਆਂ ਤੇ ਘਟਨਾਵਾਂ ਨੂੰ ਹੀ ਸ਼ਾਮਲ ਕੀਤਾ ਜਾਂਦਾ ਹੈ। ਇਸ ਦ੍ਰਿਸ਼ਟੀ ਤੋਂ ਦੇਖਿਆਂ 'ਖ਼ਾਨਾਬਦੋਸ਼' ਰਚਨਾ ਵਿਚ ਪੇਸ਼ ਹਾਦਸਿਆਂ ਦੀ ਆਪਣੀ ਵਿਸ਼ੇਸ਼ ਅਹਿਮੀਅਤ ਤੋਂ ਸਹਿਜੇ ਕੀਤਿਆਂ ਮੁਨਕਰ ਨਹੀਂ ਹੋਇਆ ਜਾ ਸਕਦਾ। ਇਹ ਹਾਦਸੇ, ਅਜੀਤ ਕੌਰ ਦੀ ਜ਼ਿੰਦਗੀ ਵਿਚ ਕੁਝ ਘਟਨਾਵਾਂ ਦੇ ਰੂਪ ਵਿਚ ਵਾਪਰਦੇ ਹਨ। ਸਿੱਟੇ ਵਜੋਂ, ਉਸ ਦੀ ਜ਼ਿੰਦਗੀ ਵਿਚ ਕਈ ਨਵੇਂ ਮੋੜ ਆਉਂਦੇ ਹਨ ਜੋ ਉਸ ਦੀ ਸਮੁੱਚੀ ਸ਼ਖ਼ਸੀਅਤ ਤੇ ਜੀਵਨ-ਜਾਚ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਭਾਵਿਤ ਕਰਦੇ ਹਨ। ਇਨ੍ਹਾਂ ਹਾਦਸਿਆਂ (ਘਟਨਾਵਾਂ) ਦੀ ਆਪਣੀ ਵਿਸ਼ੇਸ਼ ਸਾਰਥਕਤਾ ਤੇ ਅਹਿਮੀਅਤ ਦਾ ਅੰਦਾਜ਼ਾ, ਇਸ ਗੱਲ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ ਇਨ੍ਹਾਂ ਵਿਚ ਲੇਖਿਕਾ ਦੇ ਜੀਵਨ ਦਾ ਮਹਾਂ-ਦ੍ਰਿਸ਼ ਪੇਸ਼ ਕਰਨ ਦੀ ਸਮਰੱਥਾ ਹੈ।

ਜਿਥੋਂ ਤੱਕ 'ਖ਼ਾਨਾਬਦੋਸ਼' ਦੇ ਰਚਨਾ-ਵਿਧਾਨ ਦਾ ਸੁਆਲ ਹੈ, ਉਹ ਆਪਣੇ ਆਪ ਵਿਚ ਇਕ ਵਰਣਨਯੋਗ ਨੁਕਤਾ ਹੈ। ਲੇਖਿਕਾ ਨੇ ਆਪਣੀ ਇਸ ਰਚਨਾ ਨੂੰ ਸੁਚੇਤ ਪੱਧਰ 'ਤੇ ਹੇਠ ਲਿਖੇ ਸੱਤ ਕਾਂਡਾਂ ਵਿਚ ਤਕਸੀਮ ਕੀਤਾ ਹੋਇਆ ਹੈ :

1. ਵਨ ਜ਼ੀਰੋ ਵਨ
2. ਸਫ਼ੈਦ ਤੇ ਕਾਲੀ ਹਵਾ ਦੀ ਦਾਸਤਾਨ
3. ਖ਼ਾਨਾਬਦੋਸ਼
4. ਹਾਦਸਿਆਂ ਦਾ ਹਜ਼ੂਮ
5. ਘੋਗਾ ਤੇ ਸਮੁੰਦਰ
6. ਸੱਤ ਨੀਮ-ਕਸ਼ ਤੀਰ
7. ਕਿੱਸਾ ਇਕ ਕਿਆਮਤ ਦਾ....

ਰਚਨਾ ਦੀ ਇਨ੍ਹਾਂ ਸੱਤ ਕਾਂਡਾਂ ਵਿਚ ਹੋਈ ਇਸ ਤਕਸੀਮ ਪ੍ਰਤੀ ਲੇਖਿਕਾ ਕਾਫ਼ੀ ਚੇਤੰਨ ਹੈ। ਇਥੋਂ ਤੱਕ ਕਿ ਉਸਨੇ ਇਨ੍ਹਾਂ ਕਾਂਡਾਂ ਦੇ ਨਾਮ ਵੀ ਪ੍ਰਤੀਕਾਤਮਕ ਰਖੇ ਹਨ। ਰਚਨਾ ਦਾ ਹਰ ਕਾਂਡ ਲੇਖਿਕਾ ਦੇ ਕਿਸੇ ਨਾ ਕਿਸੇ ਜੀਵਨਗਤ ਵੇਰਵੇ ਜਾ ਘਟਨਾ ਨੂੰ ਆਪਣੇ ਅੰਦਰ ਸਮੋਈ ਬੈਠਾ ਹੈ। ਹੱਥਲੀ ਰਚਨਾ ਵਿਚ ਪੇਸ਼ ਉਸ ਦੇ ਜੀਵਨ ਦਾ ਹਰ ਵੇਰਵਾ ਆਪਣੇ ਚੌਗਿਰਦੇ ਨਾਲ ਨਿਰਪੇਖ ਨਹੀਂ, ਸਗੋਂ ਸਾਪੇਖ ਸੰਬੰਧਾਂ ਵਿਚ ਬੱਝਿਆ ਨਜ਼ਰ ਆਉਂਦਾ ਹੈ। ਗਹੁ ਨਾਲ ਦੇਖਿਆਂ ਪਤਾ ਚਲਦਾ ਹੈ ਕਿ ਇਸ ਰਚਨਾ ਦਾ ਹਰ ਕਾਂਡ ਸੁਤੰਤਰ ਤੇ ਮੁਕੰਮਲ ਵੀ ਹੈ ਅਤੇ ਦੂਸਰੇ ਕਾਂਡਾਂ ਨਾਲ ਅੰਤਰ-ਸੰਬੰਧਾਂ ਵਿਚ ਬਝਿਆ ਪ੍ਰਤੀਤ ਵੀ ਹੁੰਦਾ ਹੈ। ਇਉਂ, ਰਚਨਾ ਵਿਚ ਨਿਰੰਤਰਤਾ ਬਣੀ ਹੀ ਰਹਿੰਦੀ ਹੈ। ਅਸਲ ਵਿਚ, ਇਹ ਨਾਵਲ ਦੀ ਇਕ ਜਾਣੀ-ਪਛਾਣੀ ਤਕਨੀਕ ਹੈ, ਜਿਸ ਨੂੰ ਅਜੀਤ ਕੌਰ ਨੇ ਇਥੇ ਵਰਤੋਂ ਵਿਚ ਲਿਆਉਂਦਾ ਹੈ। ਇਸ ਨਿਰੰਤਰਤਾ ਨੂੰ ਬਣਾਏ ਰਖਣ ਲਈ ਉਹ ਕੁਝ ਅਜਿਹੇ ਫ਼ਿਕਰਿਆਂ ਦੀ ਬਾਰ ਬਾਰ ਵਰਤੋਂ ਕਰਦੀ ਹੈ :

—ਖ਼ੈਰ, ਇਹ ਸਾਰੀਆਂ ਗੱਲਾਂ ਤੁਹਾਨੂੰ ਮਗਰੋਂ ਦੱਸਾਂਗੀ। (ਪੰਨਾ 101)
—ਪਰ, ਉਹ ਗੱਲ ਮੈਂ ਤੁਹਾਨੂੰ ਫੇਰ ਕਦੇ ਸੁਣਾਵਾਂਗੀ। (ਪੰਨਾ 108)
—ਇਸ ਗੱਲ ਦੀ ਵੀ ਵਜ੍ਹਾ ਸੀ। ਪਰ ਉਹ ਤੁਹਾਨੂੰ ਮਗਰੋਂ ਦੱਸਾਂਗੀ। (ਪੰਨਾ 160)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

—ਪਰ, ਬਲਰਾਜ ਸਾਹਣੀ ਨਾਲ ਆਪਣੀ ਦੋਸਤੀ ਦੀ ਗੱਲ ਮੈਂ ਤੁਹਾਨੂੰ ਫੇਰ ਕਦੇ ਸੁਣਾਵਾਂਗੀ । (ਪੰਨਾ 169)

ਇਨ੍ਹਾਂ ਫ਼ਿਕਰਿਆਂ 'ਚੋਂ ਵਾਅਦਿਆਂ ਦੇ ਸੁਰ ('ਫੇਰ ਕਦੇ ਸੁਣਾਵਾਂਗੀ' ਤੇ 'ਤੁਹਾਨੂੰ ਮਗਰੋਂ ਦੱਸਾਂਗੀ' ਆਦਿ) ਬੁਲੰਦ ਹੁੰਦੇ ਹਨ। ਇਹ ਵਾਅਦੇ ਪਾਠਕ ਨਾਲ ਕੀਤੇ ਜਾ ਰਹੇ ਹਨ—ਸਿੱਧੇ ਤੌਰ 'ਤੇ ਅਤੇ ਬਾਰ ਬਾਰ। ਇਨ੍ਹਾਂ ਵਾਅਦਾ-ਨੁਮਾ ਫ਼ਿਕਰਿਆਂ ਵਿਚ ਅਪਣੱਤ ਵੀ ਹੈ । ਅਸਲ ਵਿਚ ਲੇਖਿਕਾ, ਆਪਣੇ ਪਾਠਕ ਨਾਲ ਇਕ ਚਿਰਜੀਵੀ ਸਾਂਝ ਤੇ ਅਪਣੱਤ ਕਾਇਮ ਕਰਨਾ ਲੋਚਦੀ ਹੈ । ਇਸ ਅਪਣੱਤ ਦੇ ਰਿਸ਼ਤੇ ਨੂੰ ਬਣਾਏ ਰਖਣ ਲਈ ਉਹ ਸੰਬੋਧਨੀ ਜੁਗਤ ਦੀ ਵਰਤੋਂ ਵੀ ਕਰਦੀ ਹੈ। ਥਾਂ ਥਾਂ ਉਹ ਆਪਣੇ ਪਾਠਕਾਂ ਨੂੰ ਦੋਸਤੋ, ਮਿਹਰਬਾਨੋ, ਯਾਰੋ ਆਦਿ ਸ਼ਬਦਾਂ ਰਾਹੀਂ ਇਉਂ ਸੰਬੋਧਨ ਕਰਦੀ ਹੈ :

—"ਪਰ ਕਸਮ ਖਾਂਦੀ ਹਾਂ, **ਦੋਸਤੋ,** ਜਿਸ ਵੇਲੇ ਉਸ ਬਕਸੇ ਨੂੰ ਕਿੱਲਾਂ ਨਾਲ ਬੰਦ ਕੀਤਾ ਜਾ ਰਿਹਾ ਸੀ...।" (ਪੰਨਾ 45)

—"ਨਹੀਂ, ਮੈਂ ਕਤਲ ਨਹੀਂ ਕੀਤਾ, **ਦੋਸਤੋ** ।" (ਪੰਨਾ 60)

—"ਤੇ ਰੋਟੀ ? ਰੋਟੀ ਵੀ ਕੋਈ ਚੀਜ਼ ਏ **ਯਾਰੋ** !" (ਪੰਨਾ 189)

—"ਪਰ ਮਰਦਾ ਬੰਦਾ ਆਕਸੀਜਨ ਦੇ ਪੈਸਿਆਂ ਦੀ ਗਿਣਤੀ ਕਰਨ ਲੱਗੇਗਾ, ਤਾਂ **ਮਿਹਰਬਾਨੋ** ਮਰੇਗਾ ਹੀ ।" (ਪੰਨ 155)

—"ਇਹੋ ਜਿਹੇ ਗੁਨਾਹਗਾਰਾਂ ਨੂੰ, **ਦੋਸਤੋ**, ਭਰੇ ਚੁਰਾਹੇ ਵਿਚ ਸੂਲੀ ਚੜ੍ਹਨਾ ਪੈਂਦਾ ਏ ।" (ਪੰਨਾ 131)

—"ਬਹਿਕਣ ਲੱਗਾਂ, ਤਾਂ ਚੁਪ ਚਾਪ ਹੁੰਗਾਰਾ ਈ ਨਾ ਭਰਦੇ ਰਿਹਾ ਕਰੋ, ਰਤਾ ਕੁ ਟੋਕ ਕੇ ਯਾਦ ਵੀ ਕਰਵਾ ਦਿਆ ਕਰੋ **ਮਿਹਰਬਾਨੋ** !" (ਪੰਨਾ 99)

ਭਾਵੇਂ, ਅਜੀਤ ਕੌਰ ਨੇ ਇਸ ਰਚਨਾ ਵਿਚ ਇਨ੍ਹਾਂ ਸੰਬੋਧਨੀ ਸ਼ਬਦਾਂ ਤੇ ਫ਼ਿਕਰਿਆਂ ਦੀ ਵਰਤੋਂ ਇਕ ਜੁਗਤ ਦੇ ਤੌਰ 'ਤੇ ਕੀਤੀ ਹੈ। ਪਰ, ਇਨ੍ਹਾਂ ਦੀ ਬਾਰ ਬਾਰ ਵਰਤੋਂ ਬਹੁਤ ਅੱਖਰਦੀ ਹੈ। ਇਸ ਜੁਗਤ ਦੀ, ਰਚਨਾ ਵਿਚ ਹੋਈ ਲੋੜ ਤੋਂ ਵੱਧ ਵਰਤੋਂ, ਰਚਨਾ ਦੇ ਪ੍ਰਭਾਵ ਨੂੰ ਪੇਤਲਾ ਬਣਾ ਕੇ ਰਖ ਦਿੰਦੀ ਹੈ। ਇਉਂ ਲੱਗਦੈ ਜਿਵੇਂ ਲੇਖਿਕਾ ਕਿਸੇ 'ਕੰਪਲੈਕਸ' ਵਿਚੋਂ ਬੋਲ ਰਹੀ ਹੋਵੇ। 'ਖ਼ਾਨਾਬਦੋਸ਼' ਵਿਚੋਂ ਅਜਿਹੀਆਂ ਬੇਅੰਤ ਮਿਸਾਲਾਂ ਪੇਸ਼ ਕੀਤੀਆਂ ਜਾ ਸਕਦੀਆਂ ਹਨ, ਜਿਨ੍ਹਾਂ ਵਿਚ ਅਜਿਹੇ ਭਿੰਨ ਭਿੰਨ ਸੰਬੋਧਨੀ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਭਾਵੇਂ, ਸੰਬੋਧਨੀ ਲਹਿਜਾ, ਅਜੀਤ ਕੌਰ ਦੀ ਇਸ ਰਚਨਾ ਦਾ ਇਕ ਮੌਲਿਕ ਤੇ ਨਵੇਕਲਾ ਤੱਤ ਜ਼ਰੂਰ ਹੈ, ਪਰ, ਇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਤੱਤ) ਰਚਨਾ ਉਪਰ ਭਾਰੂ ਹੋ ਗਿਆ ਜਾਪਦਾ ਹੈ।

ਇਸ ਸਭ ਕੁਝ ਦੇ ਬਾਵਜੂਦ ਵੀ 'ਖ਼ਾਨਾਬਦੋਸ਼' ਰਚਨਾ ਵਿਚ ਕੁਝ ਅਜਿਹੇ ਤੱਤ ਵੀ ਮੌਜੂਦ ਹਨ, ਜੋ ਰਚਨਾ ਦੀ ਰੌਚਕਤਾ ਤੇ ਕਲਾਤਮਕਤਾ ਨੂੰ ਬਣਾਈ ਰਖਦੇ ਹਨ। ਇਥੇ ਲੇਖਿਕਾ ਆਪਣੇ ਆਪ ਨੂੰ ਇਕ 'ਕਿੱਸਾ ਗ਼ੋ' ਦੇ ਰੂਪ ਵਿਚ ਪੇਸ਼ ਕਰਨ ਦੇ ਯਤਨ ਵਿਚ ਹੈ :

—''ਬਾਰਾਂ ਵਰ੍ਹਿਆਂ ਮਗਰੋਂ ਰੂੜੀ ਦੀ ਜ਼ਰੂਰ ਸੁਣੀ ਜਾਂਦੀ ਹੋਵੇ, ਪਰ ਦੋਸਤੋ, ਤੁਹਾਡੀ **ਕਿੱਸਾਗ਼ੋ** ਦੀ ਨਹੀਂ ਸੁਣੀ ਗਈ।'' (ਪੰਨਾ 112)

—''ਪਰ ਮੈਂ ਤਾਂ ਕਵੀ ਨਹੀਂ ਹਾਂ ਦੋਸਤੋ। ਮੈਂ ਤਾਂ ਸਪਾਟ ਤੇ ਸਿਧੀ **ਕਿੱਸਾ-ਗ਼ੋ** ਹਾਂ।'' (ਪੰਨਾ 71)

ਇਉਂ ਅਜੀਤ ਕੌਰ ਇਥੇ ਇਕ 'ਕਿੱਸਾ ਗ਼ੋ' ਦੀ ਤਰ੍ਹਾਂ ਆਪਣੇ ਮਾਨਸਿਕ ਸੰਤਾਪ ('ਦਰਦ' ਤੇ 'ਇਕਲਾਪੇ' ਨਾਲ ਸੰਬੰਧਿਤ ਵੇਰਵੇ) ਨੂੰ ਬਿਆਨ ਕਰਨ ਦੇ ਆਹਰ ਵਿਚ ਹੈ। ਇਸ ਬਿਆਨ ਲਈ ਉਹ ਸਹਿਜੇ ਹੀ ਨਾਵਲੀ ਜੁਗਤ 'ਪਿੱਛੇ ਮੁੜ ਕੇ ਵੇਖਦੀ ਹਾਂ' ਦੀ ਵਰਤੋਂ ਕਰ ਗਈ ਨਜ਼ਰ ਆਉਂਦੀ ਹੈ। ਪਿੱਛਲਝਾਤ ਦੀ ਇਹ ਨਾਵਲੀ ਜੁਗਤ ਦੀ ਵਰਤੋਂ ਹੱਥਲੀ ਰਚਨਾ ਵਿਚ ਇਕ ਤੋਂ ਵੱਧ ਵਾਰ ਹੋਈ ਹੈ। ਅਸਲ ਵਿਚ, ਰਚਨਾ ਦਾ ਅਰੰਭ ਹੀ ਜਿਸ ਅੰਦਾਜ਼ ਤੇ ਵਿਧੀ ਨਾਲ ਹੋਇਆ ਹੈ— ਉਹੋ ਸ਼ੁਰੂ ਸ਼ੁਰੂ ਵਿਚ ਦਿਸਦੇ ਨਾਵਲ ਹੋਣ ਦਾ ਭੁਲੇਵਾਂ ਸਿਰਜਦਾ ਹੈ :

''ਪਿੱਛੇ ਮੁੜ ਵੇਖਦੀ ਹਾਂ ਤਾਂ ਮੇਰੇ ਪੈਰਾਂ ਦੀਆਂ ਅੱਡੀਆਂ ਤੋਂ ਸ਼ੁਰੂ ਹੋ ਕੇ ਦੂਰ ਦੁਮੇਲ ਤੱਕ ਸਿਰਫ ਅੱਗ ਦੀਆਂ ਸੁਰਖ਼ ਲਾਟਾਂ ਭਾਂਬੜ ਬਣ ਕੇ ਬਲਦੀਆਂ ਨਜ਼ਰ ਆਉਂਦੀਆਂ ਨੇ। ਜੀਅ ਕਰਦਾ ਏ, ਡਾਇਲ ਘੁਮਾਂਦੀ ਜਾਵਾਂ 'ਵਨ ਜ਼ੀਰੋ ਵਨ'। ਇਸ ਨੰਬਰ 'ਤੇ ਫ਼ੋਨ ਕੀਤਿਆਂ ਅੱਗ ਬੁਝਾਣ ਵਾਲੇ ਆ ਜਾਂਦੇ ਨੇ। ਤੇ ਮਨ ਵਿਚ ਮੈਂ ਰੋਜ਼ ਖ਼ਵਰੇ ਪੰਜਾਹ ਵਾਰੀ ਇਹ ਨੰਬਰ ਘੁਮਾਂਦੀ ਹਾਂ—'ਵਨ ਜ਼ੀਰੋ ਵਨ'।'' (ਪੰਨਾ 9)

ਪਰ, ਕੁਝ ਚਿਰ ਮਗਰੋਂ ਝੱਟ ਹੀ ਇਸ ਰਚਨਾ ਦੇ ਸਵੈ-ਜੀਵਨੀ ਹੋਣ ਬਾਰੇ ਸੂਚਨਾ ਮਿਲ ਜਾਂਦੀ ਹੈ। ਖ਼ਾਸ ਕਰਕੇ, ਜਦੋਂ ਉਸੇ ਪੰਨੇ 'ਤੇ ਉਹ ਇਹ ਲਿਖਦੀ ਹੈ :

''ਪਿੱਛੇ ਤੁਰਨਾ ਬਹੁਤ ਦੇਰ ਤੋਂ ਟਾਲ ਰਹੀ ਸਾਂ। ਅੰਮ੍ਰਿਤਾ ਨੇ ਮੇਰਾ ਮੂੰਹ ਪਿਛਾਂਹ ਕਰ ਕੇ ਮੈਨੂੰ ਧੱਕਾ ਦੇ ਦਿੱਤਾ ਏ, ''ਤੁਰ!'' ਸੋ ਦੋਸਤੋ, ਇਸ ਅੱਗ ਦਾ ਸਫ਼ਰ ਤੁਹਾਨੂੰ ਵੀ ਮੇਰੇ ਨਾਲ ਹੀ ਕਰਨਾ ਪਏਗਾ।'' (ਪੰਨਾ 9)

ਪਰ, ਫਿਰ ਵੀ ਇਸ ਰਚਨਾ ਵਿਚੋਂ ਨਾਵਲ ਵਾਲਾ ਸੁਆਦ ਆਉਂਦਾ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਹਿੰਦਾ ਹੈ । ਇਸ ਦਾ ਇਕ ਕਾਰਣ ਇਹ ਵੀ ਹੋ ਸਕਦਾ ਹੈ ਕਿ ਇਥੇ ਅਜੀਤ ਕੌਰ ਨੇ ਲੇਖ ਜਾਂ ਨਿਬੰਧ ਦੀ ਭਾਸ਼ਾ ਦੀ ਥਾਂ ਗਲਪੀ-ਭਾਸ਼ਾ ਨੂੰ ਵਰਤੋਂ ਵਿਚ ਲਿਆਉਂਦਾ ਹੈ । ਇਹ ਵਰਤੋਂ ਸੁਚੇਤ ਪੱਧਰ 'ਤੇ ਨਹੀਂ, ਸਗੋਂ ਅਚੇਤ ਪੱਧਰ 'ਤੇ ਹੋਈ ਨਜ਼ਰ ਆਉਂਦੀ ਹੈ । ਕਿਉਂਕਿ, ਇਹ ਵਰਤੋਂ ਬਹੁਤ ਸਹਿਜ ਰੂਪ ਵਿਚ ਹੋਈ ਹੈ । ਇਸ ਵਿਚ ਕੋਈ ਉਚੇਚ ਨਜ਼ਰ ਨਹੀਂ ਆਉਂਦਾ । ਅੰਮ੍ਰਿਤਾ ਤੇ ਟਿਵਾਣਾ ਦੀ ਤਰ੍ਹਾਂ ਅਜੀਤ ਕੌਰ ਵੀ ਪੰਜਾਬੀ ਦੀ ਇਕ ਜਾਣੀ-ਪਛਾਣੀ ਗਲਪਕਾਰ ਹੈ । ਸੋ ! ਇਥੇ ਗਲਪੀ-ਭਾਸ਼ਾ ਤੇ ਗਲਪੀ-ਸ਼ੈਲੀ ਦਾ ਪ੍ਰਯੋਗ ਬਹੁਤਾ ਅਜੀਬ ਨਹੀਂ ਲੱਗਦਾ । ਸਗੋਂ, ਇਹ ਇਕ ਅਜਿਹਾ ਤੱਤ ਹੈ ਜੋ ਰਚਨਾ ਵਿਚ ਵਧੇਰੇ ਰੌਚਕਤਾ ਪੈਦਾ ਕਰਦਾ ਹੈ ਅਤੇ ਉਸਦੀ ਕਲਾਤਮਕਤਾ ਵਿਚ ਨਿਖਾਰ ਲਿਆਉਂਦਾ ਹੈ । ਜਿਵੇਂ ਕਿ ਪਹਿਲਾਂ ਵੀ ਜ਼ਿਕਰ ਕੀਤਾ ਜਾ ਚੁੱਕਿਆ ਹੈ ਕਿ 'ਖ਼ਾਨਾਬਦੋਸ਼' ਰਚਨਾ ਦੇ ਹਰ ਕਾਂਡ ਦਾ ਸਿਰਲੇਖ ਬੁਨਿਆਦੀ ਤੌਰ 'ਤੇ ਪ੍ਰਤੀਕਾਤਮਕ ਹੈ । ਇਹ ਤੱਥ ਵੀ ਇਸ ਸਵੈ-ਜੀਵਨੀ ਨਾਲ ਸੰਬੰਧਿਤ, ਗਲਪੀ-ਅੰਦਾਜ਼ ਦਾ ਸੂਚਕ ਹੈ । ਇਸ ਸਭ ਕੁਝ ਵਿਚੋਂ ਅਜੀਤ ਕੌਰ ਦੇ ਅੰਦਾਜ਼-ਏ-ਬਿਆਂ ਦੀ ਵਿਲੱਖਣਤਾ ਉਭਰ ਕੇ ਸਾਹਮਣੇ ਆ ਜਾਂਦੀ ਹੈ । ਪ੍ਰਤੀਕਾਤਮਕ ਤੇ ਰੂਪਕੀ ਭਾਸ਼ਾ ਦੀ ਵਰਤੋਂ, ਇਸ ਰਚਨਾ ਵਿਚ ਰੱਜ ਕੇ ਹੋਈ ਹੈ । ਭਾਸ਼ਾ ਦੀ ਇਸ ਵਰਤੋਂ ਕਰਕੇ ਹੀ ਇਹ ਰਚਨਾ, ਕਲਾਤਮਕਤਾ ਦੀਆਂ ਸ਼ਿਖਰਾਂ ਨੂੰ ਛੂੰਹਦੀ ਪ੍ਰਤੀਤ ਹੁੰਦੀ ਹੈ ।

ਜਿੱਥੋਂ ਤੱਕ 'ਖ਼ਾਨਾਬਦੋਸ਼' ਦੇ ਰਚਨਾ-ਵਿਧਾਨ ਦਾ ਸੰਬੰਧ ਹੈ, ਉਸ ਸੰਬੰਧੀ ਪਹਿਲਾ ਵੀ ਜ਼ਿਕਰ ਹੋਇਆ ਹੈ ਕਿ ਲੇਖਿਕਾ ਨੇ ਸੁਚੇਤ ਪੱਧਰ 'ਤੇ ਇਸ ਰਚਨਾ ਨੂੰ ਸੱਤ ਕਾਂਡਾਂ ਵਿਚ ਤਕਸੀਮ ਕੀਤਾ ਹੈ । ਹਰ ਕਾਂਡ ਦਾ ਸਿਰਲੇਖ, ਆਪਣੇ ਆਪ ਵਿਚ ਪ੍ਰਤੀਕਾਤਮਕ ਹੋਣ ਦੀ ਰੁਚੀ ਰਖਦਾ ਹੈ । ਰਚਨਾ ਦਾ ਪਹਿਲਾ ਕਾਂਡ '**ਵਨ ਜ਼ੀਰੋ ਵਨ**' ਸੰਨ 1974 ਵਿਚ ਵਾਪਰੇ ਇਕ ਦੁਖਦਾਈ ਹਾਦਸੇ ਨਾਲ ਸੰਬੰਧਿਤ ਹੈ, ਜਿਸ ਵਿਚ ਲੇਖਿਕਾ ਦੀ ਬਹੁਤ ਪਿਆਰੀ ਬੇਟੀ ਕੈਂਡੀ ਦੀ ਅਚਾਨਕ ਅੱਗ ਲੱਗ ਜਾਣ ਕਾਰਣ ਮੌਤ ਹੋ ਗਈ ਸੀ । ਦੂਸਰਾ ਕਾਂਡ '**ਸਫ਼ੇਦ ਤੇ ਕਾਲੀ ਹਵਾ ਦੀ ਦਾਸਤਾਨ**' 1951-52 ਵਿਚ ਵਾਪਰੀ ਘਟਨਾ—ਇਕ ਮਹਿਬੂਬ ਦੋਸਤ ਬਲਦੇਵ ਨਾਲ ਕੀਤੇ ਇਸ਼ਕ ਤੇ ਵਿਛੋੜੇ ਦੇ ਬਿਆਨ ਨਾਲ ਸੰਬੰਧਿਤ ਹੈ । ਰਚਨਾ ਦੇ ਤੀਸਰੇ ਕਾਂਡ '**ਖ਼ਾਨਾਬਦੋਸ਼**' ਵਿਚ ਲੇਖਿਕਾ ਦੇ ਬਚਪਨ, ਮੂੰਆਂ ਦੀ ਮੌਤ, ਲੇਖਿਕਾ ਦੇ ਵਿਆਹ ਅਤੇ ਮਗਰੋਂ ਵਿਆਹ ਟੁੱਟਣ ਨਾਲ ਸੰਬੰਧਿਤ ਕੁਝ ਘਟਨਾਵਾਂ ਤੇ ਵੇਰਵਿਆਂ ਦਾ ਬਿਆਨ ਹੈ । ਚੌਥਾ ਕਾਂਡ '**ਹਾਦਸਿਆਂ ਦਾ ਹਜੂਮ**' ਪੰਜਾਬ ਸਰਕਾਰ ਦੇ ਅਵਿਵ-ਸਥਿਤ ਸਰਕਾਰੀ ਢਾਂਚੇ ਉਪਰ ਤਿਖ਼ੀ ਚੋਟ ਹੈ । ਅੱਗਲੇ ਤਿੰਨੋ ਕਾਂਡਾਂ '**ਘੋਗਾ ਤੇ ਸਮੁੰਦਰ**', '**ਸੱਤ ਨੀਮ-ਕਸ਼ ਤੀਰ**', '**ਕਿੱਸਾ ਇਕ ਕਿਆਮਤ ਦਾ...**' ਵਿਚ ਲੇਖਿਕਾ ਦੇ ਓਮਾ, ਯਾਨੀ ਓਮ ਪਰਕਾਸ਼ ਨਾਂ ਦੇ ਇਕ ਵਿਅੱਕਤੀ ਨਾਲ ਹੋਏ ਅਸਫ਼ਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰੇਮ, ਨਾਲ ਸੰਬੰਧਿਤ ਨਿੱਕੀਆਂ ਨਿੱਕੀਆਂ ਘਟਨਾਵਾਂ ਦਾ ਚਿਤਰਣ ਹੈ । ਇਉਂ ਅਸੀਂ ਦੇਖਦੇ ਹਾਂ ਕਿ ਲੇਖਿਕਾ ਅਜੀਤ ਕੌਰ ਨੇ ਇਥੇ ਆਪਣੇ ਜੀਵਨ ਨਾਲ ਸੰਬੰਧਿਤ ਕੁਝ ਪ੍ਰਤੀਨਿਧ ਤੇ ਅਹਿਮ ਹਾਦਸਿਆਂ ਨੂੰ ਰਚਨਾ ਦੇ ਇਨ੍ਹਾਂ ਸੱਤਾਂ ਕਾਂਡਾਂ ਰਾਹੀਂ ਪੇਸ਼ ਕੀਤਾ ਹੈ। 215 ਪੰਨਿਆਂ ਦੀ ਇਸ ਛੋਟੀ ਜਿਹੀ ਪੁਸਤਕ ਦੇ ਸੱਤੋ ਕਾਂਡ ਲੇਖਿਕਾ ਦੇ ਜੀਵਨ-ਕਾਲ ਦੇ ਕਰੀਬ ਪੰਜਾਹ ਵਰ੍ਹਿਆਂ ਉਪਰ ਫੈਲੇ ਹੋਏ ਹਨ। ਅਰਥਾਤ, 'ਖ਼ਾਨਾਬਦੋਸ਼' ਰਚਨਾ, ਲੇਖਿਕਾ ਦੇ ਜੀਵਨ ਨਾਲ ਸੰਬੰਧਿਤ ਪੰਜਾਹ ਵਰ੍ਹਿਆਂ ਦੇ ਇਤਿਹਾਸ ਨੂੰ ਆਪਣੇ ਅੰਦਰ ਸਮੋਈ ਬੈਠੀ ਹੈ। ਮੋਟੇ ਤੌਰ 'ਤੇ ਇਸ ਰਚਨਾ ਵਿਚ ਚਾਰ-ਪੰਜ ਹਾਦਸਿਆਂ ਦਾ ਹੀ ਚਿੱਤਰਣ ਹੋਇਆ ਹੈ। ਇਸ ਦੇ ਨਾਲ ਕੁਝ ਦੂਸਰੇ ਜੀਵਨਗਤ ਵੇਰਵੇ ਵੀ ਸੰਕੇਤ ਮਾਤਰ ਚਰਚਾ ਦਾ ਵਿਸ਼ਾ ਬਣ ਗਏ ਹਨ । ਇਨ੍ਹਾਂ ਹਾਦਸਿਆਂ ਦੀ ਪੇਸ਼ਕਾਰੀ ਦੀ ਤਰਤੀਬ ਆਪਣੇ ਆਪ ਵਿਚ ਇਕ ਮਹੱਤਵਪੂਰਣ ਨੁਕਤਾ ਹੈ। ਇਸ ਤਰਤੀਬ ਵਿਚੋਂ ਲੇਖਿਕਾ ਦੀ ਕਲਾਤਮਕ ਵਿਲੱਖਣਤਾ ਉਭਰ ਕੇ ਸਾਹਮਣੇ ਆਉਂਦੀ ਹੈ। 'ਖ਼ਾਨਾਬਦੋਸ਼' ਵਿਚ ਪੇਸ਼ ਇਨ੍ਹਾਂ ਹਾਦਸਿਆਂ ਦੀ ਤਰਤੀਬ, ਸਾਧਾਰਣ ਕਾਲ-ਕ੍ਰਮ ਦੀ ਸਿੱਧੀ ਵਿਕਾਸ-ਰੇਖਾ ਦੇ ਅਨੁਸਾਰੀ ਨਹੀਂ । ਸਗੋਂ, ਪਿੱਛਲਝਾਤ ਦੀ ਜੁਗਤ ਰਾਹੀਂ, ਇਸ ਵਿਕਾਸ-ਰੇਖਾ ਨੂੰ ਤੋੜ ਕੇ ਇਕ ਵੱਖਰੇ ਪ੍ਰਕਾਰ ਦੀ ਤਰਤੀਬ ਸਿਰਜੀ ਗਈ ਹੈ। ਮਿਸਾਲ ਵਜੋਂ, ਰਚਨਾ ਦਾ ਪਹਿਲਾ ਕਾਂਡ ਸੰਨ 1974 (ਨੇੜਲੇ ਅਤੀਤ) ਵਿਚ ਵਾਪਰੇ ਕੈਂਡੀ ਦੇ ਜਲ ਮਰਨ ਦੇ ਹਾਦਸੇ ਨਾਲ ਸੰਬੰਧ ਰਖਦਾ ਹੈ ਅਤੇ ਆਖਰੀ ਤਿੰਨ ਕਾਂਡਾਂ ਵਿਚ ਸੰਨ 1971 ਵਿਚ ਲੇਖਿਕਾ ਦੇ ਓਮਾ ਨਾਲ ਹੋਏ ਇਸ਼ਕ-ਵਿਛੋੜੇ ਦੇ ਹਾਦਸੇ ਦਾ ਬਿਆਨ ਦਰਜ ਹੈ । ਦੂਸਰਾ ਕਾਂਡ, ਸੰਨ 1951-52 ਵਿਚ ਹੋਏ ਲੇਖਿਕਾ ਦੇ ਬਲਦੇਵ ਨਾਲ ਪ੍ਰੇਮ-ਵਿਛੋੜੇ ਦੀ ਦਾਸਤਾਨ ਨਾਲ ਸੰਬੰਧ ਰਖਦਾ ਹੈ। ਤੀਸਰਾ ਕਾਂਡ, ਬਚਪਨ, ਵਿਆਹ ਤੇ ਵਿਆਹ ਦੇ ਟੁੱਟਣ ਦੀਆਂ ਘਟਨਾਵਾਂ ਨਾਲ ਓਤਪੋਤ ਹੈ। ਚੌਥੇ ਕਾਂਡ ਵਿਚ ਫਿਰ, ਸੰਨ 1972 ਵਿਚ 'ਰੂਪੀ ਟ੍ਰੇਡਰ' ਲਈ ਸਰਕਾਰੀ ਪਬਲਿਸਿਟੀ ਮੈਟੀਰੀਅਲ ਦੇ ਸੰਬੰਧ ਵਿਚ ਪਏ ਘਾਟੇ ਦੀ ਘਟਨਾ ਦਾ ਬਿਆਨ ਹੈ। ਇਉਂ ਹੱਥਲੀ ਰਚਨਾ ਦਾ ਕਾਲ-ਕ੍ਰਮ, ਵਾਸਤਵਿਕ ਕਾਲ-ਕ੍ਰਮ ਦੀ ਰੇਖਾ ਨਾਲ ਮੇਲ ਖਾਂਦਾ ਪ੍ਰਤੀਤ ਨਹੀਂ ਹੁੰਦਾ। ਵੱਖ ਵੱਖ ਹਾਦਸਿਆਂ ਦਾ ਜ਼ਿਕਰ ਕਰਦੇ ਸਮੇਂ ਲੇਖਿਕਾ ਬਾਰ ਬਾਰ ਅਤੀਤ ਤੋਂ ਵਰਤਮਾਨ ਅਤੇ ਵਰਤਮਾਨ ਤੋਂ ਅਤੀਤ ਤੱਕ ਦਾ ਸਫ਼ਰ ਤੈਅ ਕਰਦੀ ਹੈ। ਹਰ ਮੁੱਖ ਹਾਦਸੇ ਦੇ ਨਾਲ ਨਾਲ ਉਹ ਆਪਣੇ ਜੀਵਨ ਤੇ ਚੌਗਿਰਦੇ ਨਾਲ ਸੰਬੰਧਿਤ ਕਈ ਨਿੱਕੀਆਂ ਨਿੱਕੀਆਂ ਗੱਲਾਂ ਨੂੰ ਵੀ ਚਰਚਾ ਦਾ ਵਿਸ਼ਾ ਬਣਾਉਂਦੀ ਹੈ। ਸਿੱਟੇ ਵਜੋਂ, ਰਚਨਾ ਦਾ ਕਲਾ-ਪੱਖ ਹੋਰ ਵੀ ਉਘੜ ਕੇ ਸਾਹਮਣੇ ਆਉਂਦਾ ਹੈ ਅਤੇ ਰੌਚਕਤਾ ਵੀ ਨਿਰੰਤਰ ਬਣੀ ਰਹਿੰਦੀ ਹੈ। ਲੇਖਿਕਾ ਦੇ ਸੰਬੋਧਨੀ ਲਹਿਜੇ ਦੇ ਬਾਰ ਬਾਰ ਦੁਹਰਾਉ ਸਦਕਾ ਰਚਨਾ ਵਿਚ ਜੋ ਅਸੰਤੁਲਨ ਵਾਪਰਦਾ ਹੈ—ਇਹ ਸਾਰੇ ਕਲਾ-ਤੱਤ ਰਲ ਕੇ ਉਸਦੇ ਪ੍ਰਭਾਵ ਨੂੰ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਘਟਾਉਂਦੇ ਨਜ਼ਰ ਆਉਂਦੇ ਹਨ। ਅਸਲ, ਇਨ੍ਹਾਂ ਕਲਾ-ਤੱਤਾਂ ਸਦਕਾ ਹੀ ਰਚਨਾ ਵਿਚ ਸੰਤੁਲਨ ਬਣਿਆ ਰਹਿੰਦਾ ਹੈ। ਖ਼ਾਸ ਕਰਕੇ, ਰਚਨਾ ਵਿਚ ਪੇਸ਼ ਹਾਦਸਿਆਂ ਤੇ ਘਟਨਾਵਾਂ ਦੀ ਇਹ ਕਲਾਤਮਕ ਤਰਤੀਬ, ਇਸ ਸੰਤੁਲਨ ਨੂੰ ਬਣਾਏ ਰਖਣ ਵਿਚ ਇਕ ਅਹਿਮ ਭੂਮਿਕਾ ਨਿਭਾਉਂਦੀ ਹੈ। 'ਖ਼ਾਨਾਬਦੋਸ਼' ਰਚਨਾ ਨਾਲ ਸੰਬੰਧਿਤ ਇਹ ਇਕ ਅਜਿਹਾ ਕੱਲਾ-ਤੱਤ ਹੈ, ਜੋ ਇਸ ਰਚਨਾ ਨੂੰ ਵਧ ਤੋਂ ਵਧ ਸਾਹਿਤਕ ਬਣਾਉਣ ਵਲ ਰੁਚਿਤ ਨਜ਼ਰ ਆਉਂਦਾ ਹੈ। ਸਵੈ-ਜੀਵਨੀ ਦੀ ਵਿਧਾ, ਜਿਹੋ ਜਿਹੀ ਸਾਹਿ-ਤਿਕਤਾ ਤੇ ਇਤਿਹਾਸਕਤਾ ਦੇ ਸੁਮੇਲ ਦੀ ਮੰਗ ਕਰਦੀ ਹੈ...ਉਹ 'ਖ਼ਾਨਾਬਦੋਸ਼' ਰਚਨਾ ਵਿਚ ਬੜੇ ਸਹਿਜ ਰੂਪ ਵਿਚ ਹੋਇਆ ਵੇਖਣ ਨੂੰ ਮਿਲਦਾ ਹੈ। ਇਸ ਪੱਖੋਂ ਇਹ ਰਚਨਾ ਪੰਜਾਬੀ ਦੀਆਂ ਕੁਝ ਕੁ ਚੋਣਵੀਆਂ ਸਵੈ-ਜੀਵਨੀਆਂ ਵਿਚੋਂ ਇਕ ਹੋ ਨਿਬੜਦੀ ਹੈ।

ਭਾਵੇਂ, 'ਖ਼ਾਨਾਬਦੋਸ਼' ਦਾ ਰਚਨਾ-ਵਿਧਾਨ, ਅੰਦਾਜ਼-ਏ-ਬਿਆਂ, ਭਾਸ਼ਾ-ਸ਼ੈਲੀ ਤੇ ਘਟਨਾਵਾਂ ਦੀ ਤਰਤੀਬ ਇਕ ਗਲਪ ਰਚਨਾ ਵਾਲੀ ਹੈ, ਪਰ, ਇਸ ਦੇ ਬਾਵਜੂਦ ਵੀ ਉਹ ਸਾਰੇ ਇਤਿਹਾਸਕ ਤੱਥ, ਜੀਵਨਗਤ-ਵੇਰਵੇ ਤੇ ਦੁਖਦਾਈ ਹਾਦਸਿਆਂ ਦਾ ਚਿਤਰਣ ਇਸ ਵਿਚ ਮੌਜੂਦ ਹੈ, ਜਿਸ ਵਿਚੋਂ ਲੇਖਿਕਾ ਦੇ ਜੀਵਨ, ਜੀਵਨ-ਜਾਚ ਤੇ ਸ਼ਖ਼ਸੀਅਤ ਸੰਬੰਧੀ ਭਰਪੂਰ ਜਾਣਕਾਰੀ ਮਿਲ ਜਾਂਦੀ ਹੈ। ਹੱਥਲੀ ਰਚਨਾ ਵਿਚੋਂ ਪ੍ਰਾਪਤ ਸੂਚਨਾ ਮੁਤਾਬਕ ਲੇਖਿਕਾ ਅਜੀਤ ਕੌਰ ਦਾ ਜਨਮ ਇਕ ਮਧਵਰਗੀ ਸਿੱਖ ਘਰਾਣੇ ਵਿਚ ਹੋਇਆ। ਮਧਵਰਗੀ ਸੋਚ ਤੇ ਜੀਵਨ-ਜਾਚ ਦੇ ਐਨ ਅਨੁਕੂਲ ਇਸ ਘਰਾਣੇ ਵਿਚ ਖਾਣ-ਪੀਣ ਤੇ ਵਿਦਿਆ ਹਾਸਲ ਕਰਨ ਦੀ ਪੂਰੀ ਖੁੱਲ੍ਹ ਸੀ, ਪਰ, 'ਔਰਤਾਂ ਪ੍ਰਤੀ ਵੱਡਿਆਂ ਦੇ ਸੋਚਣ ਦਾ ਨਜ਼ਰੀਆ ਬੜਾ ਸੰਕੀਰਣ ਤੇ ਮਨਾਹੀਆਂ ਭਰਿਆ ਸੀ। ਮੁੰਡੇ ਨੂੰ ਕੁੜੀ ਤੋਂ ਵਧੇਰੇ ਤਰਜ਼ੀਹ ਦਿੱਤੀ ਜਾਂਦੀ ਅਤੇ ਕੁੜੀਆਂ ਦੇ ਖਾਣ-ਪੀਣ, ਬਾਹਰ ਵਿਚਰਣ, ਪੜ੍ਹਣ ਤੇ ਸੋਚਣ ਉਪਰ ਕਈ ਪ੍ਰਕਾਰ ਦੇ ਟੈਬੂ (ਪਾਬੰਦੀਆਂ) ਲਗਾਏ ਹੋਏ ਸਨ :

—''ਮੈਂ ਜਦੋਂ ਵੀ ਚਿੱਕ ਹਟਾ ਕੇ ਬਾਹਰ ਛੱਜੇ 'ਤੇ ਜਾਣ ਲੱਗਦੀ, ਮੇਰੀ ਮਾਂ ਤੇ ਨਾਨੀ ਝਿਜਕ ਦੇਂਦੀਆਂ, ''ਕੁੜੀਆਂ ਨਹੀਂ ਚਿੱਕਾਂ ਤੋਂ ਬਾਹਰ ਝਾਕਦੀਆਂ।'' (ਪੰਨਾ 71)

—''ਤੇ ਮੇਰੀ ਦਾਦੀ ਮੈਨੂੰ ਪਰੋਂਠਾ ਦੇਣ ਲੱਗਿਆਂ ਖੁਸ਼ ਨਹੀਂ ਸੀ ਹੁੰਦੀ, ''ਕੁੜੀਆਂ ਨਹੀਂ ਖਾਂਦੀਆਂ ਪਰੋਂਠੇ।'' (ਪੰਨਾ 80)

—''ਬੀਜੀ ਡਾਂਟਦੇ, 'ਦੂਜਿਆਂ ਦੇ ਘਰਾਂ ਵੱਲ ਏਸ ਤਰ੍ਹਾਂ ਨਹੀਂ ਵੇਖੀਦਾ, ਤਾੜ ਤਾੜ ਕੇ।' '' (ਪੰਨਾ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

—''ਏਸ ਤਰ੍ਹਾਂ ਨਹੀਂ ਮੇਲਿਆਂ ਵਿਚ ਗਾਨੀਆਂ ਗਲ ਪਾਈਦੀਆਂ ਘਰ ਜਾ ਕੇ ਪਾਵੀਂ।'' (ਪੰਨਾ)

ਇਉਂ, ਇਸ ਰਚਨਾ ਵਿਚੋਂ ਅਜਿਹੀਆਂ ਹੋਰ ਵੀ ਕਈ ਮਿਸਾਲਾਂ ਪੇਸ਼ ਕੀਤੀਆਂ ਜਾ ਸਕਦੀਆਂ ਹਨ, ਜਿਨ੍ਹਾਂ ਵਿਚੋਂ ਮੁੰਡੇ-ਕੁੜੀ ਵਿਚਕਾਰ ਵਿਤਕਰੇ ਦੀ ਭਾਵਨਾ ਅਤੇ ਔਰਤ ਪ੍ਰਤੀ ਸੰਕੀਰਣ ਤੇ ਟੈਬੂਮੂਲਕ ਸੋਚ ਦੀ ਸੂਹ ਮਿਲਦੀ ਹੈ। ਔਰਤ ਪ੍ਰਤੀ ਅਜਿਹੀ ਸੋਚ ਔਰਤ ਅੰਦਰ ਹੀਣ-ਭਾਵਨਾ ਉਪਜਾਉਂਦੀ ਹੈ ਅਤੇ ਮਰਦ ਦੇ ਮੁਕਾਬਲੇ 'ਚ ਉਸਦੇ ਛੋਟੇ ਹੋਣ ਦਾ ਅਹਿਸਾਸ ਜਗਾਉਂਦੀ ਹੈ। ਮਾਂ ਦੀ ਬੀਮਾਰੀ, ਵੱਡਿਆਂ ਦੀ ਔਰਤ ਜ਼ਾਤ ਪ੍ਰਤੀ ਸੰਕੀਰਣ ਸੋਚ ਅਤੇ ਘਰ ਦਾ ਉਦਾਸ ਤੇ ਦਮ-ਘੁੱਟਵਾਂ ਮਾਹੌਲ—ਇਸ ਸਵੈ-ਜੀਵਨੀ ਦੀ ਲੇਖਿਕਾ ਦੇ ਜੀਵਨ ਵਿਚ ਇਕ ਨਵਾਂ ਮੋੜ ਲਿਆਉਂਦੇ ਹਨ। ਆਪਣੀ ਜ਼ਿੰਦਗੀ ਵਿਚ ਇਸ ਸਭ ਕੁਝ ਦੀ ਅਹਿਮੀਅਤ ਦਾ ਜ਼ਿਕਰ ਉਹ ਇਉਂ ਕਰਦੀ ਹੈ :

> ''ਮੈਨੂੰ ਲੱਗਦਾ ਏ ਮੇਰੀ ਬਣਤਰ—ਯਾਨੀ ਮੇਰੇ ਟੈਕਸਚਰ ਵਿਚ—ਇਹ ਸਾਰੀਆਂ ਚੀਜ਼ਾਂ ਰਲ ਗਈਆਂ ਨੇ। ਜਾਂ ਇਹਨਾਂ ਹੀ ਸਾਰੀਆਂ ਚੀਜ਼ਾਂ ਨੇ ਮੈਨੂੰ ਸਿਰਜਿਆ ਏ।'' (ਪੰਨਾ)

ਇਉਂ, ਇਨ੍ਹਾਂ ਸਥਿਤੀਆਂ-ਪਰਸਥਿਤੀਆਂ 'ਚੋਂ ਗੁਜ਼ਰਦੇ ਹੋਏ, ਉਸ ਅੰਦਰ ਇਕ ਵਿਸ਼ੇਸ਼ ਪ੍ਰਕਾਰ ਦੀ 'ਚੇਤਨਾ' (consciousness) ਜਨਮ ਲੈਂਦੀ ਹੈ। ਉਸਨੂੰ ਇਹ ਅਹਿਸਾਸ ਹੋਣ ਲੱਗ ਪੈਂਦਾ ਹੈ ਕਿ ਇਨ੍ਹਾਂ ਨਾਂਹ-ਮੁੱਖ ਗੱਲਾਂ ਅਤੇ ਜ਼ਿੰਦਗੀ ਦੀ ਕਠੋਰ ਹਕੀਕਤ ਨੇ ਉਸ ਦੀ ਸ਼ਖ਼ਸੀਅਤ ਨੂੰ ਸਿਰਜਿਆ ਹੈ। ਇਨ੍ਹਾਂ ਮਾਨਸਿਕ ਦਬਾਵਾਂ ਤੇ ਕਠੋਰ ਚੁਣੌਤੀਆਂ 'ਚੋਂ ਉਪਜੀ 'ਚੇਤਨਾ', ਉਸਦੇ ਸੁਭਾਅ ਨੂੰ ਵਿਦਰੋਹੀ ਬਣਾ ਕੇ ਰਖ ਦਿੰਦੀ ਹੈ। ਅੱਗੇ ਚਲ ਕੇ ਉਸਦੇ ਇਸੇ ਸੁਭਾਅ 'ਚੋਂ ਧੂੰਆਂਧਾਰ ਬਗ਼ਾਵਤ ਜਨਮ ਲੈਂਦੀ ਹੈ :

> ''ਉਸ ਨਿਗਰਾਨੀ ਵਾਲੀ ਨਜ਼ਰ ਤੋਂ ਧੂੰਆਂਧਾਰ ਬਗ਼ਾਵਤ ਦਾ ਜਨਮ ਇਸੇ ਕਮਰੇ ਦੇ ਇਸੇ ਪਲੰਘ 'ਤੇ ਹੋਇਆ। ਹੌਲੀ ਹੌਲੀ। ਉਹ ਨਿਗਰਾਨੀ ਕਰਦੀਆਂ ਨਜ਼ਰਾਂ ਜਿਵੇਂ ਵੈਲਡਿੰਗ-ਟਾਰਚ ਸਨ, ਜਿਨ੍ਹਾਂ ਦੇ ਹੇਠਾਂ ਮੇਰੀ ਹੋਂਦ ਤਿੜਕ ਕੇ, ਚੀਂਘਆੜੇ ਛੱਡ ਕੇ, ਪਿਘਲ ਕੇ ਨਰਮ ਹੁੰਦੀ ਸੀ, ਫੇਰ ਸਖ਼ਤ ਹੁੰਦੀ ਸੀ—ਅੱਗੇ ਨਾਲੋਂ ਵੀ ਵਧੇਰੇ ਸਖ਼ਤ ਤੇ ਕੁਰਾਹੜੀ ਤੇ ਖਹੁਰੀ।'' (ਪੰਨਾ 106)

ਲੇਖਿਕਾ ਦੀ ਅਜਿਹੀ ਕਠੋਰ ਮਾਨਸਿਕਤਾ ਨੂੰ ਬਣਾਉਣ ਵਿਚ, ਮੂੰਆਂ ਦੀ ਖ਼ੌਫ਼ਨਾਕ ਮੌਤ ਦਾ ਵੀ ਬਹੁਤ ਵੱਡਾ ਰੋਲ ਹੈ। ਉਸਦੀ ਮੌਤ ਦੀ ਘਟਨਾ ਨੇ, ਲੇਖਿਕਾ ਦੀ ਜੀਵਨ-ਜਾਚ ਵਿਚ ਵੱਡੀ ਤਬਦੀਲੀ ਲੈ ਆਉਂਦੀ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

> "ਮੈਂ ਅਜੇ ਮਸਾਂ ਨੌਂ ਦਸ ਸਾਲਾਂ ਦੀ ਸਾਂ, ਮੂਆਂ ਦੀ ਸੱਕੀ ਮਾਂ ਤੇ ਸੱਕੇ ਪਿਉ ਦੇ ਹਿਸਾਬ ਕਿਤਾਬ ਲਾ ਕੇ ਕੀਤੇ ਮੂੰਆਂ ਦੀ ਮੌਤ ਦੇ ਫ਼ੈਸਲੇ ਨਾਲ ਖ਼ੌਫ਼ਨਾਕ ਘਿਰਣਾ ਪੈਦਾ ਹੋਈ ਸੀ, ਮਨ ਵਿਚ । ਉਸ ਤੋਂ ਮਗਰੋਂ ਹਿਸਾਬ-ਕਿਤਾਬ ਨਾਲ ਜੀਣਾ ਮੇਰੇ ਲਈ ਗੁਨਾਹੇ ਅਵੱਲ ਹੋ ਗਿਆ ਏ ।"
>
> (ਪੰਨਾ 89)

ਇਸ ਘਟਨਾ ਮਗਰੋਂ ਲੇਖਿਕਾ ਦਾ ਸੰਵੇਦਨਸ਼ੀਲ ਆਪਾ, ਹਿਸਾਬ-ਕਿਤਾਬ ਨਾਲ ਜੀਉਣ ਨੂੰ ਗੁਨਾਹੇ-ਅ਼ਵੱਲ ਸਮਝਣ ਲੱਗ ਪੈਂਦਾ ਹੈ। ਇਥੋਂ ਹੀ ਉਸਦੀ ਅੱਡਰੀ ਜੀਵਨ-ਜਾਚ ਦਾ ਅਰੰਭ ਹੁੰਦਾ ਹੈ। ਬਚਪਨ ਤੇ ਵਿਦਿਅੱਕ-ਜੀਵਨ ਦੇ ਅਨੁਭਵਾਂ ਦੇ ਨਾਲ ਨਾਲ, ਰਚਨਾ ਦੇ ਦੂਸਰੇ ਕਾਂਡ ਵਿਚ ਉਸਨੇ, ਆਪਣੇ ਵਿਆਹ ਤੋਂ ਪਹਿਲਾਂ ਦੇ ਪ੍ਰੇਮ-ਸੰਬੰਧਾਂ ਦਾ ਜ਼ਿਕਰ ਵੀ ਪੂਰੇ ਵਿਸਥਾਰ ਤੇ ਸ਼ਿੱਦਤ ਨਾਲ ਕੀਤਾ ਹੈ। ਇਨ੍ਹਾਂ ਸੰਬੰਧਾਂ ਦੇ ਬਣਨ ਤੇ ਟੁੱਟਣ ਦੀ ਵਿਥਿਆ ਦਾ ਵਰਣਨ, ਇਥੇ ਬੜੇ ਕਲਾਤਮਕ ਢੰਗ ਨਾਲ ਹੋਇਆ ਹੈ। ਅੰਗਰੇਜ਼ੀ ਦਾ ਅਧਿਆਪਕ ਬਲਦੇਵ, ਲੇਖਿਕਾ ਦਾ ਮਨ-ਇੱਛਤ ਪ੍ਰੇਮੀ ਬਣ ਜਾਂਦਾ ਹੈ। ਕੁਝ ਦੇਰ ਦੋਵੇਂ, ਇਨ੍ਹਾਂ ਪ੍ਰੇਮ-ਸੰਬੰਧਾਂ ਨੂੰ ਹੰਢਾਉਂਦੇ ਹਨ। ਪਰ, ਇਹ ਸੰਬੰਧ ਵਿਆਹ ਦੇ ਰਸਮੀ ਰਿਸ਼ਤੇ 'ਚ ਤਬਦੀਲ ਹੋਣੋਂ ਰਹਿ ਜਾਂਦੇ ਹਨ। ਕਾਰਣ ? ਖ਼ੁੱਦਾਰੀ। ਬਲਦੇਵ ਦੇ ਸ਼ਬਦ 'ਜੇ ਤੂੰ ਵੀ ਇਹੀ ਚਾਹਨੀ ਏਂ' ਉਸਦੀ ਸੋਚ ਨੂੰ ਝੰਜੋੜਦੇ ਹਨ। ਉਹ ਬਲਦੇਵ ਦੇ ਇਨ੍ਹਾਂ ਸ਼ਬਦਾਂ ਨੂੰ ਤੌਹੀਨ ਦੇ ਰੂਪ ਵਿਚ ਗ੍ਰਹਿਣ ਕਰਦੀ ਹੈ :

> "ਇਹ ਤਾਂ ਮਹਿਜ਼ ਇਕ ਐਕਸੀਡੈਂਟ ਹੋ ਗਿਆ। ਹਾਦਸਾ। ਮਹਿਜ਼ ਇਕ ਹਾਦਸ਼ਾ, ਕਿ 'ਜੇ ਤੂੰ ਵੀ ਇਹੀ ਚਾਹਨੀ ਏਂ' ਪੜ੍ਹ ਕੇ ਗੁੱਸਾ ਆ ਗਿਆ। ਏਨਾ ਗੁੱਸਾ ਕਿ ਧਰਤੀ ਦੇ ਧੁਰੇ ਵਿਚ ਡਾਇਨੇਮਾਈਟ ਲੱਗਾ ਦਿੱਤਾ। ਲਗਾ, ਕਿ 'ਜ਼ੇ ਤੂੰ ਚਾਹਨੀਂ ਏਂ' ਨੇ ਮੇਰੀ ਤੌਹੀਨ ਕਰ ਦਿੱਤੀ ਏ। ਲਗਾ, ਕਿ ਆਉਣ ਵਾਲੇ ਸਾਲਾਂ ਵਿਚ ਬਲਦੇਵ ਹਮੇਸ਼ਾਂ ਇਹੀ ਕਿਹਾ ਕਰਨਗੇ, "ਤੂੰ ਹੀ ਤੇ ਚਾਂਹਦੀ ਸੀ ਇਹ। ਏਸ ਕਰਕੇ ਹੁਣ ਗੱਡੀ ਨੂੰ ਚਲਾਣ ਦੀ ਜ਼ਿੰਮੇਵਾਰੀ ਤੇਰੀ ਹੀ ਏ।" (ਪੰਨਾ 60)

ਇਸ ਸਥਿਤੀ 'ਤੇ ਪਹੁੰਚ ਕੇ ਇਹ ਪ੍ਰੇਮ-ਸੰਬੰਧ ਇਕ ਹਾਦਸੇ ਦਾ ਰੂਪ ਅਖ਼ਤਿਆਰ ਕਰ ਲੈਂਦੇ ਹਨ। ਬਲਦੇਵ ਦੇ ਸ਼ਬਦਾਂ ਨਾਲ ਉਸਦੀ ਖ਼ੁਦਦਾਰ ਸ਼ਖਸੀਅਤ ਨੂੰ ਠੇਸ ਪੁੱਜਦੀ ਹੈ। ਸਿੱਟੇ ਵਜੋਂ, ਵਿਆਹ ਹੁੰਦੇ ਹੁੰਦੇ ਰਹਿ ਜਾਂਦਾ ਹੈ। ਪ੍ਰੇਮ-ਸੰਬੰਧਾਂ ਵਿਚ ਤਰੇੜ ਪੈ ਜਾਂਦੀ ਹੈ। ਇਸ ਸਭ ਕੁਝ ਦੇ ਪਿਛੋਕੜ ਵਿਚ, ਲੇਖਿਕਾ ਦਾ ਜਲਦਬਾਜ਼ੀ ਵਿਚ ਕੀਤਾ ਫ਼ੈਸਲਾ ਅਤੇ ਉਸ ਅੰਦਰ ਉਪਜੀ ਖ਼ੁਦਦਾਰੀ ਦੀ ਭਾਵਨਾ ਕੰਮ ਕਰਦੀ ਨਜ਼ਰ ਆਉਂਦੀ ਹੈ। ਇਥੇ ਵੇਖਣ ਵਾਲੀ ਵਿਸ਼ੇਸ਼ ਗੱਲ ਇਹ ਹੈ ਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖ਼ੁੱਦਦਾਰੀ ਦੀ ਇਹ ਭਾਵਨਾ, ਇਨ੍ਹਾਂ ਪਾਤਰਾਂ ਦੇ ਜੀਵਨ-ਅਨੁਭਵ ਦੀ ਪ੍ਰੌਢਤਾ 'ਚੋਂ ਉਪਜੀ ਪ੍ਰਤੀਤ ਨਹੀਂ ਹੁੰਦੀ। ਸ਼ਾਇਦ ਇਸੇ ਕਰਕੇ ਮਗਰੋਂ ਦੋਹਾਂ ਨੂੰ ਜਲਦਬਾਜ਼ੀ ਵਿਚ ਲਏ ਆਪਣੇ ਫੈਸਲਿਆਂ 'ਤੇ ਦੁੱਖ ਹੁੰਦਾ ਹੈ। ਆਖ਼ਰ ! ਬਲਦੇਵ ਇਸ ਸਿੱਟੇ 'ਤੇ ਪੁੱਜਦਾ ਹੈ ਕਿ 'ਪਿੰਡੇ ਦੀ ਛੁਹ ਤੋਂ ਬਿਨਾਂ ਰੂਹ ਦੀ ਛੁਹ ਬੇਮਾਇਨੀ ਏ' ਤੇ ਲੇਖਿਕਾ ਅਜੀਤ ਕੌਰ ਨੂੰ ਅਹਿਸਾਸ ਹੁੰਦਾ ਹੈ ਕਿ "ਜੇ ਮੇਰੀ ਜ਼ਿੰਦਗੀ ਬਲਦੇਵ ਨਾਲ ਜੁੜ ਜਾਂਦੀ, ਤਾਂ ਇੱਕਠੇ ਬਿਤਾਏ ਦਿਨਾਂ ਤੇ ਰਾਤਾਂ ਵਿਚੋਂ ਸਹਿ ਜਾਣ ਦੀ ਇਹ ਜਾਚ ਆਪੇ ਉਗ ਆਉਣੀ ਸੀ।" (ਪੰਨਾ 60)। ਇਨ੍ਹਾਂ ਪ੍ਰੇਮ ਸੰਬੰਧਾਂ ਦਾ ਵਿਆਹ ਵਿਚ ਤਬਦੀਲ ਨਾ ਹੋਣ ਕਰਕੇ, ਦੋਹਾਂ ਨੂੰ ਪਛਤਾਵਾ ਹੁੰਦਾ ਹੈ। ਪਰ, ਲੇਖਿਕਾ ਕਿਸੇ ਹੋਰ ਧਿਰ ਜਾਂ ਸਮਾਜ ਨੂੰ ਇਸਦਾ ਦੋਸ਼ੀ ਨਹੀਂ ਠਹਿਰਾਉਂਦੀ :

> "ਨਹੀਂ, ਮੈਂ ਕਤਲ ਨਹੀਂ ਕੀਤਾ ਦੋਸਤੋ ! ਇਹਨਾਂ ਰਾਤਾਂ ਨੂੰ ਤੇ ਦਿਨਾਂ ਨੂੰ, ਮੈਂ ਨਹੀਂ ਕਤਲ ਕੀਤਾ। ਨਾ ਹੀ ਬਲਦੇਵ ਨੇ ਕਤਲ ਕੀਤਾ। ਨਾ ਅਸੀਂ ਕਿਸੇ 'ਸਮਾਜ' ਨਾਂ ਦੀ ਬੇ-ਚਿਹਰੇ ਵਾਲੀ ਚੀਜ਼ ਦੇ ਸ਼ਿਕਾਰ ਹੋਏ।" (ਪੰਨਾ 60)

ਉਹ ਤਾਂ ਇਸ ਸਭ ਕੁਝ ਨੂੰ ਮਹਿਜ਼ ਇਕ ਐਕਸੀਡੈਂਟ, ਇਕ ਹਾਦਸਾ ਮੰਨਦੀ ਹੈ। ਇਸ ਹਾਦਸੇ ਦੀ ਮੁੱਖ ਜ਼ੁੰਮੇਵਾਰੀ ਉਹ ਆਪਣੇ ਉਪਰ ਲੈਂਦੀ ਹੋਈ ਪਛਤਾਵੇ ਦੀ ਅੱਗ ਵਿਚ ਇਉਂ ਸੜ ਰਹੀ ਹੈ :

> "ਤੁਸੀਂ ਜ਼ਰੂਰ ਕਹੋਗੇ, 'ਬੇਵਕੂਫ਼ ਔਰਤ !' ਅਤੇ, ਤੁਸਾਂ ਤਾਂ ਅੱਜ ਕਿਹਾ ਏ ਦੋਸਤੋ, ਮੈਂ ਤਾਂ ਪਿਛਲੇ ਪੰਝੀਆਂ ਵਰ੍ਹਿਆਂ ਤੋਂ ਇਹੀ ਕਹਿ ਰਹੀ ਹਾਂ।" (ਪੰਨਾ 60)

ਪ੍ਰੇਮ-ਸੰਬੰਧਾਂ ਦੇ ਬਣਨ ਤੇ ਟੁੱਟਣ ਨਾਲ ਸੰਬੰਧਿਤ ਲਗਭਗ ਹਰ ਵੇਰਵਾ ਇਥੇ ਚਰਚਾ ਦਾ ਵਿਸ਼ਾ ਬਣਿਆ ਹੈ। ਲੇਖਿਕਾ ਨੇ ਬੜੀ ਖ਼ੂਬੀ ਨਾਲ ਇਸ ਹਾਦਸੇ 'ਚੋਂ ਉਪਜੇ, ਆਪਣੇ ਤੇ ਆਪਣੇ ਮਨ-ਇੱਛਤ ਪ੍ਰੇਮੀ ਬਲਦੇਵ ਦੇ ਮਾਨਸਕ ਸੰਤਾਪ ਨੂੰ ਚਿੱਤਰਣ ਦਾ ਯਤਨ ਕੀਤਾ ਹੈ। ਇਥੇ ਪਹੁੰਚ ਕੇ ਇਹ ਗੱਲ ਜਰੂਰ ਸਪੱਸ਼ਟ ਹੋ ਜਾਂਦੀ ਹੈ ਕਿ ਲੇਖਿਕਾ ਦੇ ਸੰਵੇਦਨਸ਼ੀਲ ਆਪੇ 'ਚ ਖ਼ੁੱਦਦਾਰੀ ਦਾ ਤੱਤ ਵੀ ਸ਼ਾਮਲ ਹੋ ਗਿਆ ਹੈ—ਜੋ ਉਸਦੀ ਜੀਵਨ-ਜਾਚ ਨੂੰ ਇਕ ਵੱਖਰੀ ਸੇਧ ਪ੍ਰਦਾਨ ਕਰਦਾ ਹੈ। ਇਹ ਜੀਵਨ-ਜਾਚ ਉਸਨੂੰ ਬੰਧਨ-ਮੁਕਤ ਰਾਹ ਵਲ ਤੋਰਦੀ ਹੈ। ਸਿੱਟੇ ਵਜੋਂ ਸਾਧਾਰਣ ਮਰਿਆਦਾ ਤੇ ਸਥਾਪਤ ਪ੍ਰਤੀਮਾਨਾਂ ਦਾ ਉਲੰਘਣ ਹੁੰਦਾ ਹੈ।

ਮਰਿਆਦਾ ਤੇ ਸਥਾਪਤ ਪ੍ਰਤੀਮਾਨਾਂ (norms) ਦਾ ਇਹ ਉਲੰਘਣ, ਲੇਖਿਕਾ ਦੇ ਡਾ: ਰਾਜਿੰਦਰ ਸਿੰਘ ਨਾਲ ਮਗਰੋਂ ਹੋਏ ਵਿਆਹ ਅਤੇ ਇਨ੍ਹਾਂ ਵਿਆਹ-ਸੰਬੰਧਾਂ ਦੇ ਟੁੱਟਣ ਨਾਲ ਵਧੇਰੇ ਪ੍ਰਚੰਡ ਰੂਪ ਅਖ਼ਤਿਆਰ ਕਰਦਾ ਹੈ। ਲੇਖਿਕਾ ਦੇ ਆਪਣੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਹਿਣ ਮੁਤਾਬਕ, ਉਸਦੇ ਖਾਵੰਦ ਦਾ ਸੁਭਾਅ ਸ਼ੱਕੀ, ਖਰਵਾ ਤੇ ਨੁਕਤਾਚੀਨੀ ਕਰਨ ਵਾਲਾ ਸੀ :

> ''ਉਸ ਘਰ ਵਿਚ ਗੁਰਬਤ ਵੀ ਬੜੀ ਵੇਖੀ। ਇਕ ਇਕ ਪੈਸੇ ਦੀ ਮੁਥਾਜੀ। ਬੱਸਾਂ ਦੇ ਕਿਰਾਏ ਦਾ ਵੀ ਹਿਸਾਬ ਦੇਣਾ ਪੈਂਦਾ। ਘਰ ਦੇ ਲੂਣ, ਮਿਰਚ, ਦਾਲਾਂ, ਸਬਜ਼ੀਆਂ ਦਾ ਹਿਸਾਬ ਰਾਤੀਂ ਬਹਿ ਕੇ ਲਿਖਦੀ। ਉਹਨੂੰ ਮੇਰੇ ਖਾਵੰਦ ਚੈਕ ਕਰਦੇ, ਟੋਟਲ ਕਰਦੇ। ਨੁਕਤਾਚੀਨੀ ਕਰਦੇ, 'ਜੇ ਟੀਂਡੇ ਐਨੇ ਮਹਿੰਗੇ ਸਨ, ਤਾਂ ਆਲੂ ਕਿਉਂ ਨਹੀਂ ਬਣਾਏ ?'... ਜਦੋਂ ਤੇਲ ਵੱਧ ਖ਼ਰਚ ਹੋਇਆ ਹੁੰਦਾ, ਕਹਿੰਦੇ, 'ਜ਼ਰੂਰ ਨਹਾਉਣ ਲਈ ਪਾਣੀ ਗਰਮ ਕੀਤਾ ਹੋਵੇਗਾ। ਇਹ ਹਰਾਮ ਦੀ ਕਮਾਈ ਏ ? ਤੇਰੇ ਪਿਉ ਦੇ ਪੈਸੇ ਨੇ ?'' (ਪੰਨਾ 111)

ਖ਼ੈਰ ! ਇਹ ਖਾਵੰਦ ਦੇ ਸੁਭਾਅ ਦੀਆਂ ਗੱਲਾਂ ਨੇ। ਖਾਵੰਦ ਦੇ ਸੁਭਾਅ ਤੇ ਵਿਹਾਰ ਨਾਲ ਸੰਬੰਧਿਤ ਇਸ ਸਾਰੇ ਬਿਆਨ 'ਚੋਂ ਇਹੀ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਇਸ ਸਥਿਤੀ 'ਤੇ ਪਹੁੰਚ ਕੇ ਵੀ ਲੇਖਿਕਾ ਕਿਸੇ ਪ੍ਰੌਢ ਸੋਚ ਤੇ ਜੀਵਨ-ਜਾਚ ਦੀ ਮਾਲਕ ਨਹੀਂ ਹੈ। ਉਸ ਨੂੰ ਇਸ ਗੱਲ ਦਾ ਗਿਆਨ ਨਹੀਂ ਕਿ ਵਿਆਹ ਮਗਰੋਂ ਪਤੀ-ਪਤਨੀ ਨੂੰ, ਇਕ ਦੂਸਰੇ ਦੇ ਸੁਭਾਅ ਨੂੰ ਸਮਝਣਾ ਪੈਂਦਾ ਹੈ। ਬਹੁਤ ਕੁਝ ਦੇਖ ਕੇ ਅਣਡਿੱਠ ਕਰਨਾ ਪੈਂਦਾ ਹੈ। ਤਾਂ ਹੀ ਇਹ ਸੰਬੰਧ ਬਣੇ ਰਹਿ ਸਕਦੇ ਹਨ। ਜੇ ਖਾਵੰਦ ਦਾ ਸੁਭਾਅ ਸ਼ੱਕੀ (ਨਹੀਂ, ਮਰਦਾਂ ਨਾਲ ਬਹਿ ਕੇ ਕੰਮ ਨਹੀਂ ਕਰਨਾ। ਕੁੜੀਆਂ ਦੇ ਸਕੂਲ ਵਿਚ ਨੌਕਰੀ ਕਰਨੀ ਏ—(ਪੰਨਾ 111) ਹੈ, ਤਾਂ ਇਸ ਸ਼ੱਕ ਦੇ ਪਿੱਛੇ ਉਸਦਾ ਆਪਣਾ ਕਿਰਦਾਰ ਵੀ ਤਾਂ ਹੋ ਸਕਦੈ। ਆਪਣੇ ਖ ਵੰਦ ਦੇ ਸ਼ੱਕੀ ਸੁਭਾਅ ਬਾਰੇ ਗੱਲ ਕਰਨ ਵਕਤ ਉਹ ਆਪਣੇ ਵਿਆਹ ਤੋਂ ਪਹਿਲਾਂ ਦੇ ਪ੍ਰੇਮ-ਸੰਬੰਧਾਂ ਨੂੰ ਭੁੱਲ ਗਈ ਲੱਗਦੀ ਹੈ। ਖਾਵੰਦ ਦੇ ਸੁਭਾਅ ਦੀ ਗੱਲ ਤਾਂ ਦੁਜੈਲੀ ਹੈ। ਅਸਲ ਗੱਲ ਤਾਂ ਉਹ ਹੈ, ਜਿਸਨੂੰ ਉਸਨੇ ਇਕ ਆਮ ਔਰਤ ਵਾਂਗ ਲਿਆ :

> ''ਸ਼ਾਇਦ ਓਸੇ ਕਰਕੇ, ਜਿਹਦੇ ਨਾਲੋਂ ਗੁਆਂਢਣਾਂ ਦੇ ਕਹਿਣ ਮੁਤਾਬਿਕ ਮੈਂ ਜ਼ਿਆਦਾ ਸੋਹਣੀ ਸਾਂ। ਉਹਦੀਆਂ ਤਸਵੀਰਾਂ ਮੈਨੂੰ ਮੇਰੇ ਖਾਵੰਦ ਨੇ ਪਹਿਲੀ ਰਾਤ ਹੀ ਓਸੇ ਬਰਸਾਤੀ, ਯਾਨੀ ਮੇਰੇ 'ਆਪਣੇ ਘਰ' ਦੇ 'ਆਪਣੇ ਕਮਰੇ' ਵਿਚ ਬਹਿ ਕੇ ਵਖਾ ਦਿੱਤੀਆਂ ਸਨ, ਤੇ ਸਾਰਾ ਕਿੱਸਾ ਵੀ ਸੁਣਾ ਦਿੱਤਾ ਸੀ। ਕਹਿਣ ਲੱਗੇ, ''ਪਤਾ ਤਾਂ ਤੈਨੂੰ ਲੱਗਣਾ ਈ ਏਂ, ਸੋ ਮੈਂ ਸੋਚਿਆ ਆਪੇ ਈ ਦੱਸ ਦਿਆਂ।''
>
> ਜੀਅ ਕੀਤਾ, ਆਖਾਂ, ਕਿ ਦੱਸਣਾ ਤਾਂ ਓਦੋਂ ਸੀ ਜਦੋਂ ਦਿੱਲੀ ਮੈਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੇਖਣ ਤੇ ਪਸੰਦ ਕਰਨ ਗਏ ਸਾਓ । ਹੁਣ ਤੇ ਭਾਵੇਂ ਦਸ ਕਤਲਾਂ ਦੇ ਕਿੱਸੇ ਵੀ ਸੁਣਾ ਦਿਓ, ਮੈਂ ਕਿਹੜਾ ਫੜਕਣ ਜੋਗੀ ਰਹਿ ਗਈ ਆਂ !''

(ਪੰਨਾ 109)

ਇਥੇ ਇਹ 'ਉਹ' ਕੌਣ ਸੀ ? ਉਸਦਾ, ਉਸਦੇ ਖਾਵੰਦ ਨਾਲ ਕੀ ਸੰਬੰਧ ਸੀ ? 'ਉਹ' ਉਸਦੀ ਪਹਿਲੀ ਪਤਨੀ ਸੀ ਜਾਂ ਪ੍ਰੇਮਿਕਾ ?...ਇਸ ਸੰਬੰਧੀ ਕੋਈ ਸੂਚਨਾ ਨਹੀਂ ਮਿਲਦੀ । ਪਰ, ਬਾਕੀ ਦੇ ਵੇਰਵਿਆਂ ਤੋਂ ਪਤਾ ਚਲਦਾ ਹੈ ਕਿ 'ਉਹ' ਨਾਲ ਜ਼ਰੂਰ ਉਸਦੇ ਖਾਵੰਦ ਦੇ ਪ੍ਰੇਮ-ਸੰਬੰਧ ਸਨ । ਇਸ ਗੱਲ ਦਾ ਬੁਰਾ ਮਨਾਉਣ ਲੱਗਿਆਂ ਲੇਖਿਕਾ ਇਹ ਕਿਉਂ ਭੁੱਲ ਗਈ ਕਿ ਆਖ਼ਰ ਵਿਆਹ ਤੋਂ ਪਹਿਲਾਂ ਉਸਦੇ ਵੀ ਬਲਦੇਵ ਨਾਲ ਪ੍ਰੇਮ-ਸੰਬੰਧ ਸਨ । ਇਸ ਪ੍ਰਸੰਗ ਵਿਚ ਸਹਿਜੇ ਕੀਤਿਆਂ, ਇਸ ਤੱਥ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ । ਤਸਵੀਰਾਂ ਦਿਖਾਉਣ ਦੀ ਇਹ ਘਟਨਾ, ਲੇਖਿਕਾ ਦੇ ਜ਼ਿਹਨ ਉਪਰ ਹਾਵੀ ਹੋ ਜਾਂਦੀ ਹੈ । ਗਹੁ ਨਾਲ ਦੇਖਿਆਂ ਪਤਾ ਚਲਦਾ ਹੈ ਕਿ ਕੁਝ ਚਿਰ ਮਗਰੋਂ ਇਹੀ ਘਟਨਾ, ਹਾਦਸੇ ਵਿਚ ਤਬਦੀਲ ਹੋ ਜਾਂਦੀ ਹੈ ਅਤੇ ਇਨ੍ਹਾਂ ਵਿਆਹ-ਸੰਬੰਧਾਂ ਦੇ ਟੁੱਟਣ ਦਾ ਮੂਲ ਕਾਰਨ ਬਣਦੀ ਹੈ । ਭਾਵੇਂ, ਲੇਖਿਕਾ ਨੇ ਸਹੁਰੇ ਘਰ ਮਿਲੀਆਂ ਸੱਸ ਦੀਆਂ ਛਿੱਬੀਆਂ, ਖਾਵੰਦ ਦੇ ਦੁਕੀਆਨੀਸੀ ਸੁਭਾਅ ਤੇ ਖਾਵੰਦ ਦੀ ਮਾਰ-ਕੁੱਟ ਨੂੰ ਵੀ ਇਨ੍ਹਾਂ ਵਿਆਹ-ਸੰਬੰਧਾਂ ਦੇ ਟੁੱਟਣ ਲਈ ਜ਼ੁੰਮੇਵਾਰ ਠਹਿਰਾਇਆ ਹੈ । ਪਰ, ਮੂਲ ਵਜ੍ਹਾ ਤਾਂ ਖਾਵੰਦ ਦੇ ਵਿਆਹ ਤੋਂ ਪਹਿਲਾਂ ਤੇ ਪ੍ਰੇਮ-ਸੰਬੰਧਾਂ ਦੀ ਵਿਥਿਆ ਹੀ ਹੈ । ਇਸ ਸਾਰੇ ਮਾਹੌਲ ਕਾਰਨ ਲੇਖਿਕਾ ਅੰਦਰ 'ਫਾਲਤੂ' ਔਰਤ ਹੋਣ ਦਾ ਅਹਿਸਾਸ ਪੈਦਾ ਹੁੰਦਾ ਹੈ :

> ''ਰਸੋਈ ਵਿਚ ਜਾਵਾਂ ਤਾਂ ਨਨਾਣ ਕਹਿੰਦੀ ਸੀ, 'ਨਹੀਂ, ਤੁਹਾਡੀ ਬਣੀ ਹੋਈ ਸਬਜ਼ੀ ਵਿਚ ਰਸ ਨਹੀਂ ਰਹਿੰਦਾ ।' ਜੇ ਨਾ ਜਾਣਾ ਤਾਂ ਸੱਸ ਛਿੱਬੀਆਂ ਦੇਂਦੀ ਸੀ । ਜਿਥੇ ਵੀ ਬੈਠਾਂ ਲੱਗਦਾ ਸੀ ਉਥੇ ਮੈਂ ਫਾਲਤੂ ਆਂ ।''

(ਪੰਨਾ 109)

'ਫਾਲਤੂ' ਹੋਣ ਦਾ ਇਹ ਅਹਿਸਾਸ, ਉਸ ਅੰਦਰ ਅਖ਼ੀਰ ਤੱਕ ਬਣਿਆ ਰਹਿੰਦਾ ਹੈ । ਇਸ ਅਹਿਸਾਸ ਤੋਂ ਮੁਕਤ ਹੋਣ ਲਈ ਉਹ ਪਤੀ ਦਾ ਘਰ ਤਿਆਗ ਕੇ ਆਪਣੀਆਂ ਦੋਹਾਂ ਬੱਚੀਆਂ ਨਾਲ ਇਕ ਵਰਕਿੰਗ ਗਰਲਜ਼ ਹੋਸਟਲ ਵਿਚ ਰਹਿਣਾ ਸ਼ੁਰੂ ਕਰ ਦਿੰਦੀ ਹੈ । ਮਗਰੋਂ, ਘੋਰ ਗ਼ਰੀਬੀ ਦੀ ਅਵੱਸਥਾ ਵਿਚ ਉਸਨੂੰ ਇਹ ਹੋਸਟਲ ਛੱਡ ਕੇ 'ਅੰਕਟਡ-ਬਿਲਡਿੰਗ' ਦੇ ਫਲੈਟ ਵਿਚ ਜਾਣਾ ਪੈਂਦਾ ਹੈ ਤੇ ਫਿਰ ਇਕ ਵਕੀਲ ਗੋਇਲ ਦੇ ਘਰ ਕਿਰਾਏ 'ਤੇ । ਇਨ੍ਹਾਂ ਸਾਰੀਆਂ ਤੰਗੀਆਂ-ਤੁਰਸ਼ੀਆਂ ਨੂੰ ਹੰਢਾਉਂਦਿਆਂ ਉਸ ਅੰਦਰ 'ਖ਼ਾਨਾਬਦੋਸ਼ੀ' ਦਾ ਅਹਿਸਾਸ ਉਪਜਦਾ ਹੈ :

> ''ਤੇ ਫੇਰ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri.

ਫੇਰ, ਖ਼ਾਨਾਬਦੋਸ਼ੀ !

ਪਰ, ਹੁਣ ਵੀ ਕਿਸੇ ਕਿਸੇ ਵੇਲੇ ਇਕ ਅਜੀਬ ਅਹਿਸਾਸ ਹੁੰਦਾ ਹੈ, ਜਿਵੇਂ, ਪਲੇਟ ਫ਼ਾਰਮ 'ਤੇ ਬੈਠੀ ਹੋਵਾਂ !

ਫੇਰ ਉਸ ਅਹਿਸਾਸ ਨੂੰ ਮੈਂ ਭਿਣਭਿਣਾਉਂਦੀ ਮੱਖੀ ਵਾਂਗੂ ਉਡਾ ਦੇਂਦੀ ਹਾਂ। ਪਰ...ਖ਼ਾਨਾ-ਬਦੋਸ਼ੀ ਦਾ ਇਕ ਇਹ ਵੀ ਆਲਮ ਏ।

ਦੋਸਤੋ ! ਘਰ ਦੇ ਅੰਦਰ ਬੈਠਿਆਂ ਖ਼ਾਨਾ-ਬਦੋਸ਼ੀ ਦਾ ਅਹਿਸਾਸ।''

(ਪੰਨਾ 130)

ਖ਼ਾਨਾਬਦੋਸ਼ੀ ਦਾ ਇਹ ਅਹਿਸਾਸ ਇਕ ਅਜੀਬ ਕਿਸਮ ਦੇ ਉਜਾੜਪਣ, ਬੇਘਰ-ਪਣ ਤੇ ਬਦਹਵਾਸੀ ਦਾ ਪ੍ਰਤੀਕ ਹੋ ਨਿਬੜਦਾ ਹੈ। ਇਸ ਖ਼ਾਨਾਬਦੋਸ਼ੀ ਦੇ ਅਹਿਸਾਸ ਨੂੰ ਲੇਖਿਕਾ ਵੀ ਭੋਗਦੀ ਹੈ ਅਤੇ ਉਸਦੀਆਂ ਦੋਵੇਂ ਬੱਚੀਆਂ ਵੀ। ਪਤੀ ਤੋਂ ਡਰਦੀ ਹੋਈ ਉਹ ਆਪਣੀਆਂ ਦੋਵੇਂ ਬੱਚੀਆਂ ਨੂੰ ਸ਼ਿਮਲੇ ਹੋਸਟਲ ਦਾਖ਼ਲ ਕਰਵਾ ਦਿੰਦੀ ਹੈ। ਸੋ ! ਇਹ ਬੱਚੀਆਂ ਵੀ ਖ਼ਾਨਾਬਦੋਸ਼ੀ ਦੇ ਇਸ ਅਹਿਸਾਸ ਤੋਂ ਬੱਚ ਨਹੀਂ ਸਕਦੀਆਂ। ਪਤੀ ਦੇ ਦੱਕੀਆਨੂਸੀ ਸੁਭਾਅ ਤੇ ਅਮਾਨਵੀ ਵਿਹਾਰ, ਬੰਧਨਾਂ ਤੇ ਮਿਹਣਿਆਂ ਭਰੇ ਵਾਤਾਵਰਣ—ਉਸਨੂੰ ਬਗ਼ਾਵਤ ਦੇ ਰਾਹ ਵਲ ਮੋੜਦੇ ਹਨ। ਉਹ ਸਥਾਪਤ ਪ੍ਰਤੀਮਾਨਾਂ ਨੂੰ ਉਲੰਘ ਕੇ ਬੰਧਨ-ਮੁਕਤ ਤੇ ਆਜ਼ਾਦ ਜੀਵਨ ਜੀਊਣ ਦਾ ਰਾਹ ਅਖ਼ਤਿਆਰ ਕਰਦੀ ਹੈ। ਅਜਿਹੇ ਰਾਹ 'ਤੇ ਤੁਰਦਿਆਂ ਉਸਨੂੰ ਕਈ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹਾਦਸਿਆਂ ਦੇ ਹਜੂਮ 'ਚੋਂ ਗੁਜ਼ਰਦਿਆਂ ਉਹ ਇਸ ਸਿੱਟੇ 'ਤੇ ਪੁੱਜਦੀ ਹੈ :

''ਗੁਨਾਹਿ ਅਵੱਲ — ਔਰਤ ਹੋਣਾ
ਗੁਨਾਹਿ ਦੋਮ — ਇੱਕਲੀ ਔਰਤ
ਗੁਨਾਹਿ ਸੋਮ — ਇੱਕਲੀ ਤੇ ਆਪਣੀ ਰੋਟੀ ਆਪ ਕਮਾਂਦੀ ਔਰਤ।
ਗੁਨਾਹਿ ਅਜ਼ੀਮ-ਤਰੀਨ — ਆਪਣੀ ਰੋਟੀ ਆਪ ਕਮਾਂਦੀ, ਜ਼ਹੀਨ, ਖ਼ੁਦਦਾਰ, ਇਕੱਲੀ ਔਰਤ, ਇਸ ਦੇਵਤਿਆਂ ਦੇ ਮੁਲਕ ਹਿੰਦੁਸਤਾਨ ਵਿਚ।'' (ਪੰਨਾ 131)

ਇਥੇ ਲੇਖਿਕਾ ਇਕ ਤਰਫ਼ ਸਾਡੇ ਸਮਾਜ ਉਪਰ ਤਿੱਖਾ ਵਿਅੰਗ ਕੱਸ ਰਹੀ ਹੈ ਅਤੇ ਦੂਸਰੇ ਪਾਸੇ ਆਪਣੇ ਆਪ ਨੂੰ 'ਗੁਨਾਹਿ ਅਜ਼ੀਮ-ਤਰੀਨ' (ਆਪਣੀ ਰੋਟੀ ਆਪ ਕਮਾਂਦੀ, ਜ਼ਹੀਨ, ਖ਼ੁਦਦਾਰ, ਇਕੱਲੀ ਔਰਤ, ਇਸ ਦੇਵਤਿਆਂ ਦੇ ਮੁਲਕ ਹਿੰਦੁਸਤਾਨ ਵਿਚ) ਦਾ ਸ਼ਿਕਾਰ ਵੀ ਸਾਬਤ ਕਰ ਰਹੀ ਹੈ। ਇਥੋਂ ਉਸਦੀ ਸ਼ਖ਼ਸੀਅਤ ਦੇ ਕੁਝ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪਹਿਲੂ ਵੀ ਸਹਿਜ ਸੁਭਾਏ ਉਜਾਗਰ ਹੋ ਜਾਂਦੇ ਹਨ। ਪਰ, ਇਸ ਕਥਨ ਦੇ ਅਚੇਤ ਵਿਚ ਸਵੈ-ਸ਼ਲਾਘਾ (ਜ਼ਹੀਨ, ਖ਼ੁਦਦਾਰ, ਆਪਣੀ ਰੋਟੀ ਆਪ ਕਮਾਂਦੀ ਔਰਤ) ਦਾ ਸੁਰ ਅਲਾਪਦਾ ਪ੍ਰਤੀਤ ਹੁੰਦਾ ਹੈ। ਇਥੇ ਵੇਖਣ ਵਾਲੀ ਵਿਸ਼ੇਸ਼ ਗੱਲ ਇਹ ਹੈ ਕਿ ਲੇਖਿਕਾ ਦੁਆਰਾ ਅਪਣਾਏ ਇਸ ਬੰਧਨ ਮੁਕਤ ਰਾਹ ਦੇ ਵੀ ਆਪਣੇ ਕੁਝ ਬੰਧਨ ਹਨ, ਕੁਝ ਅਜੀਬ ਕਿਸਮ ਦੀਆਂ ਦੁਸ਼ਵਾਰੀਆਂ :

> ''ਆਪਣੀਆਂ ਕਦਰਾਂ ਨਾਲ ਜੀਣਾ, ਤਣ ਕੇ ਜੀਣਾ, ਖ਼ੁਦਦਾਰੀ ਨਾਲ ਜੀਣਾ ਤੇ ਬਾਕੀ ਦੁਨੀਆਂ ਦੀਆਂ ਕਦਰਾਂ ਕੀਮਤਾਂ ਨਾਲ—ਜੇ ਮਨ ਹੁੰਗਾਰਾ ਨਾ ਭਰੇ...ਤਾਂ ਸਮਝੌਤਾ ਨਾ ਕਰਨਾ।
>
> ਇਹੋ ਜਿਹੇ ਗੁਨਾਹਗਾਰ ਨੂੰ, ਦੋਸਤੋ, ਭਰੇ ਚੁਰਾਹੇ ਵਿਚ ਸੂਲੀ ਚੜ੍ਹਨਾ ਪੈਂਦਾ ਏ।'' (ਪੰਨਾ 131)

ਸ਼ਾਇਦ ਇਸੇ ਕਰਕੇ, ਇਸ ਆਪ ਚੁਣੇ ਰਾਹ 'ਚੋਂ ਉਸਨੂੰ ਇਕੱਲਤਾ, ਦਰਦ, ਉਦਾਸੀ ਤੇ ਬੇਸਹਾਰਾਪਣ ਹੀ ਮਿਲਦਾ ਹੈ; ਬਸ।

ਇਸ ਸਥਿਤੀ ਵਿਚ ਫਿਰ ਉਸ ਦਾ ਵਾਹ ਓਮਾ, ਯਾਨੀ ਓਮ ਪਰਕਾਸ਼ ਨਾਂ ਦੇ ਇਕ ਵਿਅੱਕਤੀ ਨਾਲ ਪੈਂਦਾ ਹੈ। ਓਮਾ, ਗ੍ਰਿਹਸਥੀ ਜੀਵਨ ਭੋਗਦਾ ਹੋਇਆ ਇਕ ਦੁਨੀਆਦਾਰ ਕਿਸਮ ਦਾ ਬੰਦਾ ਹੈ। ਦੋਵੇਂ ਪ੍ਰੇਮ-ਸੰਬੰਧਾਂ ਵਿਚ ਬੱਝਦੇ ਹਨ । ਲੇਖਿਕਾ ਅਜੀਤ ਕੌਰ ਉਸਨੂੰ ਆਪਣਾ 'ਸਹਾਰਾ' ਸਮਝਣ ਲੱਗ ਪੈਂਦੀ ਹੈ। ਉਹ ਸੋਚਦੀ ਹੈ ਕਿ ਬਲਦੇਵ ਤੇ ਖਾਵੰਦ ਤੋਂ ਵੱਖਰੇ ਹੋਣ ਮਗਰੋਂ, ਉਸ ਅੰਦਰ ਭਾਵਾਂ ਦਾ ਜੋ ਖਲਾਅ ਪੈਦਾ ਹੋਇਆ ਸੀ—ਓਮਾ, ਉਸ ਖਲਾਅ ਨੂੰ ਭਰ ਦੇਏਗਾ। ਜਦਕਿ ਉਹ ਜਾਣਦੀ ਹੈ ਕਿ ਓਮਾ, ਉਸਤੋਂ ਬਿਲਕੁਲ ਪ੍ਰਤੀਕੂਲ ਦਿਸ਼ਾ ਵਿਚ ਵਿਚਰਣ ਵਾਲਾ ਵਿਅੱਕਤੀ ਹੈ :

> ''ਪਰ ਅਜਿਹਾ ਹੀ ਸੀ ਓਮਾ! ਬਹੁਤ ਹੀ ਪ੍ਰੈਕਟੀਕਲ! ਕਹਿੰਦਾ ਸੀ, 'ਮੇਰਾ ਤਾਂ ਜਨਮ-ਲਗਨ ਹੀ ਅਜਿਹਾ ਏ, ਲਿਬਰਾ । ਨਾ ਵੱਧ। ਠੰਡੇ ਦਿਮਾਗ਼ ਨਾਲ ਸੋਚ ਸਮਝ ਕੇ।'
>
> ਤੇ ਮੈਂ ਸਾਂ ਉਹਦੇ ਤੋਂ ਬਿਲਕੁਲ ਉਲਟ। ਅਵਾਰਾ ਜੰਗਲੀ ਹਵਾ। ਜਿਪਸੀ ਦਰਿਆ। ਧੁੱਪ ਦਾ ਫੰਭਾ। ਭਟਕਦੀ ਖੁਸ਼ਬੂ। ਸਫ਼ੈਦ ਖੰਭਾਂ ਦੀ ਉਡਾਰੀ! ਸੁਪਨੇ ਦਾ ਬੀਜ!'' (ਪੰਨਾ 165)

ਪਰ, ਫਿਰ ਵੀ ਉਹ ਉਸਨੂੰ ਆਪਣਾ ਸਹਾਰਾ ਸਮਝਣ ਦਾ ਭਰਮ ਪਾਲਣ ਲੱਗ ਪੈਂਦੀ ਹੈ। ਇਥੇ ਵਿਰੋਧਾਭਾਸ ਇਹ ਹੈ ਕਿ ਓਮਾ ਦੇ ਕਿਰਦਾਰ ਤੋਂ ਉਸਨੂੰ ਨਫ਼ਰਤ ਹੈ, ਪਰ ਫਿਰ ਵੀ ਉਸਦੇ ਸਾਥ ਨੂੰ ਤਰਸਦੀ ਹੈ। ਪਹਿਲਾਂ ਪਹਿਲ ਉਹ ਇਕ ਅਜੀਬ ਕਿਸਮ ਦੀ ਦੁਚਿੱਤੀ ਦੀ ਅਵੱਸਥਾ ''ਮੈਂ ਓਮਾ ਨਾਲ ਸੌਣਾ ਨਹੀਂ ਸਾਂ ਚਾਹੁੰਦੀ, ਪਰ ਉਹਨੂੰ ਗੁਆਣਾ ਵੀ ਨਹੀਂ ਸਾਂ ਚਾਹੁੰਦੀ'' ਵਿਚ ਵਿਚਰਦੀ ਹੈ, ਪਰ ਝੱਟ ਮਗਰੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸਦੇ ਪ੍ਰੇਮ ਜਾਲ ਵਿਚ ਫਸ ਜਾਂਦੀ ਹੈ। ਉਹ, ਓਮਾ ਨੂੰ ਆਪਣੀ ਗੁਰਬਤ ਬਾਰੇ ਨਹੀਂ ਦਸਣਾ ਚਾਹੁੰਦੀ, ਕਿਧਰੇ ਉਸਦੇ ਅਹਿਸਾਨਾਂ ਥੱਲੇ ਦਬਣਾ ਨਾ ਪੈ ਜਾਏ। ਇਉਂ, ਉਹ ਫਿਰ ਬੰਧਨ-ਮੁਕਤ ਜੀਵਨ ਤੋਂ ਬੰਧਨ-ਯੁਕਤ ਜੀਵਨ ਵਲ ਪਰਤਦੀ ਹੈ। ਕੁਝ ਚਿਰ ਮਿਲਣੀਆਂ ਦਾ ਇਹ ਸਿਲਸਿਲਾ ਜਾਰੀ ਰਹਿੰਦਾ ਹੈ। ਪਰ, ਅਖ਼ੀਰ ਇਹ ਸਾਥ ਵੀ ਹੱਥੋਂ ਛੁੱਟ ਜਾਂਦਾ ਹੈ। ਜਦੋਂ ਓਮਾ ਨੂੰ ਇਹ ਅਹਿਸਾਸ ਹੋਣ ਲੱਗ ਪੈਂਦਾ ਹੈ ਕਿ ਅਜੀਤ ਕੌਰ ਨਾਲ ਉਸਦੇ ਪ੍ਰੇਮ-ਸੰਬੰਧ ਜ਼ੁੰਮੇਵਾਰੀ ਵਿਚ ਤਬਦੀਲ ਹੋਣੇ ਸ਼ੁਰੂ ਹੋ ਰਹੇ ਹਨ, ਤਾਂ ਉਹ ਉਸਨੂੰ ਸਦਾ ਲਈ ਛੱਡ ਕੇ ਚਲਾ ਜਾਂਦਾ ਹੈ। ਇਸ ਸਥਿਤੀ 'ਤੇ ਪਹੁੰਚ ਕੇ ਉਸਨੂੰ ਹੇਰਵਾ ਵੀ ਹੈ ਅਤੇ ਹਕੀਕਤ ਦਾ ਅਹਿਸਾਸ ਵੀ :

> "ਜੇ ਮੈਂ ਬੀਵੀ ਹੁੰਦੀ, ਤਾਂ ਸਾਰੀ ਦੁਨੀਆਂ ਦੀ ਹਮਦਰਦੀ ਮੇਰੇ ਨਾਲ ਹੁੰਦੀ, 'ਵਿਚਾਰੀ! ਕਿੰਜ ਆਪਣੇ ਖਾਵੰਦ ਨੂੰ ਲੱਭਦੀ ਫਿਰਦੀ ਏ! ਤਰਲੋ-ਮੱਛੀ ਹੋਈ! ਬਾਵਰੀ ਹੋ ਕੇ ਸ਼ਹਿਰੋ ਸ਼ਹਿਰ ਭਟਕ ਰਹੀ ਏ।' ਪਰ, ਹੁਣ ਤਾਂ ਮੈਂ 'ਦੂਜੀ ਬੀਵੀ ਸਾਂ। ਜਿਹੜੀ ਸਿਰਫ਼ ਹਾਸੋ-ਹੀਣੀ ਚੀਜ਼ ਹੁੰਦੀ ਏ। ਨਾਜਾਇਜ਼ ਔਰਤ! ਉਹਦਾ ਸਾਰਾ ਜਨੂੰਨ ਵੀ ਨਾਜ਼ਾਇਜ਼ ਏ।" (ਪੰਨਾ 220)

ਇਥੇ ਪਹੁੰਚ ਕੇ ਉਸਦਾ ਹਰ ਭਰਮ ਟੁੱਟਦਾ ਹੈ। ਉਸਨੂੰ ਹਕੀਕਤ ਦੇ ਦਰਸ਼ਨ ਹੁੰਦੇ ਹਨ। ਨਿਜੀ ਕਦਰਾਂ-ਕੀਮਤਾਂ ਤੇ ਸਥਾਪਤ ਸਮਾਜਕ ਕਦਰਾਂ-ਕੀਮਤਾਂ ਦੇ ਟਕਰਾਉ 'ਚੋਂ ਉਪਜਦੀ ਹੈ ਕੇਵਲ ਇਕੱਲਤਾ, ਫਾਲਤੂ ਹੋਣ ਦਾ ਅਹਿਸਾਸ, ਖ਼ਾਨਾ-ਬਦੋਸ਼ੀ-ਅਹਿਸਾਸ, ਉਦਾਸੀ, ਬੇਸਹਾਰੇਪਣ ਦਾ ਅਹਿਸਾਸ। ਇਸ ਸੰਬੰਧ ਵਿਚ ਇਹ ਗੱਲ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹੈ ਕਿ ਲੇਖਿਕਾ ਨੇ ਇਨ੍ਹਾਂ ਪ੍ਰੇਮ-ਸੰਬੰਧਾਂ ਦੇ ਟੁੱਟਣ ਦੀ ਜ਼ੁੰਮੇਵਾਰੀ ਕੇਵਲ ਮਰਦ ਉਪਰ ਨਹੀਂ ਸੁੱਟੀ। ਸਗੋਂ, ਆਪਣੇ ਆਪ ਨੂੰ ਵੀ ਬਰਾਬਰ ਦਾ ਕਸੂਰਵਾਰ ਠਹਿਰਾਇਆ ਹੈ :

> "ਉਹਦਾ ਜਾਣਾ ਸ਼ਾਇਦ ਮੇਰਾ ਕਸੂਰ ਹੀ ਸੀ। ਈਮਾਨਦਾਰੀ ਨਾਲ ਸੋਚਾਂ ਤਾਂ ਮੇਰਾ ਹੀ ਕਸੂਰ ਸੀ, ਕਿਉਂਕਿ ਮੈਂ ਉਦੋਂ ਤਕ ਅਜੇ ਝੂਠ ਮੂਠ ਦਾ ਕੰਪ੍ਰੋਮਾਈਜ਼ ਕਰਨਾ ਨਹੀਂ ਸੀ ਸਿਖਿਆ।"

ਇਸ ਸਵੈ-ਜੀਵਨੀ ਨਾਲ ਸੰਬੰਧਿਤ ਇਕ ਵਰਣਨਯੋਗ ਨੁਕਤਾ ਇਹ ਵੀ ਹੈ ਕਿ ਇਥੇ ਲੇਖਿਕਾ ਨੇ ਆਪਣੇ ਜੀਵਨ ਦੇ ਤਲਖ਼-ਤਜੱਰਬਿਆਂ, ਸੁਭਾਅ, ਵਿਅੱਕਤੀਗਤ ਕਦਰਾਂ-ਕੀਮਤਾਂ, ਤੰਗੀਆਂ-ਤੁਰਸ਼ੀਆਂ ਤੇ ਕਮਜ਼ੋਰੀਆਂ ਨੂੰ ਸਮੁੱਚੇ ਸਮਾਜਕ ਤੇ ਸਭਿਆ-ਚਾਰਕ ਪ੍ਰਸੰਗ ਵਿਚ ਰਖ ਕੇ ਪੇਸ਼ ਕੀਤਾ ਹੈ।—ਉਹ ਵੀ ਪੂਰੀ ਬੇਬਾਕੀ ਤੇ ਦਲੇਰੀ ਨਾਲ ਅਤੇ ਨਿਰਸੰਕੋਚ ਹੋ ਕੇ। ਇਹ ਸਭ ਗੱਲਾਂ ਇਸ ਰਚਨਾ ਦੇ ਸਾਹਿਤਕ ਮਹੱਤਵ ਨੂੰ ਹੋਰ ਵੀ ਵਧਾਉਂਦੀਆਂ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਥੋਂ ਤੱਕ 'ਖ਼ਾਨਾਬਦੋਸ਼' ਰਚਨਾ ਵਿਚੋਂ ਉੱਭਰਣ ਵਾਲੇ ਨਾਰੀ-ਬਿੰਬ ਦਾ ਸੁਆਲ ਹੈ, ਉਹ ਆਪਣੇ ਆਪ ਵਿਚ ਇਕ ਚਰਚਾਯੋਗ ਮਸਲਾ ਹੈ। ਗਹੁ ਨਾਲ ਦੇਖਿਆਂ ਪਤਾ ਚਲਦਾ ਹੈ ਕਿ ਇਸ ਰਚਨਾ ਵਿਚ ਪੇਸ਼ ਨਾਰੀ, ਸਹੀ ਅਰਥਾਂ ਵਿਚ ਖ਼ਾਨਾਬਦੋਸ਼ੀ ਦੀ ਅਵੱਸਥਾ ਨੂੰ ਹੰਢਾਉਂਦੀ ਨਜ਼ਰ ਆਉਂਦੀ ਹੈ। ਇਹ ਖ਼ਾਨਾਬਦੋਸ਼ੀ ਨਾ ਤਾਂ ਉਸਨੂੰ ਵਿਰਸੇ 'ਚੋਂ ਮਿਲੀ ਕੋਈ ਦਾਤ ਹੈ ਅਤੇ ਨਾ ਹੀ ਉਹ ਕਿਸੇ ਖ਼ਾਨਾਬਦੋਸ਼ (ਜਿਪਸੀ) ਟੱਬਰ ਵਿਚ ਜਨਮੀ ਹੈ। ਉਸਦੇ ਕਹਿਣ ਮੁਤਾਬਕ ਫਿਰ ਵੀ ਉਹ ਜਿਪਸੀ ਬਣ ਗਈ ਹੈ। ਕਿਸੇ ਚਾਅ ਨਾਲ ਨਹੀਂ, ਸਗੋਂ ਹਾਦਸਿਆਂ ਦੀ ਸਾਜ਼ਿਸ਼ ਨਾਲ। ਪਰ, ਰਚਨਾ 'ਚੋਂ ਪ੍ਰਾਪਤ ਵੇਰਵਿਆਂ ਤੋਂ ਇਹੀ ਸੂਚਨਾ ਮਿਲਦੀ ਹੈ ਕਿ ਇਨ੍ਹਾਂ ਵਿਚੋਂ ਬਹੁਤੇ ਹਾਦਸੇ ਇਸ ਨਾਰੀ ਨੇ ਆਪ ਸਹੇੜੇ ਹਨ—ਕੁਝ ਤਥਾਕਥਿਤ ਖ਼ੁਦਦਾਰੀ ਵਸ ਪੈ ਕੇ ਅਤੇ ਕੁਝ ਜੀਵਨ-ਅਨੁਭਵ ਦੀ ਕਚਿਆਈ ਤੇ ਜਲਦਬਾਜ਼ੀ 'ਚ ਲਏ ਫੈਸਲਿਆਂ ਕਰਕੇ। ਇਹ ਨਾਰੀ ਆਪਣੇ ਆਪ ਨੂੰ ਜ਼ਹੀਨ ਤੇ ਖ਼ੁਦਦਾਰ ਸਾਬਤ ਕਰਨਾ ਲੋਚਦੀ ਹੈ। 'ਇਸ ਲਈ ਉਹ ਅੰਮ੍ਰਿਤਾ-ਪ੍ਰੀਤਮ ਤੇ ਇੰਦਰਾ ਗਾਂਧੀ ਨੂੰ ਮਾਡਲ ਰੂਪ ਵਿਚ ਅਪਨਾਉਂਦੀ ਹੈ। ਗਹੁ ਨਾਲ ਦੇਖਿਆਂ ਪਤਾ ਚਲਦਾ ਹੈ ਕਿ ਨਾ ਤਾਂ ਉਸਦੀ ਜ਼ਹੀਨੀਅਤ ਤੇ ਨਾ ਹੀ ਖ਼ੁਦਦਾਰੀ ਦੀ ਤਹਿ ਹੇਠ ਕੋਈ ਠੋਸ ਆਧਾਰ (ਜੀਵਨ-ਦਰਸ਼ਨ) ਹੈ। ਜਿਸਨੂੰ ਉਹ ਆਪਣੀ ਖ਼ੁਦਦਾਰੀ ਕਹਿੰਦੀ ਹੈ...ਅਸਲ ਵਿਚ ਉਹ ਜੀਵਨ-ਅਨੁਭਵ ਦੀ ਕਚਿਆਈ 'ਚੋਂ ਉਪਜਿਆ ਜ਼ਿੱਦੀਪੁਣਾ ਹੈ ਅਤੇ ਇਹ ਹੀ ਉਸਦੇ ਜੀਵਨ-ਦੁਖਾਂਤ ਦਾ ਮੂਲ ਕਾਰਨ ਬਣਦਾ ਹੈ। ਉਸਦੇ ਜੀਵਨ ਵਿਚ ਵਾਪਰਦਾ ਲਗਭਗ ਹਰ ਹਾਦਸਾ ਇਸੇ ਜ਼ਿੱਦੀਪੁਣੇ ਦਾ ਹੀ ਸ਼ਿਕਾਰ ਹੈ। ਇਸੇ ਕਰਕੇ ਉਸਦਾ ਕੋਈ ਪ੍ਰੇਮ-ਸੰਬੰਧ ਜਾਂ ਵਿਆਹ ਸਿਰੇ ਨਹੀਂ ਚੜ੍ਹਦਾ। ਉਸਦੀਆਂ ਨਿਜੀ ਕਦਰਾਂ-ਕੀਮਤਾਂ, ਸਥਾਪਤ ਜੀਵਨ-ਮੁੱਲਾਂ ਨਾਲ ਟਕਰਾਉਂਦੀਆਂ ਹਨ। ਸਥਿਤੀਆਂ-ਪਰਸ-ਥਿਤੀਆਂ ਪ੍ਰਤੀ ਵਿਦਰੋਹ ਤੇ ਬਗ਼ਾਵਤ ਹੁੰਦੀ ਹੈ। ਪਰ, ਇਸ ਸਭ ਕੁਝ ਦੇ ਹੁੰਦਿਆਂ ਉਸ ਕੋਲ ਕੋਈ ਅਜਿਹੀ ਸੰਤੁਲਿਤ ਜੀਵਨ-ਜਾਚ ਦਾ ਆਧਾਰ ਨਹੀਂ, ਜਿਸ ਨਾਲ ਉਹ ਸੁਖੀ ਤੇ ਸ਼ਾਂਤੀ ਭਰਿਆ ਜੀਵਨ ਬਿਤਾ ਸਕੇ। ਇਸ ਸਾਰੇ ਵਿਦਰੋਹ ਤੇ ਬਗ਼ਾਵਤ 'ਚੋਂ ਆਖ਼ਰ ਉਸਨੂੰ ਮਿਲਦਾ ਕੀ ਹੈ? ਕੇਵਲ ਇਕਲਾਪਾ, ਦਰਦ, ਵਿਸ਼ਾਦ, ਉਦਾਸੀ ਤੇ ਬੇਸਹਾਰਾਪਣ, ਬਸ। ਪ੍ਰਸ਼ਨ ਉਠਦਾ ਹੈ ਕਿ ਜੇਕਰ ਸਾਰੇ ਸੰਘਰਸ਼ 'ਚੋਂ ਉਸਨੂੰ ਇਹੋ ਕੁਝ ਹੀ ਪ੍ਰਾਪਤ ਹੋਣਾ ਸੀ ਤਾਂ ਉਸਦਾ ਸਾਰਾ ਵਿਦਰੋਹ ਤੇ ਬਗ਼ਾਵਤ ਕਿਸ ਸਕਾਰਥੇ? ਖ਼ੈਰ! ਇਸ ਸਭ ਕੁਝ ਦੇ ਬਾਵਜੂਦ ਵੀ 'ਖ਼ਾਨਾਬਦੋਸ਼' ਇਕ ਸਵੈ-ਜੀਵਨੀ ਦੇ ਤੌਰ 'ਤੇ ਇਕ ਮੁਲਵਾਨ ਰਚਨਾ ਸਾਬਤ ਹੋਈ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਧਿਆਇ 5

ਤਿੰਨ ਸਵੈ-ਜੀਵਨੀਆਂ ਦਾ ਤੁਲਨਾਤਮਕ ਅਧਿਐਨ

'ਰਸੀਦੀ ਟਿਕਟ', 'ਨੰਗੇ ਪੈਰਾਂ ਦਾ ਸਫ਼ਰ' ਤੇ 'ਖ਼ਾਨਾਬਦੋਸ਼' ਤਿੰਨੋਂ ਸਵੈ-ਜੀਵਨੀਆਂ ਦਾ ਵੱਖੋ ਵੱਖਰੇ ਤੌਰ 'ਤੇ ਅਧਿਐਨ/ਵਿਸ਼ਲੇਸ਼ਣ ਕਰ ਲੈਣ ਮਗਰੋਂ, ਇਨ੍ਹਾਂ ਦੇ ਤੁਲਨਾਤਮਕ-ਅਧਿਐਨ ਦੀ ਸਮੱਸਿਆ ਸਾਹਮਣੇ ਆਉਂਦੀ ਹੈ। ਇਸ ਸਮੱਸਿਆ ਦਾ ਸਰੋਕਾਰ, ਉਨ੍ਹਾਂ ਕੁਝ ਬੁਨਿਆਦੀ ਸੁਆਲਾਂ ਨਾਲ ਹੈ, ਜੋ ਇਥੇ ਵਿਸ਼ੇਸ਼ ਤੌਰ 'ਤੇ ਚਰਚਾ ਦੀ ਮੰਗ ਕਰਦੇ ਹਨ। ਇਹ ਤਿੰਨੋਂ ਸਵੈ-ਜੀਵਨੀਆਂ ਕਿਸ ਹੱਦ ਤੱਕ ਇਕ ਦੂਸਰੀ ਤੋਂ ਭਿੰਨ ਹਨ? ਕੀ ਇਨ੍ਹਾਂ ਵਿਚਕਾਰ ਕੋਈ ਸਮਾਨਤਾ ਦਾ ਆਧਾਰ ਵੀ ਹੈ ਜਾਂ ਨਹੀਂ? ਇਨ੍ਹਾਂ 'ਚੋਂ ਉੱਭਰ ਕੇ ਸਾਹਮਣੇ ਆਉਣ ਵਾਲੇ ਨਾਰੀ-ਬਿੰਬ ਕਿਹੋ ਜਿਹੇ ਹਨ? ਕੀ ਇਹ ਤਿੰਨੋਂ ਸਵੈ-ਜੀਵਨੀਆਂ, ਸਵੈ-ਜੀਵਨੀ-ਵਿਧਾ ਦੇ ਮੂਲ ਪ੍ਰਯੋਜਨ ਉਪਰ ਪੂਰੀਆਂ ਉਤਰਦੀਆਂ ਹਨ, ਜਾਂ ਨਹੀਂ?—ਆਦਿ ਕੁਝ ਕੁ ਸੁਆਲ ਹਨ, ਜਿਨ੍ਹਾਂ ਨੂੰ ਹੱਲ ਕਰਨਾ, ਇਸ ਅਧਿਆਇ ਦਾ ਮੂਲ ਪ੍ਰਯੋਜਨ ਹੋ ਨਿਬੜਦਾ ਹੈ। ਇਨ੍ਹਾਂ ਸੁਆਲਾਂ ਦਾ ਹੱਲ ਕੇਵਲ ਤੁਲਨਾਤਮਕ ਅਧਿਐਨ-ਵਿਧੀ ਰਾਹੀਂ ਹੀ ਸੰਭਵ ਹੈ। ਇਹ ਅਧਿਐਨ-ਵਿਧੀ ਸਾਨੂੰ ਦੱਸ ਪਾਉਂਦੀ ਹੈ ਕਿ ਹਰ ਸਾਹਿਤ-ਰਚਨਾ, ਉੱਚ ਕੋਟੀ ਦੀਆਂ ਦੂਸਰੀਆਂ ਰਚਨਾਵਾਂ ਵਰਗੀ ਵੀ ਹੁੰਦੀ ਹੈ ਤੇ ਉਨ੍ਹਾਂ ਤੋਂ 'ਵੱਖਰੀ' ਵੀ। ਇਸ 'ਵਰਗੇਪਨ' ਤੇ 'ਵਖਰੇਪਨ' ਦੀ ਪਛਾਣ, ਉਦੋਂ ਹੀ ਸੰਭਵ ਹੈ, ਜਦੋਂ ਰਚਨਾਵਾਂ ਦਾ ਤੁਲਨਾਤਮਕ-ਪਰਿਪੇਖ ਸਾਡੇ ਸਾਹਮਣੇ ਹੁੰਦਾ ਹੈ। ਸਾਡੀ ਇਸ ਤੁਲਨਾਤਮਕ ਅਧਿਐਨ-ਵਿਧੀ ਦਾ ਸੰਬੰਧ ਕਿਸੇ ਪੂਰਵ ਨਿਸ਼ਚਿਤ ਅਦਵੈਤਵਾਦ ਵਿਚ ਸਮਾਉਣ ਨਾਲ ਨਹੀਂ, ਸਗੋਂ ਹਰ ਰਚਨਾ (ਸਵੈ-ਜੀਵਨੀ) ਦੀ ਆਪਣੀ ਅਦੁੱਤੀ ਤੇ ਨਿਰਾਲਮ ਹੋਂਦ ਦੇ ਨਿਆਂਇ ਨੂੰ ਨਿਸ਼ਚਿਤ ਕਰਨ ਅਤੇ ਸ਼ਾਸਤਰੀ ਵਿਧਾਨ ਦੀ ਪੱਧਰ 'ਤੇ ਉਨ੍ਹਾਂ ਦੀ ਪਰਸਪਰ ਤੁਲਨਾ ਕਰਨ ਨਾਲ ਹੈ।[1] ਯਾਦ ਰਹੇ, ਇਹ ਅਧਿਐਨ ਵਿਧੀ ਕਿਸੇ

1. **'ਸੰਚਾਰ ਸਭਿਆਚਾਰ'**; ਪੰਨਾ 66.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਰਚਨਾ ਦੀ ਸਰਵੋਤਮਤਾ ਸਥਾਪਤ ਕਰਨ ਅਤੇ ਦੂਸਰੀਆਂ ਸੰਬੰਧਿਤ ਰਚਨਾਵਾਂ ਨੂੰ ਉਸ ਦੀ ਹਜ਼ੂਰੀ ਵਿਚ ਬਿਠਾ ਕੇ ਅਧਿਐਨ ਕਰਨ ਦੇ ਵਿਰੋਧ ਵਿਚ ਹੈ।

ਇਸ ਦ੍ਰਿਸ਼ਟੀ ਤੋਂ ਜਦੋਂ ਅਸੀਂ 'ਰਸੀਦੀ ਟਿਕਟ', 'ਨੰਗੇ ਪੈਰਾਂ ਦਾ ਸਫ਼ਰ' ਤੇ 'ਖ਼ਾਨਾਬਦੋਸ਼' ਸਵੈ-ਜੀਵਨੀਆਂ ਨੂੰ ਤੁਲਨਾਤਮਕ-ਅਧਿਐਨ ਦਾ ਵਿਸ਼ਾ ਬਣਾਉਂਦੇ ਹਾਂ ਤਾਂ ਸਭ ਤੋਂ ਪਹਿਲਾਂ, ਇਸੇ ਅਧਿਆਇ ਦੇ ਮੁੱਢ ਵਿਚ ਉਠੇ ਕੁਝ ਬੁਨਿਆਦੀ ਸੁਆਲਾਂ ਨਾਲ ਸਾਡਾ ਵਾਹ ਪੈਂਦਾ ਹੈ। ਇਨ੍ਹਾਂ ਸੁਆਲਾਂ ਨੂੰ ਹੱਲ ਕੀਤੇ ਬਿਨਾਂ ਸਾਡੇ ਲਈ ਅੱਗੇ ਵੱਧਣਾ ਮੁਸ਼ਕਲ ਹੈ। ਸੋ ! ਸਭ ਤੋਂ ਪਹਿਲਾਂ ਇਨ੍ਹਾਂ ਦਰਪੇਸ਼ ਸੁਆਲਾਂ ਉਪਰ ਚਰਚਾ ਕਰਨੀ ਜ਼ਰੂਰੀ ਬਣਦੀ ਹੈ।

ਇਸ ਸੰਬੰਧ ਵਿਚ ਪਹਿਲਾ ਵਿਵਾਦ-ਰਹਿਤ ਨੁਕਤਾ ਇਹ ਹੈ ਕਿ ਇਹ ਤਿੰਨੋਂ ਸਵੈ-ਜੀਵਨੀਆਂ, ਤਿੰਨ ਵੱਖ ਵੱਖ ਪੰਜਾਬੀ ਇਸਤਰੀ ਲੇਖਕਾਂ ਦੁਆਰਾ ਲਿਖੀਆਂ ਹਨ—ਉਹ ਵੀ ਭਿੰਨ ਭਿੰਨ ਕਾਲ-ਬਿੰਦੂਆਂ ਉਪਰ। 'ਰਸੀਦੀ ਟਿਕਟ' ਦਾ ਪ੍ਰਕਾਸ਼ਨ ਸੰਨ 1976 ਵਿਚ, 'ਨੰਗੇ ਪੈਰਾਂ ਦਾ ਸਫ਼ਰ' ਦਾ ਪ੍ਰਕਾਸ਼ਨ ਸੰਨ 1980 ਅਤੇ 'ਖ਼ਾਨਾਬਦੋਸ਼' ਦਾ ਸੰਨ 1982 ਵਿਚ ਹੋਇਆ—ਇਸ ਵਿਚਾਰ ਦੀ ਪੁਸ਼ਟੀ ਲਈ ਸਭ ਤੋਂ ਵੱਡਾ ਪ੍ਰਮਾਣ ਹੈ। ਭਾਵੇਂ, ਇਨ੍ਹਾਂ ਪ੍ਰਕਾਸ਼ਨ ਕਾਲਾਂ ਵਿਚ ਕੋਈ ਬਹੁਤੀ ਲੰਬੀ ਵਿੱਥ ਨਹੀਂ, ਪਰ ਫਿਰ ਵੀ ਇਸ ਤੱਥ ਨੂੰ ਸਹਿਜੇ ਕੀਤਿਆਂ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। 'ਰਸੀਦੀ ਟਿਕਟ' ਅੰਮ੍ਰਿਤਾ ਪ੍ਰੀਤਮ ਦੁਆਰਾ, 'ਨੰਗੇ ਪੈਰਾਂ ਦਾ ਸਫ਼ਰ' ਦਲੀਪ ਕੌਰ ਟਿਵਾਣਾ ਤੇ 'ਖ਼ਾਨਾਬਦੋਸ਼' ਅਜੀਤ ਕੌਰ ਦੁਆਰਾ ਲਿਖੀ ਗਈ ਸਵੈ-ਜੀਵਨੀ ਹੈ। ਬੁਨਿਆਦੀ ਤੌਰ 'ਤੇ ਇਹ ਤਿੰਨੋਂ ਪੰਜਾਬੀ ਜ਼ਬਾਨ ਦੀਆਂ ਚਰਚਿਤ ਗਲਪ-ਲੇਖਿਕਾਵਾਂ ਹਨ। ਇਨ੍ਹਾਂ ਵਿਚੋਂ ਅੰਮ੍ਰਿਤਾ ਪ੍ਰੀਤਮ ਇਕ ਗਲਪਕਾਰ ਹੋਣ ਦੇ ਨਾਲ ਨਾਲ, ਇਕ ਚਰਚਿਤ ਕਵਿਤਰੀ ਵੀ ਹੈ। ਭਾਵੇਂ, ਇਨ੍ਹਾਂ ਸਵੈ-ਜੀਵਨੀਆਂ ਨਾਲ ਸੰਬੰਧਿਤ ਇਹ ਕੋਈ ਅਹਿਮ ਨੁਕਤਾ ਨਹੀਂ, ਪਰ, ਫਿਰ ਵੀ ਇਨ੍ਹਾਂ ਦਾ ਸੰਕੇਤ ਮਾਤਰ ਜ਼ਿਕਰ ਕਰਨਾ ਜ਼ਰੂਰੀ ਬਣਦਾ ਸੀ। ਕਿਉਂਕਿ ਇਨ੍ਹਾਂ ਸਾਹਿਤ-ਵਿਧਾਵਾਂ ਨਾਲ ਇਹ ਲੇਖਿਕਾਵਾਂ ਸੰਬੰਧਿਤ ਹਨ ਜਾਂ ਰਹੀਆਂ ਹਨ, ਉਨ੍ਹਾਂ ਦੀ (ਸਿੱਧੇ ਜਾਂ ਅਸਿੱਧੇ ਰੂਪ ਵਿਚ) ਇਨ੍ਹਾਂ ਤਿੰਨੋਂ ਸਵੈ-ਜੀਵਨੀਆਂ ਵਿਚ ਹੋਈ ਦਖ਼ਲਅੰਦਾਜ਼ੀ ਨੂੰ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ। ਇਨ੍ਹਾਂ ਸਾਹਿਤ-ਵਿਧਾਵਾਂ ਨੇ ਇਨ੍ਹਾਂ ਸਵੈ-ਜੀਵਨੀਆਂ ਦੀ ਲਿਖਣ-ਸ਼ੈਲੀ ਤੇ ਬਿਰਤਾਂਤ-ਵਿਧੀ ਨੂੰ ਕਾਫ਼ੀ ਹੱਦ ਤੱਕ ਪ੍ਰਭਾਵਿਤ ਕੀਤਾ ਹੈ।

ਇਸ ਪੱਖੋਂ ਦੇਖਿਆਂ ਟਿਵਾਣਾ ਤੇ ਅਜੀਤ ਕੌਰ ਨੇ ਆਪੋ ਆਪਣੇ ਜੀਵਨ-ਅਨੁਭਵਾਂ ਤੇ ਦਰਪੇਸ਼ ਆਈਆਂ ਘਟਨਾਵਾਂ ਨੂੰ ਸਮਾਜਕ ਸੰਦਰਭ ਵਿਚ ਰਖ ਕੇ ਪੂਰੇ ਵਿਸਤਾਰ ਨਾਲ ਪੇਸ਼ ਕੀਤਾ ਹੈ। ਇਸ ਸਮਾਜਕ ਸੰਦਰਭ 'ਚੋਂ ਉਨ੍ਹਾਂ ਦੇ ਪਰਿਵਾਰਕ ਤੇ ਭਾਈਚਾਰਕ ਸੰਬੰਧ ਖ਼ਾਰਜ ਨਹੀਂ ਹੁੰਦੇ। ਇਨ੍ਹਾਂ ਸੰਬੰਧਾਂ ਦੀ ਸ਼ਮੂਲੀਅਤ ਨੂੰ ਸਹਿਜੇ ਹੀ ਅਨੁਭਵ ਕੀਤਾ ਜਾ ਸਕਦਾ ਹੈ। 'ਨੰਗੇ ਪੈਰਾਂ ਦਾ ਸਫ਼ਰ' ਤੇ 'ਖ਼ਾਨਾਬਦੋਸ਼' ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਨ੍ਹਾਂ ਸੰਬੰਧਾਂ ਦੀ ਪਸ਼ਕਾਰੀ ਬੜੀ ਬਾਰੀਕੀ ਨਾਲ ਹੋਈ ਹੈ। ਘਟਨਾਵਾਂ ਨਾਲ ਸੰਬੰਧਿਤ, ਹਰ ਨਿੱਕੇ ਨੰਨੇ ਵੇਰਵੇ ਨੂੰ ਬਿਆਨ ਕਰਨ ਦੀ ਰੁਚੀ, ਇਥੇ ਬੜੀ ਪ੍ਰਬਲ ਦਿਖਾਈ ਦਿੰਦੀ ਹੈ। ਇਨ੍ਹਾਂ ਦੋਹਾਂ ਲੇਖਿਕਾਵਾਂ ਵਿਚੋਂ ਵੀ ਵਿਸ਼ੇਸ਼ ਕਰਕੇ ਅਜੀਤ ਕੌਰ, ਆਪਣੇ ਜੀਵਨ ਦਾ ਭੱਰਵਾਂ ਚਿੱਤਰ ਉਲੀਕਣ ਵਿਚ ਵਧੇਰੇ ਕਾਮਯਾਬ ਹੋਈ ਹੈ। ਅੰਮ੍ਰਿਤਾ ਪ੍ਰੀਤਮ ਦੀ 'ਰਸੀਦੀ ਟਿਕਟ' ਵਿਚ ਅਜਿਹੀ ਗੱਲ ਘੱਟ ਹੀ ਵੇਖਣ ਨੂੰ ਮਿਲਦੀ ਹੈ। ਆਪਣੇ ਜੀਵਨ-ਅਨੁਭਵਾਂ ਤੇ ਕੁਝ ਅਹਿਮ ਘਟਨਾਵਾਂ ਦਾ ਜ਼ਿਕਰ ਉਸ ਨੇ ਕੇਵਲ ਟਿੱਪਣੀ ਮਾਤਰ ਹੀ ਕੀਤਾ ਹੈ। ਸਿੱਟੇ ਵਜੋਂ, ਉਹ ਕਿਸੇ ਸੁਨਿਸ਼ਚਿਤ ਬਿਰਤਾਂਤਕ ਜਾਂ ਵਾਰਤਕ ਪ੍ਰਬੰਧ ਵਿਚ ਬੱਝ ਕੇ ਪੇਸ਼ ਨਹੀਂ ਹੋ ਸਕੀਆਂ। ਲੇਖਿਕਾ ਦੇ ਸਾਰੇ ਜੀਵਨਗਤ ਵੇਰਵੇ ਖੰਡ ਖੰਡ ਹੋ ਕੇ ਪੇਸ ਹੋਏ ਹਨ—ਉਹ ਵੀ ਆਪਣੇ ਸਮਾਜਕ ਤੇ ਸਭਿਆਚਾਰਕ ਪ੍ਰਸੰਗ ਨਾਲੋਂ ਟੁੱਟੇ ਹੋਏ। ਇਥੇ ਹੀ ਬਸ ਨਹੀਂ, ਉਸ ਨੇ ਆਪਣੇ ਜੀਵਨ ਨਾਲ ਸੰਬੰਧਿਤ ਕੁਝ ਅਹਿਮ ਵੇਰਵਿਆਂ ਨੂੰ ਜਾਣ ਬੁੱਝ ਕੇ ਚਰਚਾ ਦਾ ਵਿਸ਼ਾ ਨਹੀਂ ਬਣਾਇਆ। ਮਿਸਾਲ ਵਜੋਂ, ਵਿਅ ਹ ਮਗਰੋਂ ਸ੍ਰ: ਪ੍ਰੀਤਮ ਸਿੰਘ ਨਾਲ ਇਕ ਪਤਨੀ ਦੇ ਰੂਪ ਵਿਚ ਬਿਤਾਏ ਦਿਨਾ ਜਾਂ ਅਨੁਭਵਾਂ ਦਾ ਜ਼ਿਕਰ ਕਰਨ ਲੱਗਿਆਂ ਉਸ ਨੇ ਅਤਿ ਦਾ ਸੰਕੋਚ ਵਰਤਿਆ ਹੈ। ਨਾਲੇ ਵਿਆਹ-ਸੰਬੰਧ ਟੁੱਟਣ ਦੇ ਕਾਰਨ, ਪਤੀ ਦੀਆਂ ਭਾਵਨਾਵਾਂ ਤੇ ਮਨੋਦਸ਼ਾ, ਬੱਚਿਆਂ ਉਪਰ ਇਸ ਸਭ ਕੁਝ ਦੇ ਪਏ ਪ੍ਰਭਾਵਾਂ ਨੂੰ ਇਥੇ ਪੂਰੇ ਵਿਸਤਾਰ ਨਾਲ ਉਲੀਕਣ ਦਾ ਯਤਨ ਨਹੀਂ ਕੀਤਾ ਗਿਆ। ਇਸ ਸਭ ਕੁਝ ਦੇ ਸਿੱਟੇ ਵਜੋਂ, ਇਹ ਸਵੈ-ਜੀਵਨੀ ਪੇਤਲੇਪਨ ਤੇ ਓਪਰੇਪਨ ਦਾ ਸ਼ਿਕਾਰ ਹੋ ਕੇ ਰਹਿ ਜਾਂਦੀ ਹੈ। ਜੀਵਨ-ਅਨੁਭਵ ਟੁਕੜੇ ਟੁਕੜੇ ਹੋ ਕੇ ਪੇਸ਼ ਹੋਇਆ ਹੋਣ ਕਾਰਨ—ਇਹ ਰਚਨਾ ਸਵੈ-ਜੀਵਨੀ ਤੋਂ ਵਧੇਰੇ 'ਡਾਇਰੀ' ਜਾਂ 'ਸੰਸਮਰਣ' ਦੇ ਨੇੜੇ ਦੀ ਕੋਈ ਰਚਨਾ ਨਜ਼ਰ ਆਉਂਦੀ ਹੈ। ਗਲਪ-ਲੇਖਿਕਾ ਦੇ ਨਾਲ ਨਾਲ ਇਕ ਕਵਿਤਰੀ ਹੋਣ ਕਰਕੇ, ਉਸ ਦਾ ਕਾਵਿਕ ਆਪਾ ਵੀ ਇਸ ਗੱਲ ਲਈ ਜ਼ੁੰਮੇਵਾਰ ਹੋ ਸਕਦਾ ਹੈ। ਪਰ, ਗਹੁ ਨਾਲ ਦੇਖਿਆਂ ਪਤਾ ਚਲਦਾ ਹੈ ਕਿ ਉਸ ਦੀ ਆਪਾ-ਲੁਕਾਊ ਬਿਰਤੀ ਹੀ ਇਸ ਲਈ ਵਧੇਰੇ ਜ਼ੁੰਮੇਵਾਰ ਹੈ। ਇਸ ਦਾ ਮਤਲਬ ਹਰਗਿਜ਼ ਇਹ ਨਹੀਂ ਕਿ ਟਿਵਾਣਾ ਤੇ ਅਜੀਤ ਕੌਰ ਆਪਾ-ਲੁਕਾਊ, ਬਿਰਤੀ ਤੋਂ ਪੂਰੀ ਤਰ੍ਹਾਂ ਮੁਕਤ ਹਨ। ਅੰਤਰ ਕੇਵਲ ਮਾਤਰਾ ਦਾ ਹੈ। ਅੰਮ੍ਰਿਤਾ ਪ੍ਰੀਤਮ ਦੇ ਮੁਕਾਬਲੇ 'ਚ ਟਿਵਾਣਾ ਤੇ ਅਜੀਤ ਕੌਰ ਹਰ ਵੇਰਵੇ ਨੂੰ ਬਾਰੀਕੀ ਨਾਲ ਤੇ ਹਰ ਅਹਿਮ ਘਟਨਾ ਨੂੰ ਪੂਰੇ ਵਿਸਤਾਰ ਨਾਲ ਪੇਸ਼ ਕਰਨ ਦੀ ਰੁਚੀ ਰਖਦੀਆਂ ਹਨ। ਗਲਪ-ਲੇਖਿਕਾਵਾਂ ਹੋਣ ਕਰਕੇ, ਇਨ੍ਹਾਂ ਦੀਆਂ ਸਵੈ-ਜੀਵਨੀਆਂ ਵਿਚ ਕੁਝ ਨਾਵਲੀ ਤੱਤਾਂ (ਜਿਨ੍ਹਾਂ ਸੰਬੰਧੀ ਵਿਸਤਾਰ ਸਹਿਤ ਚਰਚਾ ਪਿੱਛਲੇ ਅਧਿਆਵਾਂ ਵਿਚ ਹੋ ਚੁੱਕੀ ਹੈ) ਦਾ ਪ੍ਰਵੇਸ਼ ਸਹਿਜੇ ਹੀ ਹੋ ਗਿਆ ਹੈ। ਸ਼ਾਇਦ ਇਸੇ ਕਰਕੇ ਇਹ ਸਵੈ-ਜੀਵਨੀਆਂ ਕਈ ਥਾਈਂ ਗਲਪ-ਰਚਨਾਵਾਂ ਹੋਣ ਦਾ ਭੁਲੇਖਾ ਸਿਰਜਦੀਆਂ ਨਜ਼ਰ ਆਉਂਦੀਆਂ ਹਨ। ਸੋ ! 'ਰਸੀਦੀ ਟਿਕਟ' ਦੇ ਮੁਕਾਬਲੇ 'ਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਨ੍ਹਾਂ ਸਵੈ-ਜੀਵਨੀਆਂ ਦਾ ਸਾਹਿਤਕ ਤੇ ਕਲਾਤਮਕ ਮੁੱਲ ਵਧੇਰੇ ਹੋ ਗਿਆ ਹੈ।

ਇਨ੍ਹਾਂ ਤਿੰਨਾਂ ਸਵੈ-ਜੀਵਨੀਆਂ ਨਾਲ ਸੰਬੰਧਿਤ ਇਕ ਸਾਂਝਾ ਤੱਤ ਵੀ ਹੈ—ਉਹ ਹੈ 'ਰੂਪਕ-ਸਿਰਜਣਾ'। ਤਿੰਨੋਂ ਸਵੈ-ਜੀਵਨੀਆਂ ਦੇ ਨਾਮ ('ਰਸੀਦੀ ਟਿਕਟ', 'ਨੰਗੇ ਪੈਰਾਂ ਦਾ ਸਫ਼ਰ' ਤੇ 'ਖ਼ਾਨਾਬਦੋਸ਼') ਰੂਪਕੀ (metaphorical) ਹਨ। ਆਪਣੀ ਸਵੈ-ਜੀਵਨੀ ਵਿਚ ਅੰਮ੍ਰਿਤਾ ਪ੍ਰੀਤਮ ਨੇ ਆਪਣੀ ਜੀਵਨੀ ਲਈ 'ਰਸੀਦੀ ਟਿਕਟ' ਨੂੰ ਇਕ ਰੂਪਕ ਵਜੋਂ ਵਰਤਿਆ ਹੈ। ਇਸ ਤੋਂ ਛੁੱਟ ਉਸ ਨੇ ਆਪਣੀ ਜ਼ਿੰਦਗੀ ਦੇ ਲੇਖੇ ਜੋਖੇ ਲਈ 'ਕਿਆਮਤ' ਅਤੇ ਆਪਣੀ ਨਸਲ ਲਈ 'ਕਕਨੂਸ' ਆਦਿ ਰੂਪਕਾਂ ਦੀ ਸਿਰਜਣਾ ਵੀ ਕੀਤੀ ਹੈ :

> "ਜਾਪਦਾ ਹੈ—ਮੇਰੇ ਵਰਗੇ ਕੁਝ ਲੋਕ, ਭਾਵੇਂ ਕਿਹੜੇ ਦੇਸ ਵਿਚ ਹੋਣ,
> ਤੇ ਭਾਵੇਂ ਕਿਹੜੀ ਸਦੀ ਵਿਚ, ਕਕਨੂਸੀ-ਨਸਲ ਵਿਚੋਂ ਹੁੰਦੇ ਹਨ।"
> (ਪੰਨਾ 131)

ਇਸੇ ਤਰ੍ਹਾਂ ਦਲੀਪ ਕੌਰ ਟਿਵਾਣਾ ਤੇ ਅਜੀਤ ਕੌਰ ਨੇ ਵੀ ਆਪੋ ਆਪਣੀ ਜੀਵਨ-ਵਿਥਿਆ ਲਈ ਵੱਖੋ ਵੱਖਰੇ ਰੂਪਕ ('ਨੰਗੇ ਪੈਰਾਂ ਦਾ ਸਫ਼ਰ' ਤੇ 'ਖ਼ਾਨਾਬਦੋਸ਼') ਸਿਰਜੇ ਹਨ। 'ਨੰਗੇ ਪੈਰਾਂ ਦਾ ਸਫ਼ਰ' ਇਕ ਦੁੱਖ ਭੋਗਦੀ ਨਾਰੀ ਲਈ ਵਿਸ਼ਾਦਮੂਲਕ ਰੂਪਕ ਹੈ ਅਤੇ 'ਖ਼ਾਨਾਬਦੋਸ਼' ਰੂਪਕ, ਅਜੀਬ ਕਿਸਮ ਦੇ ਉਜਾੜਪਣ, ਬੇਘਰਪਣ ਤੇ ਬਦਹਵਾਸੀ ਵਲ ਸੰਕੇਤ ਕਰਦਾ ਹੈ। ਪਰ, ਇਥੇ 'ਖ਼ਾਨਾਬਦੋਸ਼' ਰੂਪਕ (ਲੇਖਿਕਾ ਦੇ ਆਪਣੇ ਕਹੇ ਅਨੁਸਾਰ) 'ਗੁਨਾਹਿ-ਅਜ਼ੀਮ-ਤਰੀਨ' (ਆਪਣੀ ਰੋਟੀ ਆਪ ਕਮਾਂਦੀ ਜ਼ਹੀਨ ਖ਼ੁਦਦਾਰ, ਇਕੱਲੀ ਔਰਤ) ਲਈ ਵਰਤਿਆ ਗਿਆ ਹੈ। ਇਉਂ, ਰੂਪਕ-ਸਿਰਜਣਾ ਜਾਂ ਰੂਪਕੀ-ਭਾਸ਼ਾ ਦੀ ਵਰਤੋਂ—ਇਨ੍ਹਾਂ ਤਿੰਨੋਂ ਸਵੈ-ਜੀਵਨੀਆਂ ਦਾ ਇਕ ਸਾਂਝਾ ਤੱਤ ਹੋ ਨਿਬੜਦਾ ਹੈ। ਅੰਮ੍ਰਿਤਾ ਪ੍ਰੀਤਮ ਦੀ ਸਵੈ-ਜੀਵਨੀ ਵਿਚ ਵਰਤੇ ਗਏ ਰੂਪਕ, ਬਹੁਤੇ ਢੁੱਕਵੇਂ ਪ੍ਰਤੀਤ ਨਹੀਂ ਹੁੰਦੇ ਅਤੇ ਨਾ ਹੀ ਉਸ ਦੀ ਜੀਵਨ-ਗਾਥਾ ਇਨ੍ਹਾਂ ਰੂਪਕਾਂ ਦੇ ਅਨੁਸਾਰੀ ਹੈ। ਪਰ, ਟਿਵਾਣਾ ਤੇ ਅਜੀਤ ਕੌਰ ਦੀ ਸਵੈ-ਜੀਵਨੀ ਲਈ ਵਰਤੇ ਗਏ ਰੂਪਕ ਬੜੇ ਸਹਿਜ ਤੇ ਢੁੱਕਵੇਂ ਹਨ। ਇਉਂ, ਲੱਗਦੈ ਜਿਵੇਂ ਇਹ ਦੋਵੇਂ ਸਵੈ-ਜੀਵਨੀਆਂ, ਇਨ੍ਹਾਂ ਰੂਪਕਾਂ ਦਾ ਹੀ ਵਿਸਤਾਰ ਮਾਤਰ ਹੋਣ। ਇਸ ਲਈ ਇਨ੍ਹਾਂ ਨੂੰ 'ਵਿਸਤ੍ਰਿਤ ਰੂਪਕ' (Extended metaphor) ਦਾ ਨਾਮ ਵੀ ਦਿੱਤਾ ਜਾ ਸਕਦਾ ਹੈ।

ਜਿਥੋਂ ਤੱਕ 'ਨੰਗੇ ਪੈਰਾਂ ਦਾ ਸਫ਼ਰ' ਸਵੈ-ਜੀਵਨੀ ਦਾ ਸੰਬੰਧ ਹੈ, ਉਹ ਵਾਸਤਵਿਕ ਕਾਲ-ਕ੍ਰਮ ਦੀ ਸਧਾਰਣ-ਵਿਕਾਸ-ਰੇਖਾ ਦੇ ਅਨੁਸਾਰ ਚਲਦੀ ਹੈ। ਭਾਵ, ਇਹ ਰਚਨਾ ਅਤੀਤ (ਬਚਪਨ) ਤੋਂ ਵਰਤਮਾਨ ਸਥਿਤੀ ਵੱਲ, ਨਿਰੰਤਰ ਰੇਖਾਵੀ ਸਫ਼ਰ ਤੈਅ ਕਰਦੀ ਹੈ। ਪਰ, ਇਸ ਦੇ ਮੁਕਾਬਲੇ 'ਚ 'ਰਸੀਦੀ ਟਿਕਟ' ਤੇ 'ਖ਼ਾਨਾਬਦੋਸ਼' ਰਚਨਾਵਾਂ ਅਜਿਹੇ ਰੇਖਾਵੀ ਵਿਕਾਸ-ਕ੍ਰਮ ਦੇ ਬੰਧਨ ਤੋਂ ਮੁਕਤ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਰਚਨਾਵਾਂ, ਅਤੀਤ ਤੋਂ ਵਰਤਮਾਨ ਤੇ ਵਰਤਮਾਨ ਤੋਂ ਅਤੀਤ ਵੱਲ ਦੀ ਯਾਤਰਾ ਕਰਦੀਆਂ ਦਿਖਾਈ ਦਿੰਦੀਆਂ ਹਨ। ਇਨ੍ਹਾਂ ਰਚਨਾਵਾਂ ਵਿਚ ਪਿੱਛਲਝਾਤ ਵਾਲੀ ਨਾਵਲੀ ਜੁਗਤ ਦੀ ਵਰਤੋਂ ਕਈ ਵਾਰ ਹੋਈ ਹੈ। ਖ਼ਾਸ ਕਰਕੇ, 'ਖ਼ਾਨਾਬਦੋਸ਼' ਰਚਨਾ ਵਿਚ ਇਸ ਨਾਵਲੀ ਜੁਗਤ ਦੀ ਵਰਤੋਂ ਬੜੀ ਸ਼ਿੱਦਤ ਨਾਲ ਕੀਤੀ ਗਈ ਹੈ। ਇਸ ਤੋਂ ਛੁੱਟ ਇਥੇ, ਅਜਿਹੀਆਂ ਹੋਰ ਵੀ ਕਈ ਜੁਗਤਾਂ ਤੇ ਵਿਧੀਆਂ ਦੀ ਵਰਤੋਂ ਹੋਈ ਹੈ, ਜਿਨ੍ਹਾਂ ਸਦਕਾ ਇਹ ਰਚਨਾ ('ਖ਼ਾਨਾਬਦੋਸ਼') ਕਲਾਤਮਿਕਤਾ ਦੀਆਂ ਸ਼ਿਖਰਾਂ ਨੂੰ ਛੂੰਹਦੀ ਨਜ਼ਰ ਆਉਂਦੀ ਹੈ। ਸੰਬੋਧਨੀ ਲਹਿਜਾ ਵੀ ਇਸ ਸਵੈ-ਜੀਵਨੀ ਦਾ ਆਪਣਾ ਨਵੇਕਲਾ ਤੱਤ ਹੈ। ਭਾਵੇਂ, ਇਸ ਰਚਨਾ ਵਿਚ ਕੁਝ ਸੰਬੋਧਨੀ ਸ਼ਬਦਾਂ ਦੀ ਬਾਰ ਬਾਰ ਵਰਤੋਂ ਹੋਈ ਹੋਣ ਕਰਕੇ, ਕਈ ਵਾਰ ਇਹ ਗੱਲ ਅੱਖਰਦੀ ਵੀ ਹੈ। ਪਰ, ਇਹ ਵੀ ਸਪੱਸ਼ਟ ਹੈ ਕਿ ਦੂਸਰੀਆਂ ਸਵੈ-ਜੀਵਨੀਆਂ ਵਿਚ ਅਜਿਹੇ ਸੰਬੋਧਨੀ ਸ਼ਬਦਾਂ (ਦੋਸਤੋ, ਮਿਹਰਬਾਨੋ, ਯਾਰੋ ਆਦਿ) ਦੀ ਵਰਤੋਂ ਲਗਭਗ ਨਾਂਹ ਬਰਾਬਰ ਹੋਈ ਹੈ। ਇਨ੍ਹਾਂ ਸੰਬੋਧਨੀ ਸ਼ਬਦਾਂ ਦੇ ਪਿਛੋਕੜ ਵਿਚ ਕੰਮ ਕਰ ਰਹੀ ਭਾਵਨਾ ਤੇ ਮਾਨਸਿਕਤਾ ਸੰਬੰਧੀ ਚੌਥੇ ਅਧਿਆਇ ਵਿਚ ਵਿਸਤਾਰ ਸਹਿਤ ਚਰਚਾ ਕੀਤੀ ਜਾ ਚੁੱਕੀ ਹੈ। ਸੋ! ਇਥੇ ਇਸ ਨੂੰ ਦੁਹਰਾਉਣ ਦੀ ਲੋੜ ਮਹਿਸੂਸ ਨਹੀਂ ਹੁੰਦੀ।

ਸਵੈ-ਸ਼ਲਾਘਾ ਤੇ ਸਵੈ-ਪ੍ਰਸੰਸਾ ਦਾ ਸੁਰ, ਇਨ੍ਹਾਂ ਤਿੰਨੋਂ ਸਵੈ-ਜੀਵਨੀਆਂ 'ਚੋਂ ਬੁਲੰਦ ਹੁੰਦਾ ਪ੍ਰਤੀਤ ਹੁੰਦਾ ਹੈ। 'ਖ਼ਾਨਾਬਦੋਸ਼' ਵਿਚ ਇਹ ਸੁਰ ਰਤਾ ਮੱਧਮ ਹੈ, ਬਾਕੀ ਦੋਹਾਂ ਸਵੈ-ਜੀਵਨੀਆਂ ਵਿਚ ਪ੍ਰਚੰਡ ਰੂਪ ਧਾਰਦਾ ਦਿਖਾਈ ਦਿੰਦਾ ਹੈ। 'ਰਸੀਦੀ ਟਿਕਟ' ਦੀ ਅੰਤਿਕਾ 'ਯਥਾਰਥ ਤੋਂ ਯਥਾਰਥ ਤੱਕ' ਵਿਚ ਅੰਮ੍ਰਿਤਾ ਪ੍ਰੀਤਮ ਸਵੈ-ਜੀਵਨੀ ਨੂੰ 'ਚਿਲਕਦੀ ਚਮਕਦੀ ਸਚਾਈ' ਜਾਂ ਸਵੈ-ਸ਼ਲਾਘਾ ਦਾ ਹੁਨਰੀ ਮਾਧਿਅਮ ਮੰਨਣ ਵਾਲੇ ਵਿਚਾਰ ਨਾਲ ਅਸਹਿਮਤੀ ਪ੍ਰਗਟ ਕਰਦੀ ਹੈ। ਉਹ ਸਵੈ-ਜੀਵਨੀ ਨੂੰ 'ਯਥਾਰਥ ਤੋਂ ਯਥਾਰਥ ਤੱਕ ਦਾ ਅਮਲ' ਸਵੀਕਾਰ ਕਰਦੀ ਹੈ। ਪਰ, ਵਿਹਾਰਕ ਪੱਧਰ 'ਤੇ ਉਹ ਆਪਣੀ ਸਵੈ-ਜੀਵਨੀ ਵਿਚ ਇਸੇ ਸਵੈ-ਸ਼ਲਾਘਾ ਦੀ ਭਾਵਨਾ ਦਾ ਸ਼ਿਕਾਰ ਹੋ ਗਈ ਨਜ਼ਰ ਆਉਂਦੀ ਹੈ। ਖ਼ਾਸ ਕਰਕੇ, ਜਦੋਂ ਉਹ ਆਪਣੇ ਆਪ ਨੂੰ ਕਕਨੂਸੀ ਨਸਲ ਨਾਲ ਜੋੜਣ ਦਾ ਪ੍ਰਯਾਸ ਕਰਦੀ ਹੈ। ਅਤੇ ਜਾਂ ਫਿਰ ਆਪਣੇ ਵਿਆਹ ਸੰਬੰਧਾਂ ਦੇ ਟੁੱਟਣ ਮਗਰੋਂ ਜਦੋਂ ਉਹ ਆਪਣੇ ਸਮਕਾਲੀ ਪੰਜਾਬੀ ਲੇਖਕਾਂ ਦੀ ਤਿੱਖੀ ਅਲੋਚਨਾ ਤੇ ਵਿਦੇਸ਼ੀ ਸਾਹਿਤਕਾਰਾਂ-ਪੱਤਰਕਾਰਾਂ ਦੀ ਰੱਜ ਕੇ ਪ੍ਰਸੰਸਾ ਕਰਦੀ ਹੈ। ਇਸ ਸਭ ਕੁਝ ਦੇ ਪਿਛੋਕੜ ਵਿਚ ਉਸਦੀ ਸਵੈ-ਸ਼ਲਾਘਾ ਤੇ ਸਵੈ-ਪ੍ਰਸੰਸਾ ਦੀ ਭਾਵਨਾ ਹੀ ਕਾਰਜਸ਼ੀਲ ਹੈ। ਇਸੇ ਭਾਵਨਾ 'ਚੋਂ ਹੀ ਉਸਦੀ ਆਪਾ-ਲੁਕਾਊ ਬਿਰਤੀ ਜਨਮ ਲੈਂਦੀ ਹੈ। **ਇਉਂ, ਇਹ ਯਥਾਰਥ ਤੋਂ ਯਥਾਰਥ ਤੱਕ ਦੇ ਅਮਲ ਦੀ ਥਾਂ, ਯਥਾਰਥ ਤੋਂ ਸਵਾਰਥ ਤੱਕ ਦਾ ਅਮਲ ਬਣ ਕੇ ਰਹਿ ਜਾਂਦਾ ਹੈ।**

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਤਰ੍ਹਾਂ ਟਿਵਾਣਾ ਵੀ ਆਪਣੇ ਜਗੀਰਦਾਰੀ ਪਰਿਵਾਰਕ ਪਿਛੋਕੜ ਦਾ ਜ਼ਿਕਰ ਕਰਦੀ ਹੋਈ ਅਕਸਰ ਇਸੇ ਭਾਵਨਾ ਦੀ ਜਕੜ ਵਿਚ ਆ ਜਾਂਦੀ ਹੈ । ਅਜੀਤ ਕੌਰ ਇਸ ਪੱਖੋਂ ਰਤਾ ਬਚੀ ਹੋਈ ਹੈ । ਪਰ, ਇਸਦਾ ਮਤਲਬ ਹਰਗਿਜ਼ ਇਹ ਨਹੀਂ ਕਿ ਉਹ ਇਸ ਭਾਵਨਾ ਤੋਂ ਪੂਰੀ ਤਰ੍ਹਾਂ ਮੁਕਤ ਹੈ । ਖ਼ਾਸ ਕਰਕੇ, ਜਦੋਂ ਉਹ ਆਪਣੇ ਆਪ ਨੂੰ ਅਜ਼ੀਮ, ਜ਼ਹੀਨ, ਖ਼ੁਦਦਾਰ ਤੇ ਸੰਵੇਦਨਸ਼ੀਲ ਔਰਤ ਸਿੱਧ ਕਰਨ ਦਾ ਯਤਨ ਕਰਦੀ ਹੈ—ਉਹ ਇਸੇ ਭਾਵਨਾ ਦੀ ਜਕੜ ਵਿਚ ਹੁੰਦੀ ਹੈ । ਪਰ, ਅਜਿਹੀ ਸਥਿਤੀ 'ਖ਼ਾਨਾਬਦੋਸ਼' ਰਚਨਾ ਵਿਚ ਘੱਟ ਹੀ ਵੇਖਣ ਨੂੰ ਮਿਲਦੀ ਹੈ । ਇਥੇ ਘਟਨਾਵਾਂ ਤੇ ਜੀਵਨਗਤ ਵੇਰਵਿਆਂ ਦਾ ਚਿਤਰਣ, ਵਧੇਰੇ ਯਥਾਰਥਕ ਪ੍ਰਤੀਤ ਹੁੰਦਾ ਹੈ । ਨਾਇਕਾ ਦੇ ਪ੍ਰੇਮ-ਸੰਬੰਧਾਂ ਦਾ ਚਿਤਰਣ, ਜਿਤਨੀ ਬੇਬਾਕੀ, ਦਲੇਰੀ ਤੇ ਬਿਨਾਂ ਕਿਸੇ ਸੰਗ ਸੰਕੋਚ ਤੋਂ ਇਸ ਸਵੈ-ਜੀਵਨੀ ਵਿਚ ਹੋਇਆ ਹੈ—ਉਹ ਬਾਕੀ ਦੋਹਾਂ ਸਵੈ-ਜੀਵਨੀਆਂ ਵਿਚ ਨਹੀਂ ਹੋ ਸਕਿਆ । ਟਿਵਾਣਾ ਨੇ ਤਾਂ ਇਸ ਪੱਖੋਂ ਲਗਭਗ ਸੰਕੋਚ ਹੀ ਵਰਤਿਆ ਹੈ । ਅੰਮ੍ਰਿਤਾ ਪ੍ਰੀਤਮ ਨੇ ਸੱਜਾਦ, ਸਾਹਿਰ ਤੇ ਇਮਰੋਜ਼ ਨਾਲ ਸਥਾਪਤ ਹੋਏ ਆਪਣੇ ਪ੍ਰੇਮ-ਸੰਬੰਧਾਂ ਦਾ ਜ਼ਿਕਰ ਭਾਵੇਂ ਕਾਫ਼ੀ ਵਿਸਤਾਰ ਨਾਲ ਕੀਤਾ ਹੈ, ਪਰ, ਇਸ ਜ਼ਿਕਰ ਵਿਚ ਵੀ ਉਸਦੀ ਆਪਾ-ਲੁਕਾਊ ਬਿਰਤੀ ਕਾਫੀ ਭਾਰੂ ਰਹੀ ਹੈ । ਇਸ ਪੱਖੋਂ 'ਖ਼ਾਨਾਬਦੋਸ਼' ਨੂੰ ਵਧੇਰੇ ਯਥਾਰਥਕ ਅਮਲ ਕਿਹਾ ਜਾ ਸਕਦਾ ਹੈ । ਇਸ ਵਿਚ ਨਾਇਕਾ ਦੇ ਈਮੇਜ ਨੂੰ ਉਭਾਰਨ ਦੀ ਰੁਚੀ ਇਤਨੀ ਪ੍ਰਬਲ ਨਹੀਂ, ਜਿਤਨੀ ਕਿ 'ਰਸੀਦੀ ਟਿਕਟ' ਵਿਚ ਦਿਖਾਈ ਦਿੰਦੀ ਹੈ ।

'ਰਸੀਦੀ ਟਿਕਟ' ਬੁਨਿਆਦੀ ਤੌਰ ਤੇ ਸੰਬੰਧਿਤ ਨਾਇਕਾ ਦੀ ਗ਼ਮੇ-ਇਸ਼ਕ ਦੀ ਦਾਸਤਾਂ ਨੂੰ ਬਿਆਨ ਕਰਨ ਵਲ ਰੁਚਿਤ ਹੈ । ਇਸ ਵਿਚ ਨਾਇਕਾ ਦੇ ਸੋਲ੍ਹਵੇਂ ਵਰ੍ਹੇ ਉਪਰ ਲੋੜ ਤੋਂ ਵੱਧ ਜ਼ੋਰ ਦਿੱਤਾ ਗਿਆ ਹੈ । ਇਹ ਉਸ ਲਈ ਵਿਸ਼ੇਸ਼ ਅਹਿਮੀਅਤ ਰਖਣ ਵਾਲਾ ਵਰ੍ਹਾ ਹੈ—'ਉਮਰ ਦੀ ਸੜ੍ਹਕ ਉਤੇ ਲੱਗਾ ਹੋਇਆ ਖ਼ਤਰੇ ਦਾ ਚਿੰਨ੍ਹ' । ਇਸ ਵਰ੍ਹੇ ਦੇ ਬੀਤ ਜਾਣ ਮਗਰੋਂ ਵੀ ਉਹ ਇਸ ਨੂੰ ਰਹਿੰਦੀ ਉਮਰ ਤੱਕ ਹੰਢਾਉਂਦੀ ਹੈ । 'ਖ਼ਾਨਾਬਦੋਸ਼' ਵਿਚ ਨਾਇਕਾ ਦੀ ਗ਼ਮੇ ਇਸ਼ਕ ਦੀ ਦਾਸਤਾਂ, ਇਸ ਤੋਂ ਵੀ ਪ੍ਰਚੰਡ ਰੂਪ ਵਿਚ ਬਿਆਨ ਹੋਈ ਹੈ । ਪਰ, ਇਥੇ ਇਹ ਦਾਸਤਾਂ ਇਕ ਹਾਦਸਾ ਬਣ ਕੇ ਪੇਸ਼ ਹੋਈ ਹੈ—ਨਾਇਕਾ ਦੀ ਜ਼ਿੰਦਗੀ ਵਿਚ ਵਾਪਰੇ ਦੂਸਰੇ ਹਾਦਸਿਆਂ ਦੀ ਤਰ੍ਹਾਂ । ਇਉਂ, ਇਥੇ ਨਾਇਕਾ ਦੀ ਜ਼ਿੰਦਗੀ ਵਿਚ ਵਾਪਰੇ ਉਨ੍ਹਾਂ ਕੁਝ ਅਹਿਮ ਹਾਦਸਿਆਂ (ਬੇਟੀ ਕੈਂਡੀ ਦੀ ਅਚਾਨਕ ਮੌਤ । ਆਪਣੇ ਪਿਆਰੇ ਮਹਿਬੂਬ ਦੋਸਤ ਬਲਦੇਵ ਤੋਂ ਵਿਛੜਣ ਦਾ ਹਾਦਸਾ, ਵਿਆਹ-ਸੰਬੰਧਾਂ ਦੇ ਟੁੱਟਣ ਦੀ ਘਟਨਾ ਤੇ ਆਖ਼ਰ ਗੁਨਾਹਿ ਅਜ਼ੀਮ ਤਰੀਨ ਦੀ ਸਥਿਤੀ ਨੂੰ ਭੋਗਣਾ, ਓਮਾ ਨਾਲ ਪਿਆਰ ਤੇ ਵਿਛੋੜਾ ਆਦਿ) ਨੂੰ ਹੀ ਤਰਜ਼ੀਹ ਦਿੱਤੀ ਗਈ ਹੈ, ਜੋ ਉਸ ਅੰਦਰ ਖ਼ਾਨਾਬਦੋਸ਼ੀ ਦਾ ਅਹਿਸਾਸ ਜਗਾਉਂਦੇ ਹਨ । ਇਨ੍ਹਾਂ ਦੋਹਾਂ ਸਵੈ-ਜੀਵਨੀਆਂ ਦੇ ਮੁਕਾਬਲੇ 'ਚ ਨੰਗੇ ਪੈਰਾਂ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਫ਼ਰ' ਸਵੈ-ਜੀਵਨੀ, ਰਤਾ ਭਿੰਨ ਸਥਿਤੀ ਪੇਸ਼ ਕਰਦੀ ਨਜ਼ਰ ਆਉਂਦੀ ਹੈ। ਇਥੇਂ, ਦੁੱਖ ਭੋਗਦੀ ਨਾਇਕਾ ਦੀ ਜੀਵਨ ਵਿਥਿਆ ਦੀ ਪੇਸ਼ਕਾਰੀ, ਜਗੀਰਦਾਰੀ ਕਦਰਾਂ-ਕੀਮਤਾਂ ਹੰਢਾਉਂਦੇ ਹੋਏ ਪਰਿਵਾਰ ਤੇ ਭ੍ਰਾਈਚਾਰੇ ਦੇ ਸੰਦਰਭ 'ਚ ਹੋਈ ਹੈ। ਉਸ ਦੇ ਦੁੱਖ ਦਾ ਮੂਲ ਕਾਰਨ ਉਹ ਸਮੱਸਿਆਵਾਂ ਤੇ ਸੰਕਟ ਹਨ, ਜੋ ਜਗੀਰਦਾਰੀ ਕਦਰਾਂ-ਕੀਮਤਾਂ ਤੇ ਅਰਥ-ਵਿੱਵਸਥਾ 'ਚੋਂ ਉਪਜਦੇ ਹਨ। ਇਉਂ, 'ਨੰਗੇ ਪੈਰਾਂ ਦਾ ਸਫ਼ਰ' ਦੁੱਖ ਭੋਗਦੀ ਨਾਇਕਾ ਦੀ ਇਕ ਸਧਾਰਣ ਜੀਵਨ-ਗ੍ਰਾਥਾ ਹੋ ਨਿਬੜਦੀ ਹੈ। ਇਸ ਸਵੈ-ਜੀਵਨੀ ਵਿਚ ਵਧੇਰੇ ਕਰਕੇ, ਨਾਇਕਾ ਦੀ ਮਾਨਸਿਕਤਾ ਨੂੰ ਹੀ ਚਿਤਰਿਆ ਗਿਆ ਹੈ—ਉਹ ਵੀ ਉਸਦੇ ਜਗੀਰਦਾਰੀ ਪਰਿਵਾਰਕ ਪਿਛੋਕੜ 'ਚ ਰਖ ਕੇ। ਇਥੇ ਨਾਇਕਾ ਦੀ ਇਸ ਸਧਾਰਣ ਜੀਵਨ-ਗਾਥਾ ਨੂੰ ਬੜੀ ਸਰਲ ਜਿਹੀ ਵਿਧੀ ਨਾਲ ਚਿਤਰਿਆ ਗਿਆ ਹੈ।

ਚਰਚਾ ਦੇ ਇਸ ਪ੍ਰਸੰਗ ਵਿਚ ਇਥੇ ਇਹ ਨੁਕਤਾ ਵੀ ਸਪੱਸ਼ਟ ਕਰ ਦੇਣਾ ਜ਼ਰੂਰੀ ਬਣਦਾ ਹੈ ਕਿ 'ਨੰਗੇ ਪੈਰਾਂ ਦਾ ਸਫ਼ਰ' ਸਵੈ-ਜੀਵਨੀ ਵਿਚ ਕਾਰਜ ਬੜੀ ਧੀਮੀ ਗਤੀ ਨਾਲ ਵਾਪਰਦਾ ਹੈ। ਇਸ ਵਿਚ ਪੇਸ਼ ਘਟਨਾਵਾਂ ਤੇ ਹਾਦਸਿਆਂ ਦੀ ਤੋਰ, ਲਗਭਗ ਗਤੀਹੀਣ ਹੈ। 'ਰਸੀਦੀ ਟਿਕਟ' ਰਚਨਾ ਵਿਚ ਕਾਰਜ ਵਾਪਰਦਾ ਘੱਟ ਹੈ, ਬਹੁਤਾ ਕਰਕੇ ਅਤੀਤ ਵਿਚ ਵਾਪਰੇ ਕੁਝ ਕਾਰਜਾਂ ਦਾ ਬਿਆਨ ਪੇਸ਼ ਹੋਇਆ ਹੈ—ਉਹ ਵੀ ਕਿਸੇ ਸੁਨਿਸ਼ਚਿਤ ਬਿਰਤਾਂਤਕ ਪ੍ਰਬੰਧ 'ਚ ਬੱਝ ਕੇ ਨਹੀਂ, ਸਗੋਂ ਟੁੱਕੜੇ ਟੁੱਕੜੇ ਹੋ ਕੇ। ਇਉਂ, ਇਸ ਸਵੈ-ਜੀਵਨੀ ਵਿਚ ਵੀ ਕਾਰਜ ਲਗਭਗ ਗਤੀਹੀਣ ਹੀ ਨਜ਼ਰ ਆਉਂਦਾ ਹੈ। ਪਰ, 'ਖ਼ਾਨਾਬਦੋਸ਼' ਰਚਨਾ ਵਿਚ ਹਰ ਕਾਰਜ (ਘਟਨਾ ਜਾਂ ਹਾਦਸਾ) ਬੜੀ ਤੇਜ਼ ਗਤੀ ਨਾਲ ਵਾਪਰਦਾ ਦਿਖਾਈ ਦਿੰਦਾ ਹੈ। ਇਥੇ ਹਰ ਘਟਨਾ (ਹਾਦਸਾ) ਤੇ ਜੀਵਨਗਤ ਵੇਰਵਾ ਆਪਣੇ ਸਮਾਜਕ ਤੇ ਪਰਿਵਾਰਕ ਪ੍ਰਸੰਗ ਵਿਚ ਬੱਝ ਕੇ ਪੇਸ਼ ਹੋਇਆ ਹੈ। ਇਹੀ ਵਜ੍ਹਾ ਹੈ ਕਿ ਅਜੀਤ ਕੌਰ ਦੀ ਇਹ ਸਵੈ-ਜੀਵਨੀ, ਦੂਸਰੀਆਂ ਸਵੈ-ਜੀਵਨੀਆਂ ਦੇ ਮੁਕਾਬਲੇ 'ਚ ਵਧੇਰੇ ਰੋਚਕ ਤੇ ਪਾਠਕ ਅੰਦਰ ਉਤਸੁਕਤਾ ਜਗਾਉਣ ਵਾਲੀ ਰਚਨਾ ਹੋ ਨਿਬੜਦੀ ਹੈ। ਸਵੈ-ਜੀਵਨੀ, ਜਿਹੋ ਜਿਹੀ ਸਾਹਿਤਕਤਾ ਤੇ ਇਤਿਹਾਸਕਤਾ ਦੇ ਸੁਮੇਲ ਦੀ ਮੰਗ ਕਰਦੀ ਹੈ—ਉਹ ਇਸ ਰਚਨਾ ਵਿਚ ਬੜੇ ਸਹਿਜ ਰੂਪ 'ਚ ਹੋਇਆ ਮਿਲਦਾ ਹੈ। ਇਸੇ ਕਰਕੇ ਅਸੀਂ ਇਸਨੂੰ, ਕਲਾਤਮਕ ਸ਼ਿਖਰਾਂ ਨੂੰ ਛੂੰਹਦੀ ਰਚਨਾ ਕਰਾਰ ਦਿੱਤਾ ਹੈ।

ਹੁਣ ਸੁਆਲ ਉਠਦਾ ਹੈ ਕਿ ਇਨ੍ਹਾਂ ਸਵੈ-ਜੀਵਨੀਆਂ 'ਚੋਂ ਉਭਰਣ ਵਾਲੇ ਨਾਰੀ-ਬਿੰਬ ਕਿਹੋ ਜਿਹੇ ਹਨ ? ਇਹ ਇਨ੍ਹਾਂ ਸਵੈ-ਜੀਵਨੀਆਂ ਨਾਲ ਸੰਬੰਧਿਤ ਇਕ ਬੜਾ ਹੀ ਸੰਜੀਦਾ ਸੁਆਲ ਹੈ। ਇਨ੍ਹਾਂ ਸਵੈ-ਜੀਵਨੀਆਂ ਦੇ ਤੁਲਨਾਤਮਕ ਪਰਿਪੇਖ ਨੂੰ ਸਾਹਮਣੇ ਰੱਖ ਕੇ ਜਦੋਂ ਅਸੀਂ ਇਸ ਸੁਆਲ ਨੂੰ ਹੱਲ ਕਰਨ ਦਾ ਯਤਨ ਕਰਦੇ ਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਾਂ ਕੁਝ ਬੜੇ ਹੀ ਰੋਚਕ ਤੇ ਦਿਲਚਸਪ ਨੁਕਤੇ ਉਜਾਗਰ ਹੁੰਦੇ ਹਨ। ਸਭ ਤੋਂ ਪਹਿਲਾ ਨੁਕਤਾ ਇਹ ਕਿ 'ਰਸੀਦੀ ਟਿਕਟ' ਤੇ 'ਖ਼ਾਨਾਬਦੋਸ਼' ਸਵੈ-ਜੀਵਨੀਆਂ ਨਾਲ ਸੰਬੰਧਿਤ ਦੋਵੇਂ ਨਾਇਕਾਵਾਂ ਸ਼ਹਿਰੀ ਹਨ ਅਤੇ ਮਹਾਂ-ਨਗਰ ਦੀ ਸ਼ਹਿਰੀ-ਚੇਤਨਾ, ਉਨ੍ਹਾਂ ਦੇ ਜ਼ਿਹਨ ਉਪਰ ਭੂਤ ਵਾਂਗ ਸਵਾਰ ਹੈ। ਇਨ੍ਹਾਂ ਦੇ ਮੁਕਾਬਲੇ 'ਨੰਗੇ ਪੈਰਾਂ ਦਾ ਸਫ਼ਰ' ਵਿਚੱਲੀ ਨਾਇਕਾ ਬੁਨਿਆਦੀ ਤੋਰ ਤੇ ਪੇਂਡੂ ਹੈ। ਭਾਵੇਂ, ਉਹ ਬਹੁਤਾ ਕਰਕੇ ਸ਼ਹਿਰੀ ਜੀਵਨ ਵਿਚ ਵਿਚਰਦੀ ਦੇਖੀ ਜਾਂਦੀ ਹੈ, ਪਰ, ਉਸ ਦੀ ਸ਼ਖ਼ਸੀਅਤ, ਸ਼ਹਿਰੀ-ਚੇਤਨਾ ਤੇ ਮਾਨਸਿਕਤਾ ਦੇ ਅਨੁਸਾਰ ਵਿਕਸਿਤ ਨਹੀਂ ਹੁੰਦੀ। ਉਸਦੀ ਸ਼ਖ਼ਸੀਅਤ 'ਚ ਬਹੁਤਾ ਕਰਕੇ ਪੇਂਡੂ ਔਰਤਾਂ ਵਾਲੀ ਨਿਰਛਲਤਾ ਤੇ ਭੋਲਾਪਨ ਹੈ। ਉਹ ਜਗੀਰਦਾਰੀ ਰੁਚੀਆਂ ਵਾਲੇ ਪਰਿਵਾਰ 'ਚ ਜੰਮੀ-ਪੱਲੀ ਤੇ ਜੁਆਨ ਹੁੰਦੀ ਦੇਖੀ ਜਾਂਦੀ ਹੈ। ਉਹ ਸਾਕ-ਸੰਬੰਧੀਆਂ ਦੀਆਂ ਵਧੀਕੀਆਂ ਨੂੰ ਦੜਵਟ ਸਹਿੰਦੀ ਤੇ ਜਰਦੀ ਹੈ, ਪਰ ਕੁਸਕਦੀ ਨਹੀਂ, ਪਰ, ਉਹ ਸੰਵੇਦਨਸ਼ੀਲ ਜ਼ਰੂਰ ਹੈ। ਆਪਣੀ ਇਸ ਸੰਵੇਦਨਸ਼ੀਲਤਾ ਤੇ ਚੇਤੰਨਤਾ ਸਦਕਾ ਹੀ ਆਖ਼ਰ ਉਹ, ਅਦਾਲਤ ਦੀ ਸਹਾਇਤਾ ਨਾਲ ਆਪਣੇ ਅਣਚਾਹੇ ਵਿਆਹ-ਸੰਬੰਧਾਂ ਦੇ ਬੰਧਨ ਤੋਂ ਮੁਕਤ ਹੁੰਦੀ ਹੈ। ਉਸਦੀਆਂ ਬਹੁਤੀਆਂ ਸਮੱਸਿਆਵਾਂ ਪ੍ਰਾਪਤ ਜਗੀਰਦਾਰੀ ਅਰਥ-ਵਿਵੱਸਥਾ ਤੇ ਕਦਰਾਂ-ਕੀਮਤਾਂ 'ਚੋਂ ਹੀ ਜਨਮ ਲੈਂਦੀਆਂ ਹਨ। ਉਹ ਇਕ ਸਧਾਰਣ ਭਾਰਤੀ ਤੇ ਪੇਂਡੂ ਨਾਰੀ ਦੀ ਤਰ੍ਹਾਂ ਇਨ੍ਹਾਂ ਦੁੱਖਾਂ ਨੂੰ ਸਹਿੰਦੀ ਤੇ ਜਰਦੀ ਹੈ, ਪਰ, ਇਨ੍ਹਾਂ ਕਦਰਾਂ-ਕੀਮਤਾਂ ਦੇ ਵਿਰੁੱਧ ਵਿਦਰੋਹ ਜਾਂ ਬਗ਼ਾਵਤ ਕਰਨ ਦੀ ਰੁਚੀ ਤਾਂ ਰਖਦੀ ਹੈ, ਪਰ, ਹਿੰਮਤ ਨਹੀਂ। ਉਸਦੀ ਇਹ ਰੁਚੀ ਛੋਟੇ ਛੋਟੇ ਸੰਕੇਤਾਂ ਰਾਹੀਂ ਕਈ ਥਾਈਂ ਪ੍ਰਗਟ ਹੋਈ ਹੈ। ਕੁੱਲ ਮਿਲਾ ਕੇ ਉਹ ਇਕ ਸਮਝੌਤਾਵਾਦੀ-ਨਾਰੀ ਦੇ ਰੂਪ ਵਿਚ ਹੀ ਉੱਭਰ ਕੇ ਸਾਹਮਣੇ ਆਉਂਦੀ ਹੈ। ਉਹ ਕਿਧਰੇ ਕਿਧਰੇ ਸਥਾਪਤ ਸਮਾਜਕ ਪ੍ਰਤੀਮਾਨਾਂ ਨੂੰ ਉਲੰਘਦੀ ਤਾਂ ਹੈ, ਪਰ, ਗ੍ਰਿਹਸਤੀ ਜੀਵਨ 'ਚ ਰਹਿੰਦੇ ਹੋਏ।

ਇਸ ਦੇ ਮੁਕਾਬਲੇ 'ਚ 'ਰਸੀਦੀ ਟਿਕਟ' ਤੇ 'ਖ਼ਾਨਾਬਦੋਸ਼' ਸਵੈ-ਜੀਵਨੀਆਂ, ਮਹਾਂ-ਨਗਰ ਵਿਚ ਵਿਚਰਦੀਆਂ ਨਾਇਕਾਵਾਂ ਨੂੰ ਦਰਪੇਸ਼ ਆਉਣ ਵਾਲੀਆਂ ਮੁਸ਼ਕਲਾਂ ਤੇ ਸੰਕਟਾਂ ਨੂੰ ਉਜਾਗਰ ਕਰਨ ਵਲ ਰੁਚਿਤ ਹਨ। ਇਹ ਦੋਵੇਂ ਨਾਇਕਾਵਾਂ, ਪਹਿਲੀ ਨਾਇਕਾ ਦੀ ਤਰ੍ਹਾਂ ਕੋਈ ਸਧਾਰਣ ਜਾਂ ਘਰੇਲੂ ਨਾਰੀਆਂ ਨਹੀਂ, ਸਗੋਂ ਚੇਤੰਨ ਤੇ ਸੰਵੇਦਨਸ਼ੀਲ ਲੇਖਿਕਾਵਾਂ ਹਨ। ਇਹ ਦੋਵੇਂ ਨਾਇਕਾਵਾਂ ਸਥਾਪਤ ਪ੍ਰਤੀਮਾਨਾਂ ਤੇ ਕਦਰਾਂ-ਕੀਮਤਾਂ ਤੋਂ ਪਰਾਹਨ (deviation) ਕਰਕੇ ਕੁਝ ਨਿਜੀ ਕਦਰਾਂ-ਕੀਮਤਾਂ ਨੂੰ ਜੀਉਣ ਦੀ ਪ੍ਰਬਲ ਇੱਛਾ ਰਖਦੀਆਂ ਹਨ। ਕੇਵਲ ਇੱਛਾ ਹੀ ਨਹੀਂ ਰਖਦੀਆਂ ਸਗੋਂ ਇਨ੍ਹਾਂ ਕਦਰਾਂ-ਕੀਮਤਾਂ ਨੂੰ ਜੀਉਂਦੀਆਂ ਤੇ ਹੰਢਾਉਂਦੀਆਂ ਵੀ ਦੇਖੀਆਂ ਜਾਂਦੀਆਂ ਹਨ। ਪਰ, ਇਹ ਸਭ ਕੁਝ ਕਰਦਿਆਂ ਉਨ੍ਹਾਂ ਨੂੰ ਕੋਈ ਆਤਮਕ-ਸੰਤੁਸ਼ਟੀ ਜਾਂ ਮਾਨਸਿਕ ਸ਼ਾਂਤੀ ਨਸੀਬ ਨਹੀਂ ਹੁੰਦੀ, ਕਿਉਂਕਿ ਇਸ 'ਪਰਾਹਨ' ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿਛੋਕੜ ਵਿਚ ਉਨ੍ਹਾਂ ਦਾ ਕੋਈ ਗੰਭੀਰ ਜੀਵਨ-ਦਰਸ਼ਨ ਜਾਂ ਆਦਰਸ਼ ਕਾਰਜਸ਼ੀਲ ਨਹੀਂ ਹੁੰਦਾ। ਉਨ੍ਹਾਂ ਦੇ ਇਸ ਪਰਾਹਨ ਦਾ ਮੂਲ ਕਾਰਨ, ਬਸ ਇਹੀ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਉਹ ਸਮਾਜ ਵਿਚ ਰਹਿੰਦੀਆਂ ਹੋਈਆਂ ਆਜ਼ਾਦ ਜੀਵਨ ਜੀਊਣ ਦੀਆਂ ਇੱਛਕ ਹਨ। ਇਸੇ ਇੱਛਾ ਦੀ ਪੂਰਤੀ ਹਿੱਤ ਦੋਵੇਂ ਸਥਾਪਤ ਸਮਾਜਕ ਤੇ ਭਾਈਚਾਰਕ ਪ੍ਰਤੀਮਾਨਾਂ (norms) ਨੂੰ ਉਲੰਘਦੀਆਂ ਹਨ। ਇਹ ਜੀਵਨ-ਜਾਚ ਉਨ੍ਹਾਂ ਨੂੰ ਬੰਧਨ-ਯੁਕਤ ਰਾਹ ਤੋਂ ਬੰਧਨ-ਮੁਕਤ ਰਾਹ 'ਤੇ ਤੋਰਦੀ ਹੈ। ਪਰ ਬੰਧਨ-ਮੁਕਤ ਹੁੰਦਿਆਂ ਹੀ ਉਨ੍ਹਾਂ ਅੰਦਰ ਇਕੱਲਤਾ, ਉਪਰਾਮਤਾ ਤੇ ਵਿਸ਼ਾਦ ਦੀ ਭਾਵਨਾ ਤੀਬਰ ਹੁੰਦੀ ਹੈ। ਇਸ ਖੱਪੇ ਨੂੰ ਪੂਰਨ ਲਈ ਉਹ ਫਿਰ ਕੋਈ ਨਾ ਕੋਈ ਸਹਾਰਾ ਢੂੰਡਦੀਆਂ ਹਨ। ਜਦੋਂ ਕੋਈ ਅਖੌਤੀ ਸਹਾਰਾ ਮਿਲਦਾ ਵੀ ਹੈ ਤਾਂ ਫਿਰ ਉਨ੍ਹਾਂ ਅੰਦਰ ਬੰਧਨ-ਯੁਕਤੀ ਦਾ ਅਹਿਸਾਸ ਜਾਗਣ ਲੱਗ ਪੈਂਦਾ ਹੈ—ਦੋਵੇਂ ਮੁੜ ਇਸ ਤੋਂ ਮੁਕਤ ਹੋਣਾ ਲੋਚਦੀਆਂ ਹਨ। ਇਉਂ, ਬੰਧਨਯੁਕਤੀ ਤੇ ਬੰਧਨ-ਮੁਕਤੀ ਦਾ ਇਹ ਇਕ ਨਿਰੰਤਰ ਸਿਲਸਿਲਾ, ਇਨ੍ਹਾਂ ਦੋਹਾਂ ਸਵੈ-ਜੀਵਨੀਆਂ ਵਿਚ ਦੇਖਿਆ ਜਾ ਸਕਦਾ ਹੈ। ਇਨ੍ਹਾਂ ਰਚਨਾਵਾਂ ਵਿਚ ਪੇਸ਼ ਸਾਰੀਆਂ ਘਟਨਾਵਾਂ, ਜੀਵਨਗਤ ਵੇਰਵੇ ਤੇ ਹਾਦਸੇ (ਸਿੱਧੇ ਜਾਂ ਅਸਿੱਧੇ ਰੂਪ ਵਿਚ) ਇਸੇ ਸਿਲਸਿਲੇ ਨਾਲ ਜੁੜੇ ਹੋਏ ਨਜ਼ਰ ਆਉਂਦੇ ਹਨ।

ਸਥਾਪਤ ਸਮਾਜਕ ਪ੍ਰਤੀਮਾਨਾਂ ਦੇ ਵਿਰੁੱਧ ਜਦੋਂ ਦੋਵੇਂ ਵਿਦਰੋਹ ਤੇ ਬਗ਼ਾਵਤ ਦਾ ਐਲਾਨ ਕਰਦੀਆਂ ਹਨ ਤਾਂ ਉਨ੍ਹਾਂ ਕੋਲ ਅਜਿਹੇ ਜੀਵਨ-ਮੁੱਲਾਂ ਜਾਂ ਜੀਵਨ-ਜਾਚ ਦੀ ਅਣਹੋਂਦ ਹੁੰਦੀ ਹੈ, ਜਿਸ ਦੇ ਅਧਾਰ 'ਤੇ ਉਹ ਸੁਖ-ਸ਼ਾਂਤੀ ਦਾ ਜੀਵਨ ਬਤੀਤ ਕਰ ਸਕਣ। 'ਰਸੀਦੀ ਟਿਕਟ' ਦੀ ਨਾਇਕਾ ਆਪਣੇ ਵਿਆਹ-ਸੰਬੰਧਾਂ ਦੇ ਬੰਧਨ ਤੋਂ ਮੁਕਤ ਹੋ ਕੇ ਨਿਰੋਲ ਪ੍ਰੇਮਿਕਾ ਦਾ ਜੀਵਨ ਬਤੀਤ ਕਰਦੀ ਹੈ। ਪਰ, ਇਸ ਜੀਵਨ 'ਚੋਂ ਵੀ ਉਸ ਨੂੰ ਕੋਈ ਆਤਮਕ-ਸ਼ਾਂਤੀ, ਸਕੂਨ ਜਾਂ ਸੰਤੁਸ਼ਟੀ ਨਹੀਂ ਮਿਲਦੀ। ਸਮਾਜ ਦੇ ਮਿਹਣੇ-ਤਾਹਨੇ ਉਸ ਅੰਦਰ ਗੁਨਾਹ ਦੀ ਭਾਵਨਾ ਨੂੰ ਜਨਮ ਦਿੰਦੇ ਹਨ। ਇਸ ਕਠੋਰ ਸਮਾਜਕ ਯਥਾਰਥ ਪ੍ਰਤੀ ਉਸ ਦਾ ਰਵੱਈਆ ਨਾਂਹ-ਮੁਖੀ ਤੇ ਕਟਾਖ਼ਸ਼ੀ ਹੋ ਨਿਬੜਦਾ ਹੈ। ਇਸ ਸਭ ਕੁਝ ਦੇ ਸਿੱਟੇ ਵਜੋਂ ਉਹ ਇਕੱਲਤਾ, ਉਪਰਾਮਤਾ, ਤੇ ਵਿਸ਼ਾਦ ਦਾ ਸਰਾਪ ਰਹਿੰਦੀ ਉਮਰ ਭੋਗਦੀ ਹੈ। ਇਸੇ ਤਰ੍ਹਾਂ 'ਖ਼ਾਨਾਬਦੋਸ਼' ਦੀ ਨਾਇਕਾ ਆਪਣੇ ਵਿਆਹ ਸੰਬੰਧਾਂ ਦੇ ਬੰਧਨ ਤੋਂ ਮੁਕਤ ਹੋ ਕੇ ਜੋ ਜੀਵਨ ਜੀਊਂਦੀ ਹੈ, ਉਸ ਵਿਚੋਂ ਉਸਨੂੰ 'ਫਾਲਤੂ ਔਰਤ' ਹੋਣ ਦਾ ਅਹਿਸਾਸ ਮਿਲਦਾ ਹੈ। ਉਸਦਾ ਸਾਰਾ ਵਿਦਰੋਹ ਤੇ ਬਗਾਵਤ ਜੀਵਨ-ਅਨੁਭਵ ਦੀ ਕਚਿਆਈ 'ਚੋਂ ਉਪਜਦਾ ਹੈ। ਇਸ ਦੇ ਪਿਛੋਕੜ ਵਿਚ ਕੋਈ ਪ੍ਰੌਢ ਵਿਚਾਰਧਾਰਾ ਜਾਂ ਜੀਵਨ-ਦਰਸ਼ਨ ਕਾਰਜਸ਼ੀਲ ਨਹੀਂ। ਜਿਸਨੂੰ ਉਹ ਆਪਣੀ ਖ਼ੁਦਦਾਰੀ ਕਹਿੰਦੀ ਹੈ ਉਹ ਉਸਦੀ ਨਾ-ਸਮਝੀ ਤੇ ਕੇਵਲ ਜ਼ਿੱਦੀਪੁਣਾ ਸਾਬਤ ਹੁੰਦਾ ਹੈ। ਇਸ ਨਾਇਕਾ ਦੀਆਂ ਸਾਰੀਆਂ ਸਮੱਸਿਆਵਾਂ, ਇਸੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾ-ਸਮਝੀ ਤੇ ਜ਼ਿੱਦੀਪੁਣੇ 'ਚੋਂ ਜਨਮ ਲੈਂਦੀਆਂ ਹਨ। ਅੰਦਰੋਂ ਉਸਨੂੰ ਇਸ ਗੱਲ ਦਾ ਅਹਿਸਾਸ ਤਾਂ ਹੈ, ਪਰ, ਕਿਸੇ ਮਜਬੂਰੀ ਵਸ ਉਹ ਇਸਨੂੰ ਆਪਣੀ ਖ਼ੁਦਦਾਰੀ ਕਹਿੰਦੀ ਹੈ। ਖ਼ੁਦਦਾਰੀ ਦਾ ਇਹ ਭਰਮ, ਉਹ ਅਖ਼ੀਰ ਤੱਕ ਪਾਲਦੀ ਹੈ। ਸ਼ਾਇਦ ਇਸੇ ਕਰਕੇ ਉਹ ਆਪਣੇ ਆਪ ਨੂੰ ਗੁਨਾਹਿ ਅਜ਼ੀਮ ਤਰੀਨ (ਇੱਕਲੀ ਤੇ ਆਪ ਰੋਟੀ ਕਮਾਉਂਦੀ ਔਰਤ) ਦਾ ਸ਼ਿਕਾਰ ਹੋ ਗਈ ਕਹਿੰਦੀ ਹੈ। 'ਰਸੀਦੀ ਟਿਕਟ' ਦੀ ਨਾਇਕਾ ਦੀ ਤਰ੍ਹਾਂ ਇਹ ਵੀ ਇਕੱਲਤਾ, ਉਪਰਾਮਤਾ, ਵਿਸ਼ਾਦ ਦੀ ਭਾਵਨਾ ਦਾ ਸ਼ਿਕਾਰ ਹੋ ਕੇ ਰਹਿ ਜਾਂਦੀ ਹੈ। ਇਸੇ ਕਰਕੇ ਉਸ ਦੇ ਅੰਦਰ ਖ਼ਾਨਾਬਦੋਸ਼ੀ ਤੇ ਫ਼ਾਲਤੂ ਔਰਤ ਦਾ ਅਹਿਸਾਸ ਜਾਗਦਾ ਹੈ। ਇਸ ਬਾਰੇ ਉਹ ਆਪ ਵੀ ਪੂਰੀ ਤਰ੍ਹਾਂ ਸਪੱਸ਼ਟ ਹੈ ਕਿ ਇਹ ਖ਼ਾਨਾਬਦੋਸ਼ੀ ਉਸਨੂੰ ਵਿਰਸੇ 'ਚੋਂ ਨਹੀਂ ਮਿਲੀ, ਸਗੋਂ ਆਪ ਸਹੇੜੀ ਹੈ। ਉਹ ਇਸ ਲਈ ਕੁਝ ਹਾਦਸਿਆਂ ਦੀ ਸਾਜਸ਼ ਨੂੰ ਜ਼ੁੰਮੇਵਾਰ ਠਹਿਰਾਉਂਦੀ ਹੈ। ਪਰ, ਇਸ ਦੀ ਅਸਲ ਜ਼ੁੰਮੇਵਾਰ ਉਸ ਦੀ ਆਪਣੀ ਨਾ-ਸਮਝੀ, ਜ਼ਿੱਦੀਪੁਣਾ ਤੇ ਜੀਵਨ-ਅਨੁਭਵ ਦੀ ਕਚਿਆਈ ਹੈ।

ਸੋ! ਇਨ੍ਹਾਂ ਤਿੰਨੋਂ ਸਵੈ-ਜੀਵਨੀਆਂ 'ਚੋਂ ਜੋ ਨਾਰੀ-ਬਿੰਬ ਉੱਭਰ ਕੇ ਸਾਹਮਣੇ ਆਉਂਦਾ ਹੈ, ਉਹ ਉਸ ਨਾਰੀ ਨਾਲ ਸੰਬੰਧ ਰਖਦਾ ਹੈ ਜਿਸ ਦੀ ਜੀਵਨ-ਜਾਚ ਉਪਰ ਸਾਡਾ ਸਮਾਜ ਸੰਦੇਹ ਤੇ ਇਤਰਾਜ਼ ਕਰਦਾ ਹੈ। ਸਾਡੇ ਸਮਾਜ ਤੇ ਭਾਈਚਾਰੇ ਨੂੰ ਅਜਿਹੀ ਜੀਵਨ-ਜਾਚ ਸਵੀਕਾਰ ਨਹੀਂ। ਨਾਰੀ ਪ੍ਰਤੀ, ਸਾਡੇ ਸਮਾਜ ਤੇ ਭਾਈਚਾਰੇ ਦਾ ਰਵੱਈਆ ਇਕ ਵਿਸ਼ੇਸ਼ ਪ੍ਰਕਾਰ ਦਾ ਰਿਹਾ ਹੈ। ਉਸ ਨੇ ਨਾਰੀ ਨੂੰ ਇਕ ਅਜੀਬ ਕਿਸਮ ਦੀ ਅਹਿਮੀਅਤ ਪ੍ਰਦਾਨ ਕੀਤੀ ਹੈ। ਘਰ ਦੀ ਇੱਜ਼ਤ ਤੇ ਸ਼ਾਨ ਨੂੰ ਉਸ ਨੇ ਬਹੁਤ ਹੱਦ ਤੱਕ ਨਾਰੀ ਨਾਲ ਜੋੜ ਰਖਿਆ ਹੈ। ਇਸ ਲਈ ਉਹ ਉਸ ਤੋਂ ਅਜਿਹੇ ਖੋਖਲੇ ਵਿਦਰੋਹ ਤੇ ਬਗ਼ਾਵਤ ਦੀ ਜਲਦੀ ਕੀਤਿਆਂ ਆਸ ਨਹੀਂ ਰਖਦਾ ਅਤੇ ਨਾ ਹੀ ਉਸ ਨੂੰ ਅਜਿਹਾ ਕਰਨ ਦੀ ਪਰਵਾਨਗੀ ਦਿੰਦਾ ਹੈ। ਜਦੋਂ ਅਜਿਹਾ ਕੁਝ ਵਾਪਰਦਾ ਹੈ ਤਾਂ ਸਾਡਾ ਸਮਾਜ ਤੇ ਭਾਈਚਾਰਾ ਇਸ ਪ੍ਰਤੀ ਇਕ ਵੱਖਰੀ ਤਰ੍ਹਾਂ ਦਾ ਪ੍ਰਤੀਉਤਰ ਦਿੰਦਾ ਹੈ। ਕਿਉਂਕਿ, ਨਾਰੀ ਨਾਲ ਸਾਡੀਆਂ ਬਹੁਤ ਸਾਰੀਆਂ ਸਮਾਜਕ ਤੇ ਸਭਿਆਚਾਰਕ ਕਦਰਾਂ-ਕੀਮਤਾਂ ਜੁੜੀਆਂ ਹੋਈਆਂ ਹਨ। ਇਸ ਵਿਚਾਰ ਦੀ ਸਪੱਸ਼ਟ ਪੁਸ਼ਟੀ ਸਾਨੂੰ ਮਧ-ਕਾਲ ਵਿਚ ਰਚੇ ਗਏ ਬਾਣੀ-ਸਾਹਿਤ ਤੋਂ ਸਹਿਜੇ ਹੀ ਹੋ ਜਾਂਦੀ ਹੈ। ਗੁਰਬਾਣੀ ਵਿਚ 'ਸੁਹਾਗਣ' ਤੇ 'ਦੁਹਾਗਣ' ਦੋ ਸ਼ਬਦਾਂ ਦੀ ਕਈ ਵਾਰ ਵਰਤੋਂ ਹੋਈ ਮਿਲਦੀ ਹੈ। ਮਿਸਾਲ ਦੇ ਤੌਰ 'ਤੇ ਇਹ ਤੁਕਾਂ ਪੇਸ਼ ਹਨ:

''ਸਭਿ ਰਾਤੀ ਸੋਹਾਗਣੀ ਮੈ ਡੁਹਾਗਣਿ ਕਾਈ ਰਾਤਿ ਜੀਉ।''
''ਤ੍ਰਿਭਵਣ ਕੰਤੁ ਰਵੈ ਸੋਹਾਗਣਿ ਅਵਗਣਵੰਤੀ ਦੂਰੇ।''
''ਸਭਿ ਰਤੀ ਸੋਹਾਗਣੀ ਇਕ ਮੈਂ ਦੋਹਾਗਣਿ ਰਾਤਿ।''

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

''ਸਬਦਿ ਸਵਾਰੀ ਸਾਰਿ ਪਿਆਰੀ,
ਸਾਈ ਸੁਹਾਗਣਿ ਠਾਕੁਰਿ ਧਾਰੀ ।''
''ਹਉ ਦੋਹਾਗਣ ਖਰੀ ਰੰਞਾਣੀ,
ਗਇਆ ਸੁ ਜੋਬਨੁ ਧਨ ਪਛੁਤਾਣੀ ।''
''ਪੇਈਅੜੈ ਡੋਹਾਗਣੀ ਸਾਹੁਰੜੈ ਕਿਉਂ ਜਾਉ ।''
''ਸੁਖਿ ਸਵੀਧਿ ਸੋਹਾਗਣੀ ਪਿਰੁ ਪਾਇਆ ਗੁਣਤਾਸੁ ।''
''ਪਿਰ ਮੁਤੀ ਡੋਹਾਗਣੀ ਤਿਲ ਦੁਖੀ ਰੈਣਿ ਵਿਹਾਇ ।''
''ਨਾਨਕ ਧੰਨ ਸੋਹਾਗਣੀ ਜੋ ਭਾਵਹਿ ਵੇਪਰਵਾਹ ।''

ਭਾਵੇਂ ਇਥੇ ਇਨ੍ਹਾਂ ਸ਼ਬਦਾਂ ਦੀ ਵਰਤੋਂ ਪਰਮਾਰਥ ਤੇ ਅਧਿਆਤਮ ਦੇ ਪ੍ਰਸੰਗ ਵਿਚ ਹੋਈ ਹੈ । ਪਰ, ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਗੁਰਬਾਣੀ ਨੇ ਸੁਹਾਗਣ ਤੇ ਦੁਹਾਗਣ ਨਾਰੀ ਦੀ ਸਥਿਤੀ ਤੇ ਕਿਰਦਾਰ ਵਿਚਕਾਰ ਇਕ ਸਿੱਧੀ ਰੇਖਾ ਖਿੱਚੀ ਹੋਈ ਹੈ । 'ਸੁਹਾਗਣ' ਉਹ ਹੈ, ਜਿਸ ਦਾ ਪਤੀ ਜਿਊਂਦਾ ਹੈ ਅਤੇ ਉਹ ਉਸਨੂੰ ਭਾਉਂਦੀ ਹੈ । 'ਦੁਹਾਗਣ' ਦਾ ਸੰਕਲਪ, ਇਸ ਦੇ ਐਨ ਉਲਟ ਹੈ । 'ਸੁਹਾਗਣ' ਨਾਰੀ ਦੀ ਸ੍ਰੇਸ਼ਟਤਾ ਨੂੰ ਇਸ ਲਈ ਉਭਾਰਿਆ ਗਿਆ ਹੈ ਕਿਉਂਕਿ ਉਸਦਾ ਸਮਾਜਕ-ਆਰਥਕਤਾ (Social economy) ਵਿਚ ਬਹੁਤ ਵੱਡਾ ਰੋਲ ਹੈ । ਉਹ ਪੁਸ਼ਤਾਂ ਨੂੰ ਜਨਮ ਦਿੰਦੀ ਹੈ ਅਤੇ ਇਸੇ ਅਧਾਰ ਤੇ ਸੰਸਾਰ ਦਾ ਸਿਲਸਿਲਾ ਚਲਦਾ ਰਹਿੰਦਾ ਹੈ । ਇਸਦੇ ਮੁਕਾਬਲੇ ਵਿਚ ਦੁਹਾਗਣ ਦਾ ਸਮਾਜਕ-ਆਰਥਕਤਾ ਵਿਚ ਕੋਈ ਵੱਡਾ ਰੋਲ ਨਹੀਂ ਮੰਨਿਆ ਗਿਆ । ਇਸੇ ਕਰਕੇ ਉਹ ਤਿਆਗਣਯੋਗ ਤੇ ਨਿੰਦਣਯੋਗ ਮੰਨੀ ਗਈ ਹੈ ।

ਇਸ ਪ੍ਰਸੰਗ ਵਿਚ ਜਦੋਂ ਅਸੀਂ ਇਨ੍ਹਾਂ ਸਵੈ-ਜੀਵਨੀਆਂ ਵਿਚ ਪੇਸ਼ ਨਾਰੀ ਨੂੰ ਸਮਝਣ ਦਾ ਯਤਨ ਕਰਦੇ ਹਾਂ ਤਾਂ ਸਥਿਤੀ ਨਾ-ਖੁਸ਼ਗਵਾਰ ਸਾਬਤ ਹੁੰਦੀ ਹੈ । ਇਹ ਨਾਰੀ ਸਥਾਪਤ ਪ੍ਰਤੀਮਾਨਾਂ ਨੂੰ ਤੱਜਦੀ ਹੈ, ਕੇਵਲ ਆਜ਼ਾਦ ਜੀਵਨ ਜੀਊਣ ਦੀ ਲਾਲਸਾ ਹਿੱਤ । ਸਮਾਜਕ ਤੌਰ 'ਤੇ ਉਹ ਕੁਝ ਚੇਤੰਨ ਤਾਂ ਜ਼ਰੂਰ ਹੈ, ਪਰ, ਉਸਦੀ ਇਹ ਚੇਤੰਨਤਾ ਕਿਸੇ ਵਿਚਾਰਧਾਰਾ ਜਾਂ ਜੀਵਨ-ਦਰਸ਼ਨ ਉਪਰ ਅਧਾਰਿਤ ਨਹੀਂ । ਇਸੇ ਕਰਕੇ ਉਹ ਦੁੱਖ ਭੋਗਦੀ ਜਾਂ ਫਿਰ ਇਕੱਲਤਾ, ਉਪਰਾਮਤਾ ਤੇ ਵਿਸ਼ਾਦ ਦਾ ਸ਼ਿਕਾਰ ਹੋ ਕੇ ਰਹਿ ਜਾਂਦੀ ਹੈ । ਇਸ ਜੀਵਨ-ਅਨੁਭਵ 'ਚੋਂ ਜੋ ਉਹ ਸਿਰਜਦੀ ਹੈ—ਉਹ ਉਸਦੇ ਆਪੇ ਦਾ ਹੀ ਵਿਸਥਾਪਤ (deconstructed) ਰੂਪ ਹੀ ਹੁੰਦਾ ਹੈ, ਬਸ । ਇਸ ਤੋਂ ਵੱਧ ਕੁਝ ਨਹੀਂ । ਇਸ ਵਿਚਾਰ ਦੀ ਪੁਸ਼ਟੀ ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ ਤੇ ਅਜੀਤ ਕੌਰ ਦੀਆਂ ਦੂਸਰੀਆਂ ਰਚਨਾਵਾਂ ਨੂੰ ਪੜ੍ਹਨ ਨਾਲ ਸਹਿਜੇ ਹੀ ਹੋ ਜਾਂਦੀ ਹੈ । ਇਨ੍ਹਾਂ ਤਿੰਨਾਂ ਲੇਖਿਕਾਵਾਂ ਦੀਆਂ ਕੁਝ ਕੁ ਰਚਨਾਵਾਂ ਨੂੰ ਛੱਡ ਕੇ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬਾਕੀ ਦੀਆਂ ਸਾਰੀਆਂ ਰਚਨਾਵਾਂ ਇਨ੍ਹਾਂ ਦੀਆਂ ਸਵੈ-ਜੀਵਨੀਆਂ ਦਾ ਹੀ ਵਿਸਥਾਪਤ ਰੂਪ ਕਹਿਣ ਵਿਚ ਕੋਈ ਹਰਜ਼ ਮਹਿਸੂਸ ਨਹੀਂ ਹੁੰਦਾ। ਇਹ ਸਾਰਾ ਸਾਹਿਤ ਮੈਂਟਲ ਸਾਲੀਚਿਊਡ (mental solitude) 'ਚੋਂ ਨਹੀਂ ਉਪਜਿਆ, ਸਗੋਂ ਦੁਫਾੜ ਤੇ ਤੇ ਖੰਡ ਖੰਡ ਹੋ ਕੇ ਬਿਖਰੀ ਮਾਨਸਿਕਤਾ ਦੀ ਸਿਰਜਣਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਸਤਕ ਸੂਚੀ

ਪੰਜਾਬੀ :

ਅਜੀਤ ਕੌਰ : **ਖ਼ਾਨਾਬਦੋਸ਼**
ਨਵਯੁੱਗ ਪਬਲਿਸ਼ਰਜ਼, ਦਿੱਲੀ, 1982.

ਪ੍ਰੀਤਮ, ਅੰਮ੍ਰਿਤਾ : **'ਰਸੀਦੀ ਟਿਕਟ'**
ਨਾਗਮਣੀ ਪ੍ਰਕਾਸ਼ਨ, ਨਵੀਂ ਦਿੱਲੀ, 1976.

ਸਿੰਗਲ, ਓਮ ਪ੍ਰਕਾਸ਼ (ਡਾ:) : **'ਸਾਹਿਤ ਦੇ ਨਵੇਂ ਰੂਪ'**
ਪੰਜਾਬੀ ਰਾਈਟਰਜ਼ ਕੋਆਪਰੇਟਿਵ ਇੰਡਸ-ਟ੍ਰੀਅਲ ਸੁਸਾਇਟੀ, ਲਿਮਿਟਿਡ, ਨਵੀਂ ਦਿੱਲੀ, 1983.

ਕੰਵਰ, ਤਰਲੋਕ ਸਿੰਘ (ਡਾ:) : **'ਸੰਚਾਰ ਸਭਿਆਚਾਰ'**
ਲਾਹੌਰ ਬੁਕ ਸ਼ਾਪ, ਲੁਧਿਆਣਾ, 1986.

ਜੱਗੀ, ਰਤਨ ਸਿੰਘ (ਡਾ:) : **'ਪੰਜਾਬੀ ਸਵੈ-ਜੀਵਨੀ ਸਾਹਿਤ : ਇਕ ਮੁਲਾਂਕਣ'**
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1986.

ਟਿਵਾਣਾ, ਦਲੀਪ ਕੌਰ : **'ਨੰਗੇ ਪੈਰਾਂ ਦਾ ਸਫ਼ਰ'**
ਨਾਗਮਣੀ ਪ੍ਰਕਾਸ਼ਨ, ਨਵੀਂ ਦਿੱਲੀ, 1980.

ਦੁਲੇ, ਨਰਿੰਦਰ : **'ਪੰਜਾਬੀ ਵਿਚ ਜੀਵਨੀ ਸਾਹਿੱਤ'**
ਰਵੀ ਸਾਹਿੱਤ ਪ੍ਰਕਾਸ਼ਨ, ਅੰਮ੍ਰਿਤਸਰ, 1980.

ਮਨਜੀਤ ਸਿੰਘ (ਡਾ:) : **'ਜਨਮਸਾਖੀ/ਮਿਥ-ਵਿਗਿਆਨ'**
ਪ੍ਰਿੰਸ ਸਾਹਿਤ ਪ੍ਰਕਾਸ਼ਨ, ਨਵੀਂ ਦਿੱਲੀ, 1982.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਨਜੀਤ ਸਿੰਘ (ਡਾ:) : **'ਦ੍ਰਿਸ਼ਟੀ-ਬਿੰਦੂ'**
ਪ੍ਰਿੰਸ ਸਾਹਿਤ ਪ੍ਰਕਾਸ਼ਨ, ਨਵੀਂ ਦਿੱਲੀ, 1985-86.

ਮਨਿੰਦਰਜੀਤ ਕੌਰ : **'ਅਜੀਤ ਕੌਰ : ਗੁਲਬਾਨੋ ਤੋਂ ਮੌਤ ਅਲੀ ਬਾਬੇ ਦੀ ਤੱਕ'**
ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ, ਲਿਮਿਟਿਡ, ਲੁਧਿਆਣਾ; 1986.

ਰਾਜਿੰਦਰ ਕੌਰ (ਡਾ:) : **'ਸਮੀਖਿਆ ਸਭਿਆਚਾਰ'**
ਵਿਵੀਅਨ ਏਕਤਾ ਪਬਲੀਕੇਸ਼ਨ, ਦਿੱਲੀ 1987.

English Books, Dictionaries and Encyclopaedias :

Adil, Leon; *'Literary Biography'*
Pupert Hart Davis, London, 1957.,

Pascal, Roy; *'Design and Truth in Auto-biography'*
Routledge and Kegan Paul, London, 1960.

'Dictionary of Literary Terms'
(Ed. by Hary Shaw)

'Dictionary of World Literary Terms'
(Ed. by joseph Shipley), George Allen & Unwin Ltd., London, 1970.

'The Oxford English Dictionary' (Vol. 1.)
Oxford University Press, London, 1961.

'Encyclopaedia Britannica' (Vol. 2)
Encyclopaedia Britannnica' Inc, 1971.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਰਸਾਲੇ ਤੇ ਕੋਸ਼ :

'ਖੋਜ ਦਰਪਣ' ਪੰਜਾਬੀ ਭਾਸ਼ਾ ਸਾਹਿਤ ਤੇ ਸਭਿਆਚਾਰ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ.

'ਪੰਜਾਬੀ ਦੁਨੀਆਂ' ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਜੁਲਾਈ-ਅਗਸਤ, 1985.

; ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਅਗਸਤ-ਨਵੰਬਰ, 1982.

ਪੰਜਾਬੀ ਸਾਹਿੱਤ ਕੋਸ਼ (ਭਾਗ ਪਹਿਲਾ) : ਪੰਜਾਬੀ ਯੂਨੀਵਰਸਿਟੀ, ਪਟਿਆਲਾ, 1971.

ਮਹਾਨ ਕੋਸ਼ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਤੀਜੀ ਜਿਲਦ, 1974.

ਹਿੰਦੀ :

ਰਾਮਦੀਨ, ਸੀਤਾ (ਡਾ:); **ਸਾਹਿਤਯਾਲੋਚਨ : ਸਿਧਾਂਤ ਔਰ ਅਧਿਅਨ** ਅਨੂਪਮ ਪ੍ਰਕਾਸ਼ਨ, ਪਟਨਾ, 1971.

ਖੰਨਾ, ਸ਼ਾਂਤੀ (ਡਾ:); **ਆਧੁਨਿਕ ਹਿੰਦੀ ਕਾ ਜੀਵਨੀ ਪਰਕ ਸਾਹਿਤਯ** ਸੀਮਾਰਗ ਪ੍ਰਕਾਸ਼ਨ, ਦਿੱਲੀ, 1973.

Forwarded free of cost, and with the compliments of the Department of Education, Government of India, New Delhi.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GU K LIBRARY
Acc
Cl
Any Other

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar